# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਪਹਿਲਾ — ਲੋਕ ਪ੍ਰਸ਼ਾਸ਼ਨ

ਪੇਪਰ : (ਭਾਰਤੀ ਪ੍ਰਸ਼ਾਸ਼ਨ) — ਸਮੈਸਟਰ ਦੂਜਾ

ਮੀਡੀਅਮ : ਪੰਜਾਬੀ — ਯੂਨਿਟ : 1

ਪਾਠ ਨੰ.


1.1 : ਭਾਰਤੀ ਪ੍ਰਸ਼ਾਸਕੀ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ

1.2 : ਸੰਘ-ਰਾਜ ਸਬੰਧ-ਪ੍ਰਸ਼ਾਸਕੀ ਅਤੇ ਵਿਧਾਨਕਾਰੀ

1.3 : ਭਾਰਤ ਦਾ ਰਾਸ਼ਟਰਪਤੀ

1.4 : ਭਾਰਤ ਦਾ ਪ੍ਰਧਾਨ ਮੰਤਰੀ : ਪ੍ਰਧਾਨ ਮੰਤਰੀ ਦਾ ਦਫ਼ਤਰ

1.5 : ਸੰਘੀ ਮੰਤਰੀ ਪਰਿਸ਼ਦ

1.6 : ਭਾਰਤੀ ਸੰਸਦ



***Department website : www.pbidde.org***

ਪਾਠ ਨੰ: 1.1

# ਭਾਰਤੀ ਪ੍ਰਸ਼ਾਸਕੀ ਪ੍ਰਣਾਲੀ ਦੀਆਂ ਵਿਸ਼ੇਸ਼ਤਾਈਆਂ
## (Salient Features of Indian Administrative System)

**ਬਣਤਰ**

1 : 0 ਮੰਤਵ
1 : 1 ਭੂਮਿਕਾ
1 : 2 ਮੁੱਖ ਵਿਸ਼ੇਸ਼ਤਾਈਆਂ
1 : 3 ਸਾਰੰਸ਼
1 : 4 ਸ਼ਬਦਾਵਲੀ
1 : 5 ਸੁਝਾਈਆਂ ਗਈਆਂ ਪੁਸਤਕਾਂ
1 : 6 ਆਪਣੀ ਪ੍ਰਗਤੀ ਲਈ ਦਿਤੇ ਉੱਤਰਾਂ ਦੀ ਪੱਰਖ

1 : 0 ਮੰਤਵ :- ਇਸ ਅਧਿਆਏ ਦਾ ਅਧਿਐਨ ਕਰਨ ਤੋਂ ਬਾਅਦ ਤੁਸੀ ਭਾਰਤੀ ਪ੍ਰਸ਼ਾਸਕੀ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਨੂੰ ਚੰਗੀ ਤਰ੍ਹਾਂ ਸਮਝ ਸਕੋਗੇ

1 : 1 **ਭੂਮਿਕਾ** :- ਭਾਰਤ ਭਾਵੇਂ ਸਦੀਆਂ ਦੀ ਗੁਲਾਮੀ ਤੋਂ ਬਾਅਦ 15 ਅਗਸਤ 1947 ਨੂੰ ਸੁਤੰਤਰ ਹੋਇਆ ਸੀ ਪ੍ਰੰਤੂ ਇਹ ਸੁਤੰਤਰਤਾ ਭਾਰਤ ਵਾਸੀਆਂ ਲਈ ਸੰਪੂਰਨ ਨਹੀਂ ਸੀ ਕਿਉਂਕਿ ਅਜੇ ਦੇਸ਼ ਵਾਸੀਆਂ ਕੋਲ ਆਪਣਾ ਬਣਾਇਆ ਹੋਇਆ ਕੋਈ ਸੰਵਿਧਾਨ ਨਹੀਂ ਸੀ। 1947 ਦੇ ਭਾਰਤੀ ਸੁਤੰਤਰਤਾ ਕਾਨੂੰਨ (Indian Independence Act, 1947) ਵਿਚ ਬਰਤਾਨਵੀ ਸੰਸਦ ਨੇ ਇਹ ਸਪਸ਼ਟ ਤੌਰ ਤੇ ਵਿਵਸਥਾ ਕੀਤੀ ਸੀ ਕਿ ਜਦੋਂ ਤੱਕ ਭਾਰਤ ਅਤੇ ਪਾਕਿਸਤਾਨ ਦੀਆਂ ਸੰਵਿਧਾਨ ਸਭਾਵਾਂ ਆਪਣੇ-ਆਪਣੇ ਨਵੇਂ ਸੰਵਿਧਾਨ ਦਾ ਨਿਰਮਾਣ ਨਹੀਂ ਕਰ ਲੈਂਦੀਆਂ, ਉਦੋਂ ਤੱਕ ਇਹਨਾਂ ਦੋਹਾਂ ਅਧਿਰਾਜਾਂ (Dominions) ਵਿਚ 1935 ਦਾ ਭਾਰਤ ਸਰਕਾਰ ਕਾਨੂੰਨ (Government of India Act, 1935) ਦੀਆਂ ਧਾਰਾਵਾਂ ਲਾਗੂ ਰਹਿਣਗੀਆਂ। ਭਾਰਤੀ ਸੰਵਿਧਾਨ ਸਭਾ ਦੀ ਸਥਾਪਨਾ ਨਵੰਬਰ 1946 ਵਿਚ ਕੀਤੀ ਗਈ ਸੀ ਅਤੇ 29 ਅਗਸਤ 1947 ਨੂੰ ਮਸੌਦਾ ਕਮੇਟੀ ਦੀ ਸਥਾਪਨਾ ਡਾ.ਬੀ.ਆਰ. ਅੰਬੇਦਕਰ (B.R. Ambedkar) ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਕਮੇਟੀ ਨੇ ਸੰਵਿਧਾਨ ਦਾ ਖਰੜਾ ਤਿਆਰ ਕਰਕੇ 21 ਫਰਵਰੀ 1948 ਨੂੰ ਸੰਵਿਧਾਨ ਸਭਾ ਸਾਹਮਣੇ ਪੇਸ਼ ਕਰ ਦਿਤਾ ਜਿਸ ਵਿਚ ਜ਼ਰੂਰੀ ਸੋਧਾਂ ਤੋਂ ਬਾਅਦ ਸੰਵਿਧਾਨ ਸਭਾ ਨੇ ਇਸ ਨੂੰ 25 ਨਵੰਬਰ 1949 ਨੂੰ ਪ੍ਰਵਾਨ ਕਰ ਲਿਆ। ਪ੍ਰੰਤੂ ਭਾਰਤੀ ਸੰਵਿਧਾਨ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਹਾੜਾ ਇਸ ਸ਼ੁਭ ਕਾਰਜ ਲਈ ਇਸ ਲਈ ਚੁਣਿਆ ਗਿਆ ਕਿਉਂਕਿ ਦਸੰਬਰ 1929 ਨੂੰ ਭਾਰਤਵਾਸੀਆਂ ਨੇ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕਾਂਗਰਸ ਦੀ ਅਗਵਾਈ ਅਧੀਨ ਪੂਰਨ ਸੁਤੰਤਰਤਾ ਪ੍ਰਾਪਤ ਕਰਨ ਲਈ ਪ੍ਰਣ ਕੀਤਾ ਸੀ ਅਤੇ ਹਰੇਕ ਸਾਲ 26 ਜਨਵਰੀ ਦਾ ਦਿਨ ਸੁਤੰਤਰਤਾ ਦਿਵਸ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ ਸੀ। ਭਾਰਤੀ ਸੰਵਿਧਾਨ ਨੂੰ ਸੰਪੂਰਨ ਪ੍ਰਭੂਤਾਧਾਰੀ ਲੋਕਤੰਤਰੀ ਗਣਰਾਜ (Sovereign Democratic Republic) ਘੋਸ਼ਿਤ ਕੀਤਾ ਗਿਆ।

1 : 2 **ਮੁੱਖ ਵਿਸ਼ੇਸ਼ਤਾਈਆਂ (Salient Features)** :- ਭਾਰਤ ਦੀ ਪ੍ਰਸ਼ਾਸਕੀ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਨਿਮਨਲਿਖਤ ਅਨੁਸਾਰ ਹਨ :-

1. **ਭੂਤਕਾਲ ਦੀ ਦੇਣ (Legacy of the Past)** :- ਬਰਤਾਨਵੀ ਸ਼ਾਸਨ ਪ੍ਰਣਾਲੀ ਦਾ ਭਾਰਤ ਦੀ

ਪ੍ਰਸ਼ਾਸਕੀ ਪ੍ਰਣਾਲੀ ਤੇ ਭਾਵੇਂ ਪ੍ਰਭਾਵ ਪ੍ਰਤੱਖ ਵਿਖਾਈ ਦਿੰਦਾ ਹੈ ਪ੍ਰੰਤੂ ਪੁਰਾਤਨ ਅਤੇ ਮੱਧਕਾਲ ਸਮੇਂ ਦੌਰਾਨ ਪ੍ਰਚਲਤ ਸੰਸਥਾਵਾਂ ਨੇ ਵੀ ਇਸਦੇ ਵਰਤਮਾਨ ਸਰੂਪ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਉਦਾਹਰਣ ਵਜੋਂ ਪੁਰਾਤਨ ਭਾਰਤ ਵਿਚ ਰਾਜਤੰਤਰ ਨਾਮੀ ਸੰਸਥਾ ਪ੍ਰਚਲਤ ਸੀ ਜਿਸਦਾ ਮੁੱਖੀ ਰਾਜਾ ਹੁੰਦਾ ਸੀ ਅਤੇ ਜਿਸਦੀ ਸਹਾਇਤਾ ਅਤੇ ਸਲਾਹ ਲਈ ਮੰਤਰੀ ਹੁੰਦੇ ਸਨ। ਇਸੇ ਤਰ੍ਹਾਂ ਦੇਸ਼ ਵਿਚ ਕੇਂਦਰੀਕਰਣ ਦੀ ਥਾਂ ਵਿਕੇਂਦਰੀਕਰਣ ਪ੍ਰਵ੍ਰਿਤੀ ਨੂੰ ਅਪਨਾਇਆ ਗਿਆ ਸੀ ਜਿਸ ਅਨੁਸਾਰ ਦੇਸ਼ ਨੂੰ ਅੱਗੇ ਪ੍ਰਾਂਤਾਂ ਅਤੇ ਸਥਾਨਕ ਖੇਤਰਾਂ (ਸ਼ਹਿਰੀ ਅਤੇ ਦਿਹਾਤੀ) ਵਿਚ ਵੰਡਿਆ ਗਿਆ ਸੀ। ਗਰਾਮ ਪੰਚਾਇਤ ਨੂੰ ਪ੍ਰਸ਼ਾਸਨ ਦੀ ਮੌਲਿਕ ਇਕਾਈ ਮੰਨਿਆ ਜਾਂਦਾ ਸੀ। ਆਧੁਨਿਕ ਲੋਕਤੰਤਰ ਵਿਚ ਵੀ ਉਪਰੋਕਤ ਸਾਰੀਆਂ ਪਧਤੀਆਂ ਨੂੰ ਅਪਨਾਇਆ ਗਿਆ ਹੈ ਜੋ ਕਿ ਆਪਣੇ ਕੰਮਾਂ ਲਈ ਲੋਕਾਂ ਨੂੰ ਜਵਾਬਦੇਹ ਹੁੰਦੀਆਂ ਹਨ।

ਭਾਰਤ ਵਿਚ ਮੁਗਲਕਾਲ ਸਮੇਂ ਸਮੁੱਚੀਆਂ ਸ਼ਕਤੀਆ ਦਾ ਸੋਮਾ ਰਾਜਾ ਹੁੰਦਾ ਸੀ। ਇਸ ਤਰ੍ਹਾਂ ਇਸ ਸਮੇਂ ਦੌਰਾਨ ਪ੍ਰਸ਼ਾਸਨ ਦਾ ਝੁਕਾਅ ਵਿਕੇਂਦਰੀਕਰਨ ਦੀ ਥਾਂ ਕੇਂਦਰੀਕਰਣ ਵਲ ਵਧੇਰੇ ਸੀ। ਇਸੇ ਤਰ੍ਹਾਂ ਦੀ ਵਿਵਸਥਾ ਬਰਤਾਨੀਆਂ ਸ਼ਾਸਨ ਕਾਲ ਸਮੇਂ ਈਸਟ ਇੰਡੀਆ ਕੰਪਨੀ (East India Company) ਨੇ ਕਾਇਮ ਰੱਖਣ ਵਿਚ ਕਾਫ਼ੀ ਸਹਾਇਤਾ ਕੀਤੀ। 1857 ਵਿਚ ਆਜ਼ਾਦੀ ਦੀ ਪਹਿਲੀ ਲੜਾਈ ਤੋਂ ਬਾਅਦ ਭਾਰਤ ਵਿਚ ਸ਼ਾਸਨ ਕਰਨ ਦੀ ਸ਼ਕਤੀ ਇੰਗਲੈਂਡ ਦੀ ਮਹਾਰਾਣੀ ਦੇ ਅਧੀਨ ਆ ਗਈ। ਇਸ ਸਮੇਂ ਦੌਰਾਨ ਭਾਵੇਂ ਅੰਗਰੇਜ਼ ਸ਼ਾਸਕਾਂ ਨੇ ਆਪਣੇ ਸ਼ਾਸਨ ਨੂੰ ਮਜ਼ਬੂਤ ਕਰਨ ਲਈ ਕੇਂਦਰੀਕਰਣ ਪ੍ਰਣਾਲੀ ਦਾ ਤਿਆਗ ਨਹੀਂ ਕੀਤਾ ਬਲਕਿ ਰਾਸ਼ਟਰੀ ਅੰਦੋਲਨ ਦੇ ਪ੍ਰਭਾਵ ਅਧੀਨ ਪ੍ਰਚਲਤ ਪ੍ਰਣਾਲੀ ਵਿਚ ਸੁਧਾਰ ਕਰਨੇ ਪਏ ਜਿਸ ਨਾਲ ਵਿਕੇ ਂਦਰੀਕਰਣ ਵਿਵਸਥਾ ਨੂੰ ਉਤਸ਼ਾਹ ਮਿਲਿਆ।

ਬਰਤਾਨਵੀ ਸ਼ਾਸਨ ਕਾਲ ਸਮੇਂ ਜਿਲ੍ਹੇ ਨੂੰ ਇਕ ਮੁੱਖ ਇਕਾਈ ਦੇ ਤੌਰ ਤੇ ਅਪਨਾਇਆ ਗਿਆ ਜਿਸਦਾ ਮੁੱਖੀ ਕੁਲੈਕਟਰ (Collector) ਹੁੰਦਾ ਸੀ ਜੋ ਮੁੱਖ ਤੌਰ ਤੇ ਮਾਲੀਆ ਇਕੱਠਾ ਕਰਨ ਅਤੇ ਜ਼ਿਲੇ ਵਿਚ ਅਮਨ-ਚੈਨ ਦੀ ਸਥਿਤੀ ਕਾਇਮ ਰਖਣ ਲਈ ਜ਼ਿੰਮੇਵਾਰ ਸੀ। ਜਿਲ੍ਹੇ ਨੂੰ ਅਗੇ ਤਹਿਸੀਲਾਂ ਵਿਚ ਵੰਡਿਆ ਜਾਂਦਾ ਸੀ। ਦੇਸ਼ ਦੇ ਸ਼ਾਸਨ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਸੰਗਠਿਤ ਸਿਵਲ ਸੇਵਾਵਾਂ ਦੀ ਸਥਾਪਨਾ ਕੀਤੀ ਗਈ ਅਤੇ ਪ੍ਰਸ਼ਾਸਨ ਨੂੰ ਪਦਵੀ ਤਰਤੀਬ ਦੇ ਸਿਧਾਂਤ ਅਨੁਸਾਰ ਸੰਗਠਿਤ ਕੀਤਾ ਗਿਆ। ਇਸਤੋਂ ਇਲਾਵਾ ਸਥਾਨਕ ਸਰਕਾਰ (ਸ਼ਹਿਰੀ ਅਤੇ ਦਿਹਾਤੀ) ਦੀ ਨਵੇਂ ਸਿਰਿਉਂ ਸਥਾਪਨਾ ਕੀਤੀ ਗਈ। ਉਪਰੋਕਤ ਦਰਸਾਈਆਂ ਵਿਸ਼ੇਸ਼ਤਾਈਆਂ ਭਾਰਤ ਦੇ ਵਰਤਮਾਨ ਪ੍ਰਸ਼ਾਸਕੀ ਢਾਂਚੇ ਵਿਚ ਪਾਈਆਂ ਜਾਂਦੀਆਂ ਹਨ।

2. **ਕੇਂਦਰੀਕਰਨ ਅਤੇ ਵਿਕੇਂਦਰੀਕਰਨ ਦੀ ਵਿਲਖਣਤਾ (Uniqueness of Centralisation and Decentralisation)** :- ਭਾਰਤੀ ਪ੍ਰਸ਼ਾਸਨ ਨਾ ਤਾਂ ਪੂਰਨ ਤੌਰ ਤੇ ਕੇਂਦਰੀਕ੍ਰਿਤ ਹੈ ਅਤੇ ਨਾ ਹੀ ਵਿਕੇਂਦਰੀਕ੍ਰਿਤ, ਸਗੋਂ ਦੋਹਾਂ ਦਾ ਸ਼ਾਨਦਾਰ ਸੁਮੇਲ ਹੈ। ਭਾਰਤੀ ਸੰਵਿਧਾਨ ਵਿਚ 'ਸੰਘ' ਸ਼ਬਦ ਦੀ ਵਰਤੋਂ ਭਾਵੇਂਕਿਤੇ ਵੀ ਨਹੀਂ ਕੀਤੀ ਗਈ ਹੈ ਪ੍ਰੰਤੂ ਕਈ ਲੇਖਕਾਂ ਦਾ ਵਿਚਾਰ ਹੈ ਕਿ ਭਾਰਤੀ ਸੰਵਿਧਾਨ ਸੰਘ ਸਰਕਾਰ ਦੀ ਸਥਾਪਨਾ ਕਰਦਾ ਹੈ ਕਿਉਂਕਿ ਇਸ ਵਿੱਚ ਉਹ ਸਾਰੇ ਤੱਤ ਮੌਜੂਦ ਹਨ ਜੋ ਸੰਘਾਤਮਕ ਸਰਕਾਰ ਵਿਚ ਹੋਣੇ ਜ਼ਰੂਰੀ ਹਨ। ਸੰਵਿਧਾਨ. ਨੇ ਦੋਹਰੀ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ। ਭਾਰਤੀ ਸੰਵਿਧਾਨ ਵਿਚ ਕੇਂਦਰ ਸਰਕਾਰ ਤੋਂ ਇਲਾਵਾ 28 ਰਾਜਾਂ ਦੀ ਵਿਵਸਥਾ ਕੀਤੀ ਗਈ ਹੈ। ਇਹੋ ਕਾਰਨ ਹੈ ਕਿ ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜਾਂ ਵਿਚ ਸ਼ਕਤੀਆਂ ਦੀ ਵੰਡ ਸੰਬੰਧੀ ਸੰਵਿਧਾਨ ਵਿਚ ਤਿੰਨ ਸੂਚੀਆਂ ਅੰਕਿਤ ਹਨ। ਸੰਘ ਸੂਚੀ (Union List), ਰਾਜ ਸੂਚੀ (State List) ਅਤੇ ਸਮਵਰਤੀ ਸੂਚੀ (Concurrent List)। ਸੰਘ ਸੂਚੀ ਵਿਚ ਰਾਸ਼ਟਰੀ ਮਹੱਤਤਾ ਵਾਲੇ 97 ਵਿਸ਼ਿਆਂ ਉੱਤੇ ਕੇਂਦਰੀ ਸੰਸਦ, ਰਾਜ ਸੂਚੀ ਵਿਚ ਅੰਕਿਤ ਸਥਾਨਕ ਮਹੱਤਤਾ ਵਾਲੇ 66 ਵਿਸ਼ਿਆਂ ਉੱਤੇ ਰਾਜ ਵਿਧਾਨ ਮੰਡਲ ਅਤੇ ਸਮਵਰਤੀ ਸੂਚੀ ਵਿਚ ਅੰਕਿਤ ਸਾਂਝੀ ਮਹੱਤਤਾ ਵਾਲੇ 47 ਵਿਸ਼ਿਆਂ ਉੱਤੇ ਕੇਂਦਰੀ ਸੰਸਦ ਅਤੇ ਰਾਜ ਵਿਧਾਨ ਮੰਡਲ ਦੋਨੋਂ ਹੀ ਕਾਨੂੰਨ ਦਾ ਨਿਰਮਾਣ ਕਰ ਸਕਦੇ ਹਨ। ਦੂਜਾ ਭਾਰਤੀ ਪ੍ਰਸ਼ਾਸਨ ਦਾ ਨਿਰਮਾਣ ਦੇਸ਼ ਦੇ ਸੰਵਿਧਾਨ ਅਨੁਸਾਰ ਕੀਤਾ ਗਿਆ ਹੈ ਅਤੇ

ਇਸੇ ਲਈ ਪ੍ਰਸ਼ਾਸਨ ਵਿਚ ਸੰਵਿਧਾਨ ਨੂੰ ਸਰਵ-ਉੱਚਤਾ ਪ੍ਰਦਾਨ ਕੀਤੀ ਗਈ ਹੈ। ਤੀਜਾ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕੇਵਲ ਸੰਵਿਧਾਨ ਦੀ ਵਿਆਖਿਆਕਾਰ ਅਤੇ ਰੱਖਿਅਕ ਦੇ ਤੌਰ ਤੇ ਹੀ ਨਹੀਂ ਕੀਤੀ ਗਈ ਸਗੋਂ ਕੇਂਦਰ ਅਤੇ ਰਾਜਾਂ ਵਿਚ ਉਤਪੰਨ ਹੋਣ ਵਾਲੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਵੀ ਕੀਤੀ ਗਈ ਹੈ।

ਭਾਰਤੀ ਸੰਵਿਧਾਨ ਵਿਚ ਸੰਘਾਤਮਕ ਵਿਸ਼ੇਸ਼ਤਾਈਆਂ ਹੋਣ ਦੇ ਬਾਵਜੂਦ ਇਸਦਾ ਝੁਕਾਅ ਇਕਾਤਮਕ ਵਲ ਵਧੇਰੇ ਹੈ। ਭਾਰਤੀ ਸੰਵਿਧਾਨ ਵਿਚ ਅਨੇਕਾਂ ਅਜਿਹੀਆਂ ਵਿਸ਼ੇਸ਼ਤਾਈਆਂ ਹਨ ਜੋ ਇਸਦੇ ਇਕਾਤਮਕ ਹੋਣ ਦਾ ਪ੍ਰਮਾਣ ਦਿੰਦੀਆਂ ਹਨ ਜਿਵੇਂ ਕਿ (i) ਸ਼ਕਤੀਆਂ ਦੀ ਵੰਡ ਰਾਜਾਂ ਦੇ ਮੁਕਾਬਲੇ ਕੇਂਦਰ ਦੇ ਪੱਖ ਵਿਚ ਵਧੇਰੇ ਹੈ। (ii) ਰਾਜਾਂ ਦੇ ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਅਤੇ ਉਹ ਉਸਦੀ ਖੁਸ਼ੀ ਤੱਕ ਆਪਣੇ ਪੱਦ ਉੱਤੇ ਬਿਰਾਜਮਾਨ ਰਹਿ ਸਕਦੇ ਹਨ।

(iii) ਸੰਵਿਧਾਨ ਦੇ ਅਨੁਛੇਦ 256 ਵਿਚ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਰਾਜ ਨੂੰ ਆਪਣੀ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਜਿਸ ਨਾਲ ਸੰਸਦ ਦੁਆਰਾ ਬਣਾਏ ਕਾਨੂੰਨਾਂ ਦੀ ਪਾਲਣਾ ਹੋ ਸਕੇ। ਇਸ ਸੰਬੰਧੀ ਸੰਘ ਸਰਕਾਰ ਰਾਜ ਸਰਕਾਰਾਂ ਨੂੰ ਹਦਾਇਤ ਜਾਰੀ ਕਰ ਸਕਦੀ ਹੈ। ਇਸੇ ਤਰ੍ਹਾਂ ਅਨੁਛੇਦ 257 ਦੇ ਅਨੁਸਾਰ ਸਪਸ਼ਟ ਕੀਤਾ ਗਿਆ ਹੈ ਕਿ ਹਰੇਕ ਰਾਜ ਆਪਣੀ ਕਾਰਜਕਾਰੀ ਸ਼ਕਤੀ ਦੀ ਵਰਤੋਂ ਇਸ ਢੰਗ ਨਾਲ ਕਰੇਗਾ ਕਿ ਜਿਸ ਨਾਲ ਸੰਘ ਸਰਕਾਰ ਦੀਆਂ ਕਾਰਜਕਾਰੀ ਸ਼ਕਤੀਆਂ ਵਿਚ ਕੋਈ ਰੁਕਾਵਟ ਨਾ ਆਵੇ।

(iv) ਅਨੁਛੇਦ 352 ਅਧੀਨ ਸੰਕਟਕਾਲ ਦੀ ਘੋਸ਼ਣਾ ਹੋਣ ਦੇ ਨਾਲ ਹੀ ਦੇਸ਼ ਦਾ ਸੰਘਾਤਮਕ ਢਾਂਚਾ ਇਕਾਤਮਕ ਸ਼ਾਸਨ ਪ੍ਰਣਾਲੀ ਵਿਚ ਤਬਦੀਲ ਹੋ ਜਾਂਦਾ ਹੈ। ਇਸ ਤਰ੍ਹਾਂ ਸਮੁੱਚੇ ਦੇਸ਼ ਵਿਚ ਕੇਂਦਰ ਸਰਕਾਰ ਦੇ ਨਿਰਦੇਸ਼ ਜਾਰੀ ਹੁੰਦੇ ਹਨ ਅਤੇ ਕੋਈ ਰਾਜ ਸਰਕਾਰ ਅਜਿਹੇ ਨਿਰਦੇਸ਼ਾਂ ਦੀ ਉਲੰਘਣਾ ਨਹੀਂ ਕਰ ਸਕਦੀ।

(v) ਅਨੁਛੇਦ 356 ਅਨੁਸਾਰ ਜੇਕਰ ਕਿਸੇ ਰਾਜ ਦੀ ਸੰਵਿਧਾਨਕ ਮਸ਼ੀਨਰੀ ਅਸਫਲ ਹੋ ਜਾਵੇ ਤਾਂ ਰਾਸ਼ਟਰਪਤੀ ਉਸ ਰਾਜ ਦੇ ਪ੍ਰਸ਼ਾਸਨ ਨੂੰ ਆਪਣੇ ਹਥਾਂ ਵਿਚ ਲੈ ਸਕਦਾ ਹੈ।

(vi) ਰਾਜਾਂ ਵਿਚ ਪ੍ਰਸਪਰ ਸਹਿਯੋਗ ਅਤੇ ਉਹਨਾਂ ਵਿਚਕਾਰ ਆਪਸੀ ਝਗੜਿਆਂ ਦਾ ਨਿਪਟਾਰਾ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਕੋਲ ਹੈ। ਇਸ ਮੰਤਵ ਲਈ ਰਾਸ਼ਟਰਪਤੀ ਅੰਤਰ-ਰਾਜੀ ਪ੍ਰੀਸ਼ਦ (Inter-State Council) ਦੀ ਸਥਾਪਨਾ ਕਰ ਸਕਦਾ ਹੈ।

(vii) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਲਈ ਰਾਸ਼ਟਰਪਤੀ ਰਾਜ ਸਰਕਾਰਾਂ ਨੂੰ ਆਦੇਸ਼ ਜਾਰੀ ਕਰ ਸਕਦਾ ਹੈ।

(viii) ਸਰਵ-ਭਾਰਤੀ ਸੇਵਾਵਾਂ (All India Services) ਜਿਵੇਂ ਕਿ ਭਾਰਤੀ ਪ੍ਰਸ਼ਾਸਕੀ ਸੇਵਾ (I.A.S.) ਅਤੇ ਭਾਰਤੀ ਪੁਲਿਸ ਸੇਵਾ (I.P.S.) ਦੀ ਨਿਯੁਕਤੀ ਕੇਂਦਰ ਸਰਕਾਰ ਦੁਆਰਾ ਕੀਤੀ ਜਾਦੀ ਹੈ ਪ੍ਰੰਤੂ ਉਹ ਰਾਜਾਂ ਵਿਚ ਉੱਚ ਪਦਵੀਆਂ ਤੇ ਬਿਰਾਜਮਾਨ ਹੁੰਦੇ ਹਨ।

(x) ਕੇਂਦਰ ਅਤੇ ਰਾਜਾਂ ਦੇ ਲੇਖਿਆਂ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਕੰਪਟਰੋਲਰ ਅਤੇ ਆਡੀਟਰ ਜਨਰਲ (Comptroller and Auditor General) ਦੀ ਹੁੰਦੀ ਹੋਅਤੇ ਇਸ ਅਧਿਕਾਰੀ ਦੀ ਨਿਯੁਕਤੀ ਵੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।

(xi) ਭਾਰਤ ਵਿਚ ਯੋਜਨਾਬੰਦੀ (Planning) ਕੇਂਦਰੀ ਵਿਸ਼ਾ ਹੈ। ਭਾਵੇਂ ਯੋਜਨਾਵਾਂ ਦਾ ਨਿਰਮਾਣ ਕਰਨ ਸਮੇਂ ਰਾਜ ਸਰਕਾਰਾਂ ਦੀ ਸਲਾਹ ਲਈ ਜਾਂਦੀ ਹੈ ਪ੍ਰੰਤੂ ਰਾਜ ਦੇ ਵਿਕਾਸ ਸੰਬੰਧੀ ਅੰਤਿਮ ਸ਼ਕਤੀ ਕੇਂਦਰ ਦੇ ਹੱਥਾਂ ਵਿਚ ਹੁੰਦੀ ਹੈ।

ਇਹਨਾਂ ਕਾਰਨਾਂ ਕਰਕੇ ਡਾਕਟਰ ਵੀਯਰ (Wheare) ਨੇ ਕਿਹਾ ਹੈ ਕਿ, "ਭਾਰਤੀ ਸੰਵਿਧਾਨ ਨੇ ਅਜਿਹੀ ਸਰਕਾਰ ਦੀ ਸਥਾਪਨਾ ਕੀਤੀ ਹੈ ਜੋ ਅਰਧ-ਸੰਘਾਤਮਕ ਹੈ। ਇਹ ਇਕਾਤਮਕ ਲੱਛਣਾਂ ਵਾਲਾ

ਸੰਘਾਤਮਕ ਰਾਜ ਨਹੀਂ, ਸਗੋਂ ਸੰਘਾਤਮਕ ਲੱਛਣਾਂ ਵਾਲਾ ਇਕਾਤਮਕ ਰਾਜ ਹੈ।"[1]

3. **ਲੋਕਰਾਜੀ ਪ੍ਰਸ਼ਾਸਨ (Democratic Administration)** :- ਭਾਰਤੀ ਪ੍ਰਸ਼ਾਸਨ ਦਾ ਸਰੂਪ ਸਤਾਧਾਰੀ ਨਾ ਹੋਕੇ ਲੋਕਤੰਤਰੀ ਸਿਧਾਂਤਾਂ ਉੱਤੇ ਆਧਾਰਿਤ ਹੈ। ਸੰਵਿਧਾਨ ਦੇ ਅਨੁਸਾਰ ਪ੍ਰਭੁਸੱਤਾ ਇਕ ਵਿਅਕਤੀ ਦੇ ਹੱਥ ਨਾ ਹੋਕੇ ਲੋਕਾਂ ਦੇ ਕੋਲ ਹੈ। ਦੇਸ਼ ਵਿਚ ਸੰਸਦੀ ਸ਼ਾਸਨ ਪ੍ਰਣਾਲੀ ਕੇਵਲ ਕੇਂਦਰ ਪੱਧਰ ਤੇ ਹੀ ਨਹੀਂ ਸਗੋਂ ਰਾਜ ਪੱਧਰ ਤੇ ਵੀ ਅਪਨਾਈ ਗਈ ਹੈ ਜਿਸ ਅਨੁਸਾਰ ਪ੍ਰਸ਼ਾਸਨ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਇਸੇ ਤਰ੍ਹਾਂ ਇਹਨਾਂ ਦੋਹਾਂ ਪਧਰਾਂ ਤੇ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਨੂੰ ਕਿਸੇ ਮੰਤਰੀ ਦੇ ਕੰਟਰੋਲ ਅਧੀਨ ਰਖਿਆ ਜਾਂਦਾ ਹੈ। ਹਰ ਵਿਭਾਗ ਮੰਤਰੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ ਅਤੇ ਅੰਤ ਕੇਂਦਰੀ ਮੰਤਰੀ ਵੀ ਆਪਣੇ ਕੰਮਾਂ ਲਈ ਸੰਸਦ ਪ੍ਰਤੀ ਅਤੇ ਰਾਜ ਪੱਧਰ ਦਾ ਮੰਤਰੀ ਰਾਜ ਵਿਧਾਨ ਮੰਡਲ ਪ੍ਰਤੀ ਜਵਾਬਦੇਹ ਹੁੰਦਾ ਹੈ। ਸਥਾਨਕ ਪੱਧਰ ਤੇ ਸਥਾਨਕ ਸਰਕਾਰ ਦੀ ਸਥਾਪਨਾ ਕੀਤੀ ਗਈ ਹੈ। ਸ਼ਹਿਰੀ ਖੇਤਰਾਂ ਲਈ ਨਗਰਪਾਲਿਕਾ ਅਤੇ ਦਿਹਾਤੀ ਖੇਤਰਾਂ ਲਈ ਪਿੰਡ ਪੱਧਰ ਤੇ ਗਰਾਮ ਪੰਚਾਇਤ ਦੀ ਸਥਾਪਨਾ ਕੀਤੀ ਗਈ ਹੈ। ਇਸ ਤਰ੍ਹਾ ਪਿੰਡ ਪੱਧਰ ਤੋਂ ਲੈਕੇ ਕੇਂਦਰੀ ਪੱਧਰ ਤੱਕ ਪ੍ਰਸ਼ਾਸਨ ਦੇ ਸਰੂਪ ਨੂੰ ਲੋਕਤੰਤਰੀ ਬਣਾਇਆ ਗਿਆ ਹੈ। ਅਜਿਹਾ ਪ੍ਰਸ਼ਾਸਨ ਲੋਕਾਂ ਦੇ ਸਵੈਮਾਨ ਵਿਚ ਵਾਧਾ ਕਰਦਾ ਹੈ।

4. **ਕਲਿਆਣਕਾਰੀ ਪ੍ਰਸ਼ਾਸਨ (Welfare Administration)** :- ਭਾਰਤੀ ਪ੍ਰਸ਼ਾਸਨ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾਈ ਇਹ ਹੈ ਕਿ ਇਸਦਾ ਸਰੂਪ ਪੁਲਿਸ ਰਾਜ ਵਾਲਾ ਨਾ ਹੋਕੇ ਕਲਿਆਣਾਕਾਰੀ ਰਾਜ ਵਾਲਾ ਹੈ। ਕਲਿਆਣਕਾਰੀ ਰਾਜ ਉਹ ਰਾਜ ਹੈ ਜਿਸ ਵਿਚ ਨਾਗਰਿਕਾਂ ਨੂੰ ਰੁਜ਼ਗਾਰ ਦਾ ਅਧਿਕਾਰ ਹੋਵੇ ਅਤੇ ਸਿਹਤ, ਧਨ ਅਤੇ ਵਿਹਲ ਸਮੇਂ ਲਈ ਘੱਟ ਤੋਂ ਘੱਟ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਏ। ਕਲਿਆਣਕਾਰੀ ਰਾਜ ਦੀ ਪਰਿਭਾਸ਼ਾ ਵੱਖ-ਵੱਖ ਵਿਚਾਰਕਾਂ ਨੇ ਆਪਣੇ-ਆਪਣੇ ਵਿਚਾਰਾਂ ਅਨੁਸਾਰ ਦਿੱਤੀ ਹੈ। ਕੁੱਝ ਪ੍ਰਸਿੱਧ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :-

ਮਿਸਟਰ ਹੋਬਮੈਨ (Hobman) ਦੇ ਅਨੁਸਾਰ, ''ਕਲਿਆਣਕਾਰੀ ਰਾਜ ਸਾਮਵਾਦ ਅਤੇ ਆਪ-ਹੁਦਰੇ ਵਿਅਕਤੀਵਾਦ ਦੇ ਵਿਚਕਾਰ ਇਕ ਸਮਝੌਤਾ ਹੈ ....... ਕਲਿਆਣਕਾਰੀ ਰਾਜ ਮਨੁੱਖੀ ਅਤੇ ਅਗਾਂਹ-ਵਧੂ ਸਮਾਜ ਦਾ ਇਕ ਨਮੂਨਾ ਪੇਸ਼ ਕਰਦਾ ਹੈ, ਕਲਿਆਣਕਾਰੀ ਰਾਜ ਜੀਵਨ ਦਾ ਘੱਟ ਤੋਂ ਘੱਟ ਪੱਧਰ ਦੇਣ ਦੀ ਜ਼ਿੰਮੇਵਾਰੀ ਲੈਂਦਾ ਹੈ ਜਿਸ ਦੇ ਨਾਲ ਨਿੱਜੀ ਕਾਰ-ਵਿਹਾਰ ਤੇ ਉਤਸ਼ਾਹ ਨੂੰ ਕੋਈ ਠੇਸ ਨਹੀਂ ਪਹੁੰਚਦੀ। ਇਹ ਨਾਗਰਿਕਾਂ ਵਿਚ ਆਰਥਿਕ ਸਮਾਨਤਾ ਸਥਾਪਿਤ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਬੀਮਾਰੀ, ਬੁਢਾਪੇ ਤੇ ਬੇਰੁਜਗਾਰੀ ਦੀ ਹਾਲਤ ਵਿਚ ਕਾਫੀ ਸਹਾਇਤਾ ਦਿੰਦਾ ਹੈ।''[2]

ਮਿਸਕਟ ਕੈਂਟ (Kent) ਅਨੁਸਾਰ, ''ਕਲਿਆਣਕਾਰੀ ਰਾਜ ਉਹ ਰਾਜ ਹੈ ਜਿਹੜਾ ਆਪਣੇ ਨਾਗਰਿਕਾਂ ਲਈ ਵਿਸ਼ਾਲ ਸਮਾਜਿਕ ਸੇਵਾਵਾਂ ਦੀ ਵਿਵਸਥਾ ਕਰਦਾ ਹੈ।"[3]

---

1. According to K.C. Wheare, "Indian Constitution has established a system of Government which is quasi-federal almost developing in character, a unitary State with subsidiary federal features rather than a federal state with unitary features."
2. "Welfare state is a compromise between communism on the one side and unbridled individualism on the other ........... the welfare state sets a pattern for any human and progressive society .......... the welfare state guarantees a minimum standard of subsistence without removing incentives of private enterprise and it brings about a limited redistribution of income by means of graduated high taxation. Yet it does not pretend to establish economic equality amongst its citizens. All are assured of adequate help in case of need, whether the need is due to illness, old age, unemployment or any other cause". **-Hobman**
3. "Welfare State is a State that provides for its citizens a wide range of social services." **Kent**

ਕਾਨਸਾਈਜ਼ ਆਕਸਫੋਰਡ ਡਿਕਸ਼ਟਰੀ (Concise Oxford Dictionary) ਦੇ ਅਨੁਸਾਰ, "ਕਲਿਆਣਕਾਰੀ ਰਾਜ ਉਸ ਰਾਜ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਰਾਸ਼ਟਰੀ ਸਿਹਤ, ਬੀਮਾ ਅਤੇ ਹੋਰ ਸਮਾਜਿਕ ਸੇਵਾਵਾਂ ਦਾ ਪ੍ਰਬੰਧ ਹੋਵੇ।''[1]

ਕਿੰਗਜ਼ਲੇ ਮਾਲਟਨ (Kingsely Malton) ਦੇ ਸ਼ਬਦਾਂ ਵਿਚ, "ਕਲਿਆਣਕਾਰੀ ਰਾਜ ਦੇ ਅਸੂਲਾਂ ਤੇ ਆਧਾਰਤ ਹੁੰਦਾ ਹੈ – (i) ਹਰੇਕ ਨਾਗਰਿਕ ਨੂੰ ਰੁਜ਼ਗਾਰ ਦਾ ਅਧਿਕਾਰ (ii) ਸਿਹਤ, ਧਨ ਅਤੇ ਵਿਹਲ ਸਮੇਂ ਲਈ ਘੱਟ ਤੋਂ ਘੱਟ ਸਮਾਜਿਕ ਸੁਰੱਖਿਆ ਦੀ ਗਰੰਟੀ।''[2]

ਇਸ ਲਈ ਕਲਿਆਣਕਾਰੀ ਰਾਜ ਉਨ੍ਹਾਂ ਸਾਰੇ ਸੁਧਾਰਾਂ ਦਾ ਨਾਂ ਹੈ ਜੋ ਕੰਮ ਦੇ ਥੋੜੇ ਸਮੇਂ ਵਿਚ ਵਧੇਰੇ ਤਨਖਾਹ, ਸਾਰਿਆਂ ਲਈ ਰੁਜ਼ਗਾਰ, ਸਿਖਿਆ ਲਈ ਅਵਸਰ, ਗਰੀਬੀ ਨੂੰ ਦੂਰ ਕਰਨਾ, ਸਭਿਆਚਾਰਕ ਅਵਸਰ ਦੇ ਉਪਬੰਧ ਇਕ ਪੂਰਣ ਅਤੇ ਸ਼ਾਨਦਾਰ ਜੀਵਨ ਲਈ ਚਲਾਏ ਗਏ ਸੰਘਰਸ਼ ਦਾ ਸਿੱਟਾ ਹਨ।

ਟਿਟਮਸ (Titmus) ਦਾ ਕਹਿਣਾ ਹੈ ਕਿ, ''ਕਲਿਆਣਕਾਰੀ ਰਾਜ ਵਿਚ ਚਾਰ ਗੱਲਾਂ ਦਾ ਹੋਣਾ ਜ਼ਰੂਰੀ ਹੈ ਭਾਵ ਸਿੱਖਿਆ, ਡਾਕਟਰੀ ਸਹਾਇਤਾ, ਸਮਾਜਿਕ ਸੁਰੱਖਿਆ ਅਤੇ ਲੋਕਾਂ ਲਈ ਮਕਾਨ।''[3]

ਇਨ੍ਹਾਂ ਚਾਰ ਸੇਵਾਵਾਂ ਕਰਕੇ ਹੀ ਇੰਗਲੈਂਡ ਨੂੰ ਕਲਿਆਣਕਾਰੀ ਰਾਜ ਕਿਹਾ ਜਾਂਦਾ ਹੈ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਲਿਆਣਕਾਰੀ ਰਾਜ ਅਸੀ ਉਸ ਰਾਜ ਨੂੰ ਕਹਾਂਗੇ ਜਿਸ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਮੌਜੂਦ ਹੋਣ:-

1. ਜੀਵਨ ਦੇ ਸਾਧਾਰਨ ਖਤਰੇ ਜਿਵੇਂ ਕਿ ਬੁਢਾਪਾ, ਬੇਰੁਜ਼ਗਾਰੀ ਆਦਿ ਦਾ ਮੁਕਾਬਲਾ ਕਰਨ ਲਈ ਸਮਾਜਿਕ ਸੁਰੱਖਿਆ ਦਾ ਵਿਸ਼ਾਲ ਉਪਬੰਧ।
2. ਟੈਕਸਾਂ ਦੀ ਪੁਨਰ-ਵੰਡ ਇਸ ਢੰਗ ਨਾਲ ਕਰਨਾ ਕਿ ਕਾਫ਼ੀ ਹੱਦ ਤੱਕ ਸਾਰੇ ਨਾਗਰਿਕਾਂ ਦੀ ਆਮਦਨ ਸਮਾਨ ਹੋ ਜਾਵੇ।
3. ਸਾਰੇ ਨਾਗਰਿਕਾਂ ਲਈ ਪੂਰਨ ਰੁਜ਼ਗਾਰ ਦਾ ਉਪਬੰਧ।
4. ਰਾਜ ਵਲੋਂ ਕਈ ਪ੍ਰਕਾਰ ਦੀਆਂ ਮੁਫਤ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ ਆਦਿ ਦਾ ਉਪਬੰਧ।
5. ਵੱਡੇ ਉਦਯੋਗਾਂ ਅਤੇ ਹੋਰ ਉਪਯੋਗਤਾ (Utility) ਵਾਲੀਆਂ ਸੇਵਾਵਾਂ ਦਾ ਰਾਸ਼ਟਰੀਕਰਨ ਕਰਨਾ।

ਨਿਮਨਲਿਖਤ ਗੱਲਾਂ ਭਾਰਤੀ ਪ੍ਰਸ਼ਾਸਨ ਨੂੰ ਕਲਿਆਣਕਾਰੀ ਬਣਾਉਣ ਦਾ ਯਤਨ ਕਰਦੀਆਂ ਹਨ।

**(i) ਪ੍ਰਸਤਾਵਨਾ** :- ਸਾਡੇ ਸੰਵਿਧਾਨ ਦਾ ਆਰੰਭ ਪ੍ਰਸਤਾਵਨਾ ਨਾਲ ਹੁੰਦਾ ਹੈ ਜਿਸ ਵਿਚ ਇਹ ਅੰਕਿਤ ਹੈ ਕਿ, ''ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇਕ ਪ੍ਰਭੂਸਤਾਧਾਰੀ ਲੋਕਰਾਜੀ ਗਣਰਾਜ ਘੋਸ਼ਿਤ ਕਰਕੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਨਿਆਂ ਦਿਵਾਉਣ ਦੀ ਕਸਮ ਖਾਂਦੇ ਹਾਂ।''

**(ii) ਮੌਲਿਕ ਅਧਿਕਾਰ** :- ਸਾਡੇ ਸੰਵਿਧਾਨ ਦੇ ਭਾਗ ਤੀਜੇ ਵਿਚ ਨਾਗਰਿਕਾਂ ਨੂੰ ਅਨੁਛੇਦ 14 ਤੋਂ 30 ਤੱਕ ਛੇ ਪ੍ਰਕਾਰ ਦੇ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ ਅਨੁਛੇਦ 32 ਰਾਹੀਂ ਇਹਨਾਂ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਗਿਆ ਹੈ।

**(iii) ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ** :- ਸੰਵਿਧਾਨ ਦੇ ਭਾਗ ਚੌਥੇ ਵਿਚ ਅਨੁਛੇਦ 36 ਤੋਂ 51 ਤੱਕ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਦਰਜ ਕੀਤੇ ਗਏ ਹਨ। ਅਨੁਛੇਦ 37 ਅਨੁਸਾਰ ਇਹ ਸਿਧਾਂਤ

---

1. Concise Oxford Dictionary, "Welfare State is one which provides for national health, insurance and other social services."
2. In the words of Kingself Malton, "A Welfare state is based on two principles - (i) Right of employment to each citizen, (ii) Guarantee of health, wealth and minimum social security during leisure time."
3. Titmus is of view that four things are essential in a Welfare State i.e. education, medical aid, social security and housing for the people."

ਦੇਸ਼ ਦੇ ਪ੍ਰਸ਼ਾਸਨ ਵਿਚ ਬੁਨਿਆਦੀ ਮੰਨੇ ਗਏ ਹਨ। ਇਹ ਸਿਧਾਂਤ ਕਲਿਆਣਕਾਰੀ ਰਾਜ ਲਈ ਆਦੇਸ਼ ਪੱਤਰ ਦਾ ਕੰਮ ਕਰਦੇ ਹਨ। ਮਹੱਤਵਪੂਰਨ ਨਿਰਦੇਸ਼ਕ ਸਿਧਾਂਤ ਜਿਵੇਂ ਕਿ ਹਰ ਮਨੁੱਖ ਲਈ ਰੁਜ਼ਗਾਰ ਮਿਲਣਾ, ਮਰਦ ਅਤੇ ਔਰਤ ਨੂੰ ਸਮਾਨ ਕੰਮ ਲਈ ਸਮਾਨ ਤਨਖਾਹ ਦੇਣਾ, ਬੇਰੁਜ਼ਗਾਰੀ, ਬੁਢਾਪਾ, ਅੰਗਹੀਣਤਾ ਆਦਿ ਦੀ ਹਾਲਤ ਵਿਚ ਸਹਾਇਤਾ ਦੇਣਾ, 14 ਸਾਲ ਦੀ ਉਮਰ ਤੱਕ ਮੁਫ਼ਤ ਅਤੇ ਲਾਜਮੀ ਵਿਦਿਆ ਦਾ ਪ੍ਰਬੰਧ ਕਰਨਾ, ਸਮਾਜ ਦੇ ਕਮਜ਼ੋਰ ਵਰਗ ਜਿਵੇਂ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਵਿਦਿਅਕ ਅਤੇ ਆਰਥਿਕ ਖੇਤਰ ਵਿਚ ਵਿਸ਼ੇਸ਼ ਸਹੂਲਤਾਂ ਦੇਣਾ ਆਦਿ। ਵਰਤਮਾਨ ਸਮੇਂ ਸਾਡੀਆਂ ਸਿਵਲ ਸੇਵਾਵਾਂ ਸ਼ਾਸਕ ਨਹੀਂ ਸਗੋਂ ਲੋਕਾਂ ਦੀਆਂ ਸੇਵਕ ਬਣਕੇ ਕੰਮ ਕਰਦੀਆਂ ਹਨ।

**ਸਵੈ-ਅਭਿਆਸ ਪ੍ਰਸ਼ਨਾਵਲੀ-I**

1. ਭਾਰਤੀ ਸੰਵਿਧਾਨ ਦੀਆਂ ਸੰਘਾਤਮਕ ਵਿਸ਼ੇਸ਼ਤਾਈਆਂ ਬਾਰੇ ਸੰਖੇਪ ਵਿਚ ਲਿਖੋ।
2. ਭਾਰਤੀ ਸੰਵਿਧਾਨ ਦੀਆਂ ਇਕਾਤਮਕ ਵਿਸ਼ੇਸ਼ਤਾਈਆਂ ਬਾਰੇ ਲਿਖੋ।

5. **ਧਰਮ ਨਿਰਪੱਖ ਪ੍ਰਸ਼ਾਸਨ (Secular Administration)** :- ਭਾਰਤੀ ਪ੍ਰਸ਼ਾਸਨ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾਈ ਇਹ ਹੈ ਕਿ ਇਸਦਾ ਆਧਾਰ ਧਰਮ-ਨਿਰਪੱਖਤਾ ਹੈ। ਇਸਦਾ ਅਰਥ ਹੈ ਕਿ ਭਾਰਤੀ ਸੰਵਿਧਾਨ ਰਾਹੀਂ ਪ੍ਰਸ਼ਾਸਨ ਨੂੰ ਧਰਮ ਦੇ ਆਧਾਰ ਤੇ ਕਿਸੇ ਨਾਲ ਵਿਤਕਰਾ ਕਰਨ ਦੀ ਮਨਾਹੀ ਹੈ। ਦੂਸਰੇ ਸ਼ਬਦਾਂ ਵਿਚ ਪ੍ਰਸ਼ਾਸਨ ਸਾਹਮਣੇ ਸਭ ਧਰਮ ਸਮਾਨ ਹਨ ਅਤੇ ਉਹਨਾਂ ਦੀ ਰੱਖਿਆ ਕਰਨਾ ਰਾਜ ਦੀ ਜ਼ਿੰਮੇਵਾਰੀ ਹੈ। 1976 ਵਿਚ 42ਵੀਂ ਸੰਵਿਧਾਨਕ ਸੋਧ ਰਾਹੀਂ ਧਰਮ ਨਿਰਪੱਖ ਸ਼ਬਦ ਨੂੰ ਪ੍ਰਸਤਾਵਨਾ ਵਿਚ ਸ਼ਾਮਿਲ ਕਰਕੇ, ਕਲਿਆਣਕਾਰੀ ਰਾਜ ਦੇ ਉਦੇਸ਼ ਦੀ ਪ੍ਰਾਪਤੀ ਵਲ ਇਕ ਮਹੱਤਵਪੂਰਨ ਕਦਮ ਸੀ।

ਇਸ ਤੱਤ ਨੂੰ ਅਪਣਾਉਣ ਦਾ ਮੁੱਖ ਉਦੇਸ਼ ਇਹ ਸੀ ਕਿ ਗੁਲਾਮੀ ਦੇ ਸਮੇਂ ਲੋਕਾਂ ਵਿਚ ਧਰਮ ਦੇ ਆਧਾਰ ਤੇ ਵਿੱਤਕਰਾ ਕੀਤਾ ਜਾਂਦਾ ਸੀ ਅਤੇ ਸਰਕਾਰ ਇਕ ਵਰਗ ਦੇ ਲੋਕਾਂ ਨੂੰ ਦੂਜੇ ਵਰਗ ਦੇ ਲੋਕਾਂ ਦੇ ਮੁਕਾਬਲੇ ਪਹਿਲ ਦਿੰਦੀ ਸੀ। ਬ੍ਰਿਟਿਸ਼ ਕਾਲ ਵਿੱਚ ਫਿਰਕੂ ਪ੍ਰਤੀਨਿੱਧਤਾ (Communal Representation) ਦੇ ਆਧਾਰ ਤੇ ਮੁਸਲਮਾਨਾਂ ਨੂੰ ਕੇਂਦਰੀ ਅਤੇ ਪ੍ਰਾਂਤਕ ਵਿਧਾਨਮੰਡਲਾਂ ਵਿਚ ਵਿਸ਼ੇਸ਼ ਪ੍ਰਤੀਨਿੱਧਤਾ ਦਿੱਤੀ ਜਾਂਦੀ ਸੀ, ਜਿਸਦੇ ਸਿੱਟੇ ਵਜੋਂ ਦਿਨ-ਪ੍ਰਤੀਦਿਨ ਫਿਰਕੂ ਭਾਵਨਾ ਨੂੰ ਉਤਸ਼ਾਹ ਮਿਲਦਾ ਅਤੇ ਅੰਤ ਵਿਚ ਸਾਡੇ ਦੇਸ਼ ਦੀ ਅਧਾਰਮਿਕ ਵੰਡ ਹੋਈ। ਸਾਡੇ ਸੰਵਿਧਾਨ ਨਿਰਮਾਤਾ ਇਨ੍ਹਾਂ ਬੁਰਾਈਆਂ ਤੋਂ ਜਾਣੂ ਸਨ ਅਤੇ ਉਨ੍ਹਾਂ ਇਨ੍ਹਾਂ ਬੁਰਾਈਆਂ ਦਾ ਅੰਤ ਕਰਨ ਲਈ ਧਰਮ-ਨਿਰਪੱਖ ਰਾਜ ਦੀ ਸਥਾਪਨਾ ਕਰਨ ਦਾ ਯਤਨ ਕੀਤਾ ਅਤੇ ਇਸ ਸਿਧਾਂਤ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੂੰ ਸੌਂਪੀ। ਪ੍ਰਸ਼ਾਸਕੀ ਪੱਖ ਤੋਂ ਸਾਰੇ ਧਰਮ ਸਮਾਨ ਹਨ ਅਤੇ ਸ਼ਾਸਨ ਦਾ ਸੰਚਾਲਨ ਕਰਦੇ ਸਮੇਂ, ਸਰਕਾਰੀ, ਕਰਮਚਾਰੀਆਂ ਦੀ ਨਿਯੁਕਤੀ ਕਰਦੇ ਸਮੇਂ ਜਾਂ ਸਮਾਜ ਕਲਿਆਣ ਸੰਬੰਧੀ ਯੋਜਨਾਵਾਂ ਨੂੰ ਲਾਗੂ ਕਰਦੇ ਸਮੇਂ ਕਿਸੇ ਵੀ ਧਰਮ ਦੇ ਲੋਕਾਂ ਨੂੰ ਦੂਸਰੇ ਧਰਮਾਂ ਦੇ ਲੋਕਾਂ ਦੇ ਮੁਕਾਬਲੇ ਪਹਿਲ ਨਹੀਂ ਦਿੱਤੀ ਜਾਂਦੀ। ਭਾਵੇਂ ਸੰਵਿਧਾਨ ਦੁਆਰਾ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਸਰਕਾਰੀ ਸੇਵਾਵਾਂ, ਵਿਧਾਨ ਮੰਡਲਾਂ ਅਤੇ ਸਥਾਨਕ ਸੰਸਥਾਵਾਂ ਵਿੱਚ ਵਿਸ਼ੇਸ਼ ਪ੍ਰਤੀਨਿੱਧਤਾ ਅਤੇ ਹੋਰ ਸੁਵਿਧਾਵਾਂ ਦੇਣ ਦੀ ਵਿਵਸਥਾ ਕੀਤੀ ਗਈ ਹੈ ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਇਹ ਧਰਮ-ਨਿਰਪੱਖਤਾ ਦੇ ਸਿਧਾਂਤ ਦੇ ਉਲਟ ਹੈ। ਭਾਵੇ ਇਨ੍ਹਾਂ ਸੁਵਿਧਾਵਾਂ ਦੀ ਹੁਣ ਰਾਜਨੀਤਿਕ ਪੱਖ ਤੋਂ ਦੁਰਵਰਤੋਂ ਕੀਤੀ ਜਾਣ ਲਗ ਪਈ ਹੈ ਪਰ ਸੰਵਿਧਾਨ ਦੁਆਰਾ ਇਹ ਸੁਵਿਧਾਵਾਂ ਕੇਵਲ ਥੋੜੇ ਸਮੇਂ (ਦਸ ਸਾਲ) ਦੇ ਲਈ ਦਿੱਤੀਆਂ ਗਈਆਂ ਸਨ ਅਤੇ ਇਨ੍ਹਾਂ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਦੂਜੇ ਵਰਗਾਂ ਦੇ ਲੋਕਾਂ ਦੇ ਬਰਾਬਰ ਕਰਨਾ ਹੈ।

6. **ਪ੍ਰਸ਼ਾਸਨ ਵਿਚ ਇਕਰੂਪਤਾ (Uniformity in Administration)** :- ਭਾਰਤੀ ਪ੍ਰਸ਼ਾਸਨ ਵਿਚ ਕੇਂਦਰ ਅਤੇ ਰਾਜ ਦੋਹਾਂ ਪੱਧਰਾਂ ਤੇ ਇਕਸਾਰ ਗਲਾਂ ਅਪਨਾਈਆਂ ਗਈਆਂ ਹਨ ਜਿਵੇਂ ਕਿ ਸੰਸਦੀ ਸ਼ਾਸਨ ਪ੍ਰਣਾਲੀ ਦਾ ਅਪਨਾਇਆ ਜਾਣਾ। ਕੇਂਦਰ ਪੱਧਰ ਤੇ ਜਿਵੇਂ ਰਾਸ਼ਟਰਪਤੀ ਸੰਵਿਧਾਨਕ ਮੁੱਖੀ ਹੈ, ਉਸੇ ਤਰ੍ਹਾਂ ਰਾਜ ਪੱਧਰ ਤੇ ਰਾਜਪਾਲ ਰਾਜ ਦਾ ਸੰਵਿਧਾਨਕ ਮੁੱਖੀਆ ਹੁੰਦਾ ਹੈ। ਉਹਨਾਂ ਦੋਹਾਂ ਦੀ ਸਲਾਹ ਅਤੇ ਸਹਾਇਤਾ ਲਈ ਸੰਵਿਧਾਨ

ਵਿਚ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਕੀਤੀ ਗਈ ਹੈ। ਇਸੇ ਤਰ੍ਹਾਂ ਕੇਂਦਰ ਵਿਚ ਸੰਸਦ ਵਾਂਗ ਰਾਜ ਪੱਧਰ ਤੇ ਰਾਜ ਵਿਧਾਨ ਮੰਡਲ ਅਤੇ ਸਰਵ-ਉੱਚ ਅਦਾਲਤ ਦੀ ਤਰ੍ਹਾਂ ਰਾਜ ਪੱਧਰ ਤੇ ਉੱਚ ਅਦਾਲਤਾਂ ਦੀ ਸਥਾਪਨਾ ਕੀਤੀ ਗਈ ਹੈ। ਪ੍ਰਸ਼ਾਸਕੀ ਪੱਖ ਤੋਂ ਵੀ ਸਾਰੇ ਰਾਜਾਂ ਵਿਚ ਉੱਚ ਅਹੁਦਿਆਂ ਤੇ ਸਰਵ-ਭਾਰਤੀ ਸੇਵਾਵਾਂ ਦੇ ਕਰਮਚਾਰੀ ਬਿਰਾਜਮਾਨ ਹਨ। ਰਾਜ ਸਿਵਲ ਸੇਵਾਵਾਂ ਦੇ ਕਰਮਚਾਰੀਆਂ ਦੀ ਚੋਣ ਲਈ ਹਰ ਇਕ ਰਾਜ ਵਿਚ ਕੇਂਦਰ ਦੀ ਤਰ੍ਹਾਂ ਲੋਕ ਸੇਵਾ ਕਮਿਸ਼ਨ ਸਥਾਪਤ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸੇ ਤਰ੍ਹਾਂ ਹਰੇਕ ਰਾਜ ਦੇ ਸ਼ਾਸਨ ਨੂੰ ਕੁਸ਼ਲਤਾ ਪੂਰਵਕ ਚਲਾਉਣ ਲਈ ਜ਼ਿਲ੍ਹੇ ਕਾਇਮ ਕੀਤੇ ਗਏ ਹਨ ਅਤੇ ਹਰ ਜ਼ਿਲ੍ਹੇ ਦਾ ਮੁੱਖੀ ਡਿਪਟੀ ਕਮਿਸ਼ਨਰ ਹੁੰਦਾ ਹੈ ਜੋ ਭਾਰਤੀ ਪ੍ਰਸ਼ਾਸਕੀ ਸੇਵਾ ਦਾ ਇਕ ਸੀਨੀਅਰ ਅਧਿਕਾਰੀ ਹੁੰਦਾ ਹੈ। ਸਥਾਨਕ ਪ੍ਰਸ਼ਾਸਨ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ - ਸ਼ਹਿਰੀ ਖੇਤਰ ਲਈ ਮਿਉਂਸਪਲ ਪ੍ਰਸ਼ਾਸਨ ਅਤੇ ਦਿਹਾਤੀ ਖੇਤਰ ਲਈ ਪੰਚਾਇਤੀ ਰਾਜ ਕਾਇਮ ਕੀਤਾ ਗਿਆ ਹੈ। 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਰਾਹੀਂ ਤਾਂ ਇਹਨਾਂ ਨੂੰ ਸੰਵਿਧਾਨਕ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸਾਰੇ ਦੇਸ਼ ਵਿਚ ਕਾਨੂੰਨ ਦੀ ਵਿਵਸਥਾ ਵਿਚ ਵੀ ਇਕਰੂਪਤਾ ਪਾਈ ਜਾਂਦੀ ਹੈ।

7. **ਪਦਵੀ ਤਰਤੀਬ ਦੇ ਸਿਧਾਂਤ ਤੇ ਆਧਾਰਿਤ ਪ੍ਰਸ਼ਾਸਨ (Administration based on the Principle of Hierarchy)** :- ਕੇਂਦਰ ਅਤੇ ਰਾਜ ਦੋਹਾਂ ਪੱਧਰਾਂ ਤੇ ਕਲਿਆਣਕਾਰੀ ਰਾਜ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਅਨੇਕਾਂ ਵਿਭਾਗ ਸਥਾਪਤ ਕੀਤੇ ਗਏ ਹਨ ਅਤੇ ਇਹ ਸਾਰੇ ਵਿਭਾਗ ਪਦਵੀ ਤਰਤੀਬ ਦੇ ਸਿਧਾਂਤ ਤੇ ਆਧਾਰਿਤ ਹਨ ਭਾਵ ਕਿ ਹਰਕੇ ਵਿਭਾਗ ਦਾ ਉੱਚ ਅਧਿਕਾਰੀ ਆਪਣੇ ਅਧੀਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਜਾਰੀ ਕਰ ਸਕਦਾ ਹੈ। ਹਰ ਅਧੀਨ ਅਧਿਕਾਰੀ/ਕਰਮਚਾਰੀ ਦਾ ਇਹ ਕਰਤੱਵ ਹੈ ਕਿ ਉਹ ਆਪਣੇ ਤੋਂ ਉੱਚ ਅਧਿਕਾਰੀ ਦੇ ਆਦੇਸ਼ਾਂ ਦੀ ਪਾਲਣਾ ਕਰੇ ਅਤੇ ਆਪਣੇ ਕੰਮ ਬਾਰੇ ਸਮੇਂ-ਸਮੇਂ ਉਸ ਨੂੰ ਰੀਪੋਰਟ ਵੀ ਪੇਸ਼ ਕਰੇ। ਇਸ ਤਰ੍ਹਾਂ ਦੇਸ਼ ਦਾ ਸਮੁੱਚਾ ਪ੍ਰਸ਼ਾਸਨ ਉਪਰ ਤੋਂ ਹੇਠਾਂ ਵਲ ਨੂੰ ਪਦਵੀ ਤਰਤੀਬ ਦੇ ਸਿਧਾਂਤ ਅਨੁਸਾਰ ਜੁੜਿਆ ਹੋਇਆ ਹੈ।

8. **ਸਿਧਾਂਤ ਅਤੇ ਵਿਵਹਾਰ ਵਿਚ ਅੰਤਰ (Difference between Theory and Practice)** :- ਇੰਗਲੈਂਡ ਵਾਂਗ ਭਾਰਤੀ ਪ੍ਰਸ਼ਾਸਨ ਵਿਚ ਵੀ ਕਈ ਪੱਖਾਂ ਤੋਂ ਸਿਧਾਂਤ ਅਤੇ ਵਿਵਹਾਰ ਵਿਚ ਅੰਤਰ ਪਾਇਆ ਜਾਂਦਾ ਹੈ। ਉਦਾਹਰਣ ਵਜੋਂ ਸੰਵਿਧਾਨ ਅਨੁਸਾਰ ਦੇਸ਼ ਦਾ ਸ਼ਾਸਨ ਰਾਸ਼ਟਰਪਤੀ ਦੇ ਨਾਮ ਤੇ ਚਲਾਇਆ ਜਾਂਦਾ ਹੈ ਪ੍ਰੰਤੂ ਵਾਸਤਵ ਵਿਚ ਸਥਿਤੀ ਬਿਲਕੁਲ ਇਸਦੇ ਉਲਟ ਹੈ। ਉਹ ਦੇਸ਼ ਦਾ ਸੰਵਿਧਾਨਕ ਮੁੱਖੀਆ ਹੁੰਦਾ ਹੈ। ਅਸਲ ਸ਼ਕਤੀ ਮੰਤਰੀ ਪ੍ਰੀਸ਼ਦ ਕੋਲ ਹੁੰਦੀ ਹੈ ਅਤੇ ਰਾਸ਼ਟਰਪਤੀ ਮੰਤਰੀ ਪ੍ਰੀਸ਼ਦ ਦੁਆਰਾ ਦਿਤੀ ਸਲਾਹ ਨੂੰ ਮੰਨਣ ਤੋਂ ਇਨਕਾਰ ਨਹੀਂ ਕਰ ਸਕਦਾ। ਸਿਧਾਂਤਕ ਤੌਰ ਤੇ ਦੇਸ਼ ਦੇ ਸਾਰੇ ਉੱਚ ਅਧਿਕਾਰੀਆਂ ਦੀ ਨਿਯੁਕਤੀ ਰਾਸ਼ਟਰਪਤੀ ਦੇ ਦਸਤਖਤ ਅਤੇ ਮੋਹਰ ਅਧੀਨ ਹੁੰਦੀ ਹੈ ਪ੍ਰੰਤੂ ਵਾਸਤਵ ਵਿਚ ਇਹ ਰਾਸ਼ਟਰਪਤੀ ਦੀ ਇਕ ਰਸਮੀ ਸ਼ਕਤੀ ਹੀ ਹੈ। ਇਸੇ ਤਰ੍ਹਾਂ ਰਾਸ਼ਟਰਪਤੀ ਰਾਸ਼ਟਰੀ ਨੀਤੀ ਦਾ ਨਿਰਮਾਤਾ ਹੁੰਦਾ ਹੈ ਪ੍ਰੰਤੂ ਵਾਸਤਵ ਵਿਚ ਨੀਤੀ ਨਿਰਮਾਣ ਦਾ ਕਾਰਜ ਮੰਤਰੀ ਪ੍ਰੀਸ਼ਦ ਦੁਆਰਾ ਕੀਤਾ ਜਾਂਦਾ ਹੈ ਅਤੇ ਜਿਸ ਨੂੰ ਸੰਸਦ ਸਹਿਜੇ ਹੀ ਆਪਣਾ ਪ੍ਰਵਾਨਗੀ ਦੇ ਦਿੰਦੀ ਹੈ। ਇਸ ਤਰ੍ਹਾਂ ਪ੍ਰਸ਼ਾਸਨ ਦੇ ਕਈ ਹੋਰ ਪੱਖ ਹਨ ਜਿਥੇ ਸਿਧਾਂਤ ਅਤੇ ਵਿਵਹਾਰ ਵਿਚ ਅੰਤਰ ਪਾਇਆ ਜਾਦਾ ਹੈ।

9. **ਸਥਾਈ ਅਤੇ ਨਿਰਪੱਖ ਪ੍ਰਸ਼ਾਸਨ (Permanent and Impartial Administration)**:- ਭਾਰਤੀ ਪ੍ਰਸ਼ਾਸਨ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾਈ ਇਹ ਹੈ ਕਿ ਪ੍ਰਸ਼ਾਸਨ ਸਥਾਈ ਅਤੇ ਨਿਰਪੱਖ ਹੈ। ਪ੍ਰਸ਼ਾਸਕੀ ਅਧਿਕਾਰੀ ਅਤੇ ਕਰਮਚਾਰੀ ਇਕ ਨਿਸ਼ਚਤ ਉਮਰ ਤੇ ਸਰਕਾਰੀ ਸੇਵਾ ਵਿਚ ਸ਼ਾਮਿਲ ਹੁੰਦੇ ਹਨ ਅਤੇ ਇਕ ਨਿਸ਼ਚਤ ਉਮਰ ਪੂਰੀ ਕਰਨ ਤੇ ਸੇਵਾ ਤੋਂ ਮੁਕਤ ਹੋ ਜਾਂਦੇ ਹਨ। ਆਪਣੇ ਅਹੁਦੇ ਤੇ ਸਥਾਈ ਹੋਣ ਦੇ ਨਾਲ-ਨਾਲ ਉਹ ਆਪਣੇ ਕਾਰਜਾਂ ਦੀ ਪਾਲਣਾ ਨਿਰਪੱਖਤਾ ਸਹਿਤ ਕਰਦੇ ਹਨ ਭਾਵ ਕਿ ਉਹ ਨਾਂ ਤਾਂ ਕਿਸੇ ਰਾਜਨੀਤਿਕ ਦਲ ਦੇ ਮੈਂਬਰ ਬਣ ਸਕਦੇ ਹਨ ਨਾਂ ਕਿਸੇ ਦਲ ਦੇ ਪੱਖ ਵਿਚ ਅਤੇ ਨਾ ਹੀ ਕਿਸੇ ਦਲ ਦੇ ਵਿਰੁੱਧ ਪ੍ਰਚਾਰ ਕਰ ਸਕਦੇ ਹਨ। ਇਸ ਤੋਂ ਇਲਾਵਾ ਉਹ ਕਿਸੇ ਰਾਜਨੀਤਿਕ ਦਲ ਨੂੰ ਚੰਦਾ ਵੀ ਨਹੀਂ ਦੇ ਸਕਦੇ। ਭਾਰਤ ਵਿਚ

ਸਰਕਾਰੀ ਕਰਮਚਾਰੀਆਂ ਨੂੰ ਯੋਗਤਾ ਦੇ ਆਧਾਰ ਤੇ ਲੋਕ ਸੇਵਾ ਕਮਿਸ਼ਨ (Public Service Commission) ਜੋ ਕਿ ਇਕ ਸੁਤੰਤਰ ਸੰਸਥਾ ਹੈ, ਦੁਆਰਾ ਚੁਣਿਆ ਜਾਂਦਾ ਹੈ। ਵਰਤਮਾਨ ਸਮੇਂ ਰਾਜ ਦੇ ਕਲਿਆਣਕਾਰੀ ਸਰੂਪ ਧਾਰਨ ਕਰਨ ਕਾਰਨ ਅਨੇਕਾਂ ਵਿਭਾਗਾਂ ਦੀ ਸਥਾਪਨਾ ਕੀਤੀ ਗਈ ਹੈ। ਜਿਥੇ ਇਹ ਵਿਭਾਗ ਲੋਕ ਭਲਾਈ ਦੇ ਕਾਰਜ ਸਫ਼ਲਤਾ ਪੂਰਵਕ ਕਰਨ ਵਿਚ ਸਹਾਇਕ ਹੁੰਦੇ ਹਨ, ਉਥੇ ਇਹਨਾਂ ਵਿਚ ਅਨੇਕਾਂ ਬੁਰਾਈਆਂ ਜਿਵੇ- ਕਿ ਲਾਲ ਫੀਤਾਸ਼ਾਹੀ (Red Tapism), ਭਾਈ-ਭਤੀਜਾਵਾਦ (Nepotism) ਆਦਿ ਨੇ ਵੀ ਜਨਮ ਲਿਆ ਹੈ।

10. **ਪ੍ਰਸ਼ਾਸਨ ਦਾ ਵਿਕੇਂਦਰਿਤ ਹੋਣਾ (Decentralised Administration)**:- ਭਾਰਤ ਵਿਚ ਪ੍ਰਸ਼ਾਸਨ ਦਾ ਸਰੂਪ ਵਿਕੇਂਦਰਿਤ ਹੈ।ਸੰਵਿਧਾਨ ਅਨੁਸਾਰ ਸ਼ਕਤੀਆਂ ਦੀ ਵੰਡ ਕੇਂਦਰ ਅਤੇ ਰਾਜਾਂ ਵਿਚ ਕੀਤੀ ਗਈ ਹੈ ਅਤੇ ਸਰਕਾਰ ਦੇ ਦੋਵੇਂ ਪੱਧਰ ਆਪਣੇ-ਆਪਣੇ ਨਿਰਧਾਰਿਤ ਖੇਤਰਾਂ ਵਿਚ ਸੁਤੰਤਰਤਾ ਸਾਹਿਤ ਕੰਮ ਕਰਦੇ ਹਨ। ਸਥਾਨਕ ਸਰਕਾਰ ਦਾ ਵਿਸ਼ਾ ਰਾਜ ਸੂਚੀ ਦਾ ਵਿਸ਼ਾ ਹੈ ਜਿਸਨੂੰ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਵੰਡਿਆ ਗਿਆ ਹੈ। ਛੋਟੇ ਸ਼ਹਿਰੀ ਖੇਤਰਾਂ ਵਿਚ ਨਗਰਪਾਲਿਕਾਵਾਂ ਅਤੇ ਵੱਡੇ ਸ਼ਹਿਰੀ ਖੇਤਰਾਂ ਵਿਚ ਨਗਰ ਨਿਗਮਾਂ ਦੀ ਸਥਾਪਨਾ ਕੀਤੀ ਗਈ ਹੈ। ਯਾਦ ਰਹੇ ਕਿ ਵਰਤਮਾਨ ਸਮੇਂ ਪੰਜਾਬ ਦੇ 19 ਜ਼ਿਲ੍ਹਿਆਂ ਵਿਚੋਂ 4 ਜ਼ਿਲ੍ਹਿਆਂ - ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਚ ਨਗਰ ਲਿਗਮਾਂ ਦੀ ਵਿਵਸਥਾ ਹੈ। ਇਸੇ ਤਰ੍ਹਾਂ ਦਿਹਾਤੀ ਖੇਤਰਾਂ ਵਿਚ ਤਿੰਨ ਪੱਧਰੀ ਪੰਚਾਇਤੀ ਰਾਜ ਲਾਗੂ ਕਰਨ ਦੀ ਵਿਵਸਥਾ ਕੀਤੀ ਗਈ ਹੈ। ਪਿੰਡ ਪੱਧਰ ਤੇ ਗ੍ਰਾਮ ਪੰਚਾਇਤ, ਬਲਾਕ ਪੱਧਰ ਤੇ ਪੰਚਾਇਤ ਸੰਮਤੀ ਅਤੇ ਜ਼ਿਲਾ ਪੱਧਰ ਤੇ ਜ਼ਿਲਾ ਪ੍ਰੀਸ਼ਦ ਦੀ ਸਥਾਪਨਾ ਕਰਨ ਦੀ ਵਿਵਸਥਾ ਕੀਤੀ ਗਈ ਹੈ। ਵਿਕੇਂਦਰਿਤ ਪ੍ਰਸ਼ਾਸਨ ਹੋਣ ਕਾਰਨ ਵਿਕਾਸ ਦੇ ਕਾਰਜਾਂ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ।

11. **ਪ੍ਰਸ਼ਾਸਨ ਦਾ ਵਿਸ਼ੇਸ਼ੀਕ੍ਰਿਤ ਸਰੂਪ (Specialised nature of Administration)** :- ਬਰਤਾਨੀਆ ਸ਼ਾਸਨ ਕਾਲ ਸਮੇਂ ਭਾਰਤ ਵਿਚ ਪ੍ਰਸ਼ਾਸਨ ਦਾ ਸਰੂਪ ਕਰਕੇ ਸਾਧਾਰਨ ਕਿਸਮ ਦਾ ਸੀ ਪ੍ਰੰਤੂ ਸੁਤੰਤਰਤਾ ਤੋਂ ਬਾਅਦ ਰਾਜ ਦਾ ਸਰੂਪ ਕਲਿਆਣਕਾਰੀ ਹੋਣ ਕਾਰਨ ਇਸਦੇ ਕੇਵਲ ਕਾਰਜਾਂ ਵਿਚ ਹੀ ਵਾਧਾ ਨਹੀਂ ਹੋਇਆ ਸਗੋਂ ਪੇਚੀਦਾ ਵੀ ਹੋ ਗਏ ਹਨ। ਇਹੋ ਕਾਰਨ ਹੈ ਕਿ ਗੁੰਝਲਦਾਰ ਸਮੱਸਿਆਵਾਂ ਦਾ ਯੋਗ ਹੱਲ ਲਭਣ ਲਈ ਤਕਨੀਕੀ ਮਾਹਿਰਾਂ ਦੀਆਂ ਸੇਵਾਵਾਂ ਦੀ ਲੋੜ ਮਹਿਸੂਸ ਕੀਤੀ ਗਈ। ਸਿਟੇ ਵਜੋਂ ਕੇਂਦਰ ਅਤੇ ਰਾਜ ਦੋਹਾਂ ਪੱਧਰਾਂ ਤੇ ਤਕਨੀਕੀ ਅਤੇ ਵਿਸ਼ੇਸ਼ਗ ਦਫ਼ਤਰਾਂ ਦੀ ਸਥਾਪਨਾ ਕੀਤੀ ਗਈ। ਸ਼ਕਤੀ ਵਿਭਾਗ, ਪ੍ਰਮਾਣੂ ਸ਼ਕਤੀ ਵਿਭਾਗ, ਵਿਗਿਆਨ ਅਤੇ ਟੈਕਨਾਲੋਜੀ, ਇਲੈਕਟਰਾਨਿਕਸ ਵਿਭਾਗ ਆਦਿ ਵਿਸ਼ੇਸ਼ਗ ਵਿਭਾਗਾਂ ਦੀਆਂ ਕੁਝ ਮਹੱਤਵਪੂਰਨ ਉਦਾਹਰਣਾਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਵਿਸ਼ੇਸ਼ਗ ਵਿਭਾਗਾਂ ਦੀ ਹੋਂਦ ਕਾਰਨ ਪ੍ਰਸ਼ਾਸਨ ਵਿਚ ਨਿਪੁੰਨਤਾ ਵੱਧੀ ਹੈ ਅਤੇ ਦੇਸ਼ ਦਾ ਸਰਵ-ਪੱਖੀ ਵਿਕਾਸ ਹੋਣਾ ਸੰਭਵ ਹੋ ਸਕਿਆ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਵਿਭਾਗ ਅਜਿਹੇ ਹਨ ਜਿਥੇ ਵਿਸ਼ੇਸ਼ਗਾਂ ਦੇ ਨਾਲ-ਨਾਲ ਆਮ ਅਧਿਕਾਰੀ (Generalist) ਵੀ ਪਾਏ ਜਾਂਦੇ ਹਨ ਅਤੇ ਇਹਨਾਂ ਦੋਹਾਂ ਅਧਿਕਾਰੀਆਂ ਵਿਚ ਅਕਸਰ ਆਪਣੇ ਅਧਿਕਾਰ ਖੇਤਰ ਅਤੇ ਸਰਵ-ਉੱਚਤਾ ਬਾਰੇ ਸੰਘਰਸ਼ ਹੋ ਜਾਂਦਾ ਹੈ ਜੋ ਪ੍ਰਸ਼ਾਸਨ ਦੀ ਕਾਰਜ-ਕੁਸ਼ਲਤਾ ਲਈ ਕਾਫ਼ੀ ਹਾਨੀਕਾਰਕ ਸਿੱਧ ਹੁੰਦਾ ਹੈ। ਯੂਰਪੀਨ ਦੇਸ਼ਾਂ ਵਾਂਗ ਭਾਰਤ ਵਿਚ ਵੀ ਵਿਸ਼ੇਸ਼ਗਾਂ ਨੂੰ ਵਿਸ਼ੇਸ਼ ਸਥਾਨ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਦੇਸ਼ ਤੇਜ਼ੀ ਨਾਲ ਵਿਕਾਸ ਕਰ ਸਕੇ।

12. **ਜ਼ਿੰਮੇਵਾਰ ਪ੍ਰਸ਼ਾਸਨ (Responsible Administration)** :- ਭਾਰਤ ਵਿਚ ਬਰਤਾਨੀਆਂ ਸ਼ਾਸਨ ਕਾਲ ਸਮੇਂ ਪ੍ਰਸ਼ਾਸਨ ਲੋਕਾਂ ਪ੍ਰਤੀ ਬਿਲਕੁਲ ਜ਼ਿੰਮੇਵਾਰ ਨਹੀਂ ਸੀ ਪ੍ਰੰਤੂ ਸੁਤੰਤਰਤਾ ਤੋਂ ਬਾਅਦ 1950 ਵਿਚ ਨਵੇ ਸੰਵਿਧਾਨ ਦੇ ਹੋਂਦ ਵਿਚ ਆਉਣ ਤੋਂ ਬਾਅਦ ਭਾਰਤ ਵਿਚ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਨਾਇਆ ਗਿਆ ਹੈ। ਸਰਕਾਰ ਦੇ ਹਰ ਵਿਭਾਗ ਨੂੰ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਭਾਵ ਮੰਤਰੀ ਦੇ ਨਿਯੰਤਰਣ ਅਧੀਨ ਰਖਿਆ ਜਾਂਦਾ ਹੈ ਜੋ ਕਿ ਵਿਭਾਗ ਦੇ ਪ੍ਰਸ਼ਾਸਨ ਲਈ ਸੰਸਦ ਪ੍ਰਤੀ ਜਵਾਬਦੇਹ ਹੁੰਦਾ ਹੈ। ਸੰਸਦ ਦੇ ਮੈਂਬਰ ਉਸ ਵਿਭਾਗ ਬਾਰੇ ਕਿਸੇ ਵੀ ਤਰ੍ਹਾਂ ਦਾ ਪ੍ਰਸ਼ਨ ਪੁਛ ਸਕਦੇ ਹਨ ਅਤੇ ਮੰਤਰੀ ਨੂੰ ਉਹਨਾਂ ਦੁਆਰਾ ਪੁਛੇ ਗਏ ਪ੍ਰਸ਼ਨਾਂ ਦਾ ਤਸਲੀਬਖਸ਼ ਉੱਤਰ ਦੇਣਾ ਪੈਂਦਾ ਹੈ। ਮੰਤਰੀ ਨੂੰ ਆਪਣੇ ਵਿਭਾਗ ਨਾਲ ਸੰਬੰਧਤ ਗੰਭੀਰ ਗਲਤੀ ਲਈ ਦੋਸ਼ੀ

ਠਹਿਰਾਇਆ ਜਾਂਦਾ ਹੈ ਅਤੇ ਉਸਨੂੰ ਆਪਣੇ ਪੱਤ ਤੋਂ ਅਸਤੀਫਾ ਦੇਣ ਲਈ ਵੀ ਕਿਹਾ ਜਾ ਸਕਦਾ ਹੈ ਅਤੇ ਜੇ ਕਰ ਮੰਤਰੀ ਅਸਤੀਫਾ ਦੇਣ ਤੋਂ ਨਾ ਕਰ ਦੇਵੇ ਤਾਂ ਪ੍ਰਧਾਨ ਮੰਤਰੀ ਉਸ ਮੰਤਰੀ ਨੂੰ ਪੱਦ ਤੋਂ ਬਰਖਾਸਤ ਕਰਵਾ ਸਕਦਾ ਹੈ। ਭਾਰਤ ਵਿਚ ਅਨੇਕਾਂ ਅਜਿਹੇ ਮੌਕੇ ਆਏ ਜਦੋਂ ਮੰਤਰੀਆਂ ਨੂੰ ਆਪਣੇ ਵਿਭਾਗਾਂ ਵਿਚ ਹੋਈਆਂ ਗਲਤੀਆਂ ਕਾਰਨ ਅਸਤੀਫ਼ੇ ਦੇਣੇ ਪਏ।

13. **ਪ੍ਰਸ਼ਾਸਕੀ ਕਿਸਮਾਂ (Administrative Adjudication)** :- ਆਧੁਨਿਕ ਸਮੇਂ ਵਿਚ ਕਲਿਆਣਕਾਰੀ ਰਾਜ ਦੇ ਕਾਰਜਾਂ ਦੀ ਗੁੰਝਲਦਾਰ ਅਤੇ ਵਿਸਤ੍ਰਿਤ ਪ੍ਰਕ੍ਰਿਤੀ ਨਤੀਜੇ ਵਜੋਂ ਪ੍ਰਸ਼ਾਸਨ ਨੂੰ ਸਿਰਫ ਵਿਧਾਨਕ ਸ਼ਕਤੀਆਂ ਹੀ ਪ੍ਰਾਪਤ ਨਹੀਂ ਬਲਕਿ ਨਿਆਂਇਕ ਸ਼ਕਤੀਆਂ ਵੀ ਪ੍ਰਾਪਤ ਹਨ। ਪ੍ਰਸ਼ਾਸਨ ਇਹਨਾਂ ਸ਼ਕਤੀਆਂ ਦੀ ਵਰਤੋਂ ਸਰਵਜਨਕ ਨੀਤੀ ਨੂੰ ਲਾਗੂ ਕਰਦੇ ਸਮੇਂ ਪੈਦਾ ਹੋਣ ਵਾਲੇ ਵਿਵਾਦਾਂ ਨੂੰ ਨਿਪਟਾਉਣ ਲਈ ਕਰਦਾ ਹੈ। ਅਸਲ ਵਿਚ ਸ਼ਾਸਨ ਦਾ ਸੰਚਾਲਨ ਕਰਨ ਲਈ ਅਧਿਕਾਰੀਆਂ ਨੂੰ ਕਈ ਪ੍ਰਕਾਰ ਦੇ ਅਜਿਹੇ ਝਗੜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹਨਾਂ ਦੀ ਪ੍ਰਕ੍ਰਿਤੀ ਨਿਆਇਕ (Judicial) ਜਾਂ ਅਰਧ-ਨਿਆਂਇਕ (Ouasi-Judicial) ਹੁੰਦੀ ਹੈ। ਅਜਿਹੇ ਝਗੜਿਆਂ ਦਾ ਪ੍ਰਸ਼ਾਸਕੀ ਵਿਭਾਗਾਂ ਜਾਂ ਸੰਸਥਾਵਾਂ ਦੁਆਰਾ ਕੀਤੇ ਜਾਣ ਵਾਲੇ ਨਿਰਣਿਆਂ ਦੀ ਪ੍ਰਕ੍ਰਿਆ ਨੂੰ ਪ੍ਰਸ਼ਾਸਕੀ ਨਿਆਂ (Administrative Adjudication) ਕਹਿੰਦੇ ਹਨ। ਅਜਿਹੀਆਂ ਸੰਸਥਾਵਾਂ ਸਾਧਾਰਣ ਅਦਾਲਤਾਂ ਵਾਂਗ ਭਿੰਨ-ਭਿੰਨ ਪੱਖਾਂ ਨੂੰ ਸੁਣਦੀਆਂ ਹਨ। ਗਵਾਹਾਂ ਦਾ ਪਰੀਖਣ ਕਰਦੀਆਂ ਹਨ ਅਤੇ ਉਹਨਾਂ ਮਾਮਲਿਆਂ ਵਿਚ ਜਿਹਨਾਂ ਦਾ ਸੰਬੰਧ ਕਾਨੂੰਨੀ ਅਧਿਕਾਰਾਂ ਜਾਂ ਕਰਤੱਵਾਂ ਨਾਲ ਹੋਵੇ ਨਿਰਣਾ ਦਿੰਦੀਆ ਹਨ। ਪ੍ਰਸ਼ਾਸਕੀ ਨਿਆਂ ਕਰਨ ਵਾਲੀਆਂ ਸੰਸਥਾਵਾਂ ਨੂੰ ਪ੍ਰਸ਼ਾਸਕੀ ਟਰੀਬਿਊਨਲ (Administrative Tribunals) ਕਹਿੰਦੇ ਹਨ। ਭਾਰਤ ਵਿਚ ਵੱਖ-ਵੱਖ ਪ੍ਰਸ਼ਾਸਕੀ ਕਾਰਜਾਂ ਨੂੰ ਆਸਾਨੀ ਨਾਲ ਲਾਗੂ ਕਰਨ ਲਈ ਅਤੇ ਉਹਨਾਂ ਨਾਲ ਸੰਬੰਧਤ ਵਿਵਾਦਾਂ ਦਾ ਨਿਰਣੇ ਕਰਨ ਲਈ ਬਹੁਤ ਸਾਰੇ ਅਜਿਹੇ ਪ੍ਰਸ਼ਾਸ਼ਕੀ ਟਰੀਬਿਊਨਲਾਂ ਦੀ ਸਥਾਪਨਾ ਕੀਤੀ ਗਈ ਹੈ, ਜਿਹਨਾਂ ਨੂੰ ਅਰਧ-ਨਿਆਂਇਕ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ।

14. **ਗਤੀਸ਼ੀਲ ਅਤੇ ਪਰਿਵਰਤਨਸ਼ੀਲ ਪ੍ਰਸ਼ਾਸਨ (Dynamic and Changeable Administration)** - ਭਾਰਤੀ ਪ੍ਰਸ਼ਾਸਨ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਪ੍ਰਸ਼ਾਸਨ ਹੈ। ਦੇਸ਼ ਵਿਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਸੰਸਦੀ ਲੋਕਤੰਤਰ ਪ੍ਰਣਾਲੀ ਅਪਣਾਏ ਜਾਣ ਕਾਰਨ ਪ੍ਰਸ਼ਾਸਨ ਦੇ ਸੰਗਠਨ ਤੋਂ ਪਹਿਲਾਂ ਭਾਵੇਂ ਭਾਰਤ ਵਿਚ ਸੰਸਦੀ ਪ੍ਰਣਾਲੀ ਦੀ ਸਥਾਪਨਾ ਵੱਲ ਕਦਮ ਚੁੱਕੇ ਗਏ ਸਨ ਪਰ ਵਿਵਹਾਰਿਕ ਰੂਪ ਵਿਚ ਇਹ ਇਕ ਦਮਨਕਾਰੀ ਸ਼ਾਸਨ ਸੀ ਜਿਸਦਾ ਉਦੇਸ਼ ਬ੍ਰਿਟਿਸ਼ ਹਿੱਤਾਂ ਦੀ ਰੱਖਿਆ ਕਰਨਾ ਸੀ। ਪਰ ਸੁਤੰਤਰਤਾ ਤੋਂ ਬਾਅਦ ਸਥਿਤੀ ਬਦਲ ਗਈ। ਪ੍ਰਸ਼ਾਸਨ ਜਨਤਾ ਦੀ ਮਾਲਕ ਦੀ ਥਾਂ ਤੇ ਜਨਸੇਵਕ ਦੀ ਭੂਮਿਕਾ ਨਿਭਾਉਣ ਲੱਗਾ। ਸੰਵਿਧਾਨ ਦੇ ਨਿਰਮਾਤਾਵਾਂ ਦੁਆਰਾ ਕਲਿਆਣਕਾਰੀ ਰਾਜ ਦੀ ਧਾਰਨਾ ਦੇ ਅਪਣਾਏ ਜਾਣ ਕਾਰਨ ਪ੍ਰਸ਼ਾਸਨ ਦੇ ਉਦੇਸ਼ ਅਤੇ ਕਾਰਜ ਖੇਤਰ ਵਿਚ ਵੀ ਵਿਸ਼ੇਸ਼ ਤਬਦੀਲੀ ਆਈ ਹੈ। ਸੁਤੰਤਰਤਾ ਤੋਂ ਪਹਿਲਾਂ ਇਸ ਦਾ ਉਦੇਸ਼ ਦਮਨਕਾਰੀ ਨੀਤੀ ਅਪਣਾ ਕੇ ਭਾਰਤੀ ਸੁਤੰਤਰਤਾ ਦੀ ਲਹਿਰ ਨੂੰ ਦਬਾ ਕੇ ਬ੍ਰਿਟਿਸ਼ ਹਿੱਤਾਂ ਦੀ ਰੱਖਿਆ ਕਰਨਾ ਸੀ ਪਰ ਹੁਣ ਇਸ ਨੂੰ ਸ਼ਾਸਨ ਦੀ ਥਾਂ ਤੇ ਲੋਕਾਂ ਦੀ ਸੇਵਾ ਦਾ ਕੰਮ ਕਰਨਾ ਪਿਆ। ਭਾਰਤੀ ਪ੍ਰਸ਼ਾਸਨ ਨੇ ਇਨ੍ਹਾਂ ਬਦਲ ਰਹੀਆਂ ਪਰਸਥਿਤੀਆਂ ਦੇ ਨਾਲ-ਨਾਲ ਨਵੇਂ ਉਦੇਸ਼ਾਂ ਅਤੇ ਕਾਰਜਵਿਧੀ ਵਿਚ ਪਰਿਵਰਤਨ ਨੂੰ ਅਪਣਾ ਲਿਆ। ਇਸ ਦੇ ਇਲਾਵਾ ਆਰਥਕ ਅਤੇ ਸਮਾਜਿਕ ਵਿਕਾਸ ਲਈ ਨਿਯੋਜਨ ਨੂੰ ਅਪਣਾਉਣ ਕਾਰਨ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਵਿਚ ਹੋਰ ਵਾਧਾ ਹੋਇਆ। ਸਮੁਦਾਇਕ ਵਿਕਾਸ ਪ੍ਰੋਗਰਾਮ, ਏਕੀਕ੍ਰਿਤ ਦਿਹਾਤੀ ਵਿਕਾਸ ਪ੍ਰੋਗਰਾਮ ਆਦਿ ਨਾਲ ਦਿਹਾਤੀ ਵਿਕਾਸ ਅਤੇ ਉਦਯੋਗੀਕਰਣ ਅਤੇ ਸ਼ਹਿਰੀਕਰਣ ਰਾਹੀਂ ਸ਼ਹਿਰੀ ਵਿਕਾਸ ਦੀ ਜ਼ਿੰਮੇਵਾਰੀ ਵੀ ਪ੍ਰਸ਼ਾਸਨ ਤੇ ਆ ਗਈ। ਅਜਿਹੀ ਹਾਲਤ ਵਿਚ ਪ੍ਰਸ਼ਾਸਨ ਦੀ ਸੰਰਚਨਾ ਵਿਚ ਵੱਡੇ ਪਰਿਵਰਤਨ ਕੀਤੇ ਗਏ ਅਤੇ ਇਸਨੇ ਬੜੇ ਉਤਸ਼ਾਹ ਅਤੇ ਕੁਸ਼ਲਤਾ ਨਾਲ ਆਪਣੇ ਕਰਤੱਵਾਂ ਦੀ ਪਾਲਨਾ ਕੀਤੀ ਅਤੇ ਦੇਸ਼ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿੱਤਾ।

## ਸਵੈ-ਅਭਿਆਸ ਪ੍ਰਸ਼ਨਾਵਲੀ-II

1. ਸਿੱਧ ਕਰੋ ਕਿ ਭਾਰਤ ਇਕ ਕਲਿਆਣਕਾਰੀ ਰਾਜ ਹੈ।
2. ਭਾਰਤ ਪ੍ਰਸ਼ਾਸਨ ਸਥਾਈ ਅਤੇ ਨਿਰਪੱਖ ਕਿਵੇਂ ਹੈ।

ਇਸੇ ਤਰ੍ਹਾਂ ਜੇਕਰ ਵਿਭਾਗ ਦੇ ਸਥਾਈ ਕਰਮਚਾਰੀ ਦੁਆਰਾ ਆਪਣੇ ਕਾਰਜਾਂ ਪ੍ਰਤੀ ਲਾਪ੍ਰਵਾਹੀ ਵਰਤੀ ਜਾਂਦੀ ਹੈ ਅਤੇ ਜਿਸ ਨਾਲ ਵਿਭਾਗ ਨੂੰ ਨੁਕਸਾਨ ਹੁੰਦਾ ਹੈ ਤਾਂ ਸੰਬੰਧਤ ਕਰਮਚਾਰੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਂਦੀ ਹੈ। ਵਰਤਮਾਨ ਸਮੇਂ ਤਾਂ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ ਜੇਕਰ ਕਿਸੇ ਕਰਮਚਾਰੀ ਦੀ ਅਣਗਹਿਲੀ ਕਾਰਨ ਵਿਭਾਗ/ਸਰਕਾਰ ਨੂੰ ਕੋਈ ਮਾਇਕ ਘਾਟਾ ਪੈਂਦਾ ਹੈ ਤਾਂ ਘਾਟੇ ਦੀ ਉਹ ਰਕਮ ਸੰਬੰਧਤ ਅਧਿਕਾਰੀ/ਕਰਮਚਾਰੀ ਦੀ ਤਨਖਾਹ ਵਿੱਚ ਕਟੌਤੀ ਕਰਕੇ ਪੂਰੀ ਕੀਤੀ ਜਾਂਦੀ ਹੈ। ਅਜਿਹੀ ਵਿਵਸਥਾ ਨੇ ਕਰਮਚਾਰੀਆਂ ਨੂੰ ਆਪਣੇ ਕਾਰਜਾਂ ਪ੍ਰਤੀ ਵਧੇਰੇ ਜ਼ਿੰਮੇਵਾਰ ਬਣਾ ਦਿਤਾ ਹੈ। ਇਸੇ ਤਰ੍ਹਾਂ ਜੇਕਰ ਕਰਮਚਾਰੀ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਸਮੇਂ ਨਿਰਧਾਰਤ ਵਿਧੀ ਨਹੀਂ ਅਪਨਾਉਂਦੇ ਜਾਂ ਆਪਣੇ ਨਿਰਧਾਰਿਤ ਖੇਤਰ ਦੀ ਉਲੰਘਣਾ ਕਰਦੇ ਹਨ ਜਾਂ ਕਾਨੂੰਨ ਦੇ ਵਿਰੁੱਧ ਕੋਈ ਕਾਰਜ ਕਰਦੇ ਹਨ ਤਾਂ ਨਿਆਂਪਾਲਿਕਾ ਵੀ ਵੱਖ-ਵੱਖ ਲੇਖ (Writs) ਜਾਰੀ ਕਰਕੇ ਪ੍ਰਸ਼ਾਸਨ ਉੱਤੇ ਆਪਣਾ ਕੰਟਰੋਲ ਕਾਇਮ ਕਰਦੀ ਹੈ।

1:3 ਸਿੱਟਾ (**Conclusion**) : ਉਪਰੋਕਤ ਵੇਰਵੇ ਤੋਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਸੁਤੰਤਰਤਾ ਤੋਂ ਪਹਿਲਾਂ ਅਤੇ ਸੁਤੰਤਰਤਾ ਤੋਂ ਬਾਅਦ ਭਾਰਤੀ ਪ੍ਰਸ਼ਾਸਨ ਵਿਚ ਬਹੁਤ ਵਡੇ ਪੱਧਰ ਉੱਤੇ ਸੁਧਾਰ ਹੋਇਆ ਹੈ। ਦੇਸ਼ ਵਿਚ ਲੋਕਤੰਤਰੀ ਪ੍ਰਸ਼ਾਸਨ ਦੇ ਸਥਾਪਤ ਹੋਣ ਨਾਲ ਲੋਕਾਂ ਦੇ ਮਾਣ ਵਿਚ ਕਾਫ਼ੀ ਵਾਧਾ ਹੋਇਆ ਹੈ। ਯੋਜਨਾਬੰਦੀ, ਤਕਨੀਕੀ ਗਿਆਨ ਦੇ ਵਾਧੇ, ਸਥਾਈ, ਸਿੱਖਿਅਤ ਅਤੇ ਰਾਜਨੀਤੀ ਦੇ ਖੇਤਰ ਵਿਚ ਨਿਰਪੱਖ ਨੌਕਰਸ਼ਾਹੀ ਆਦਿ ਵਿਸ਼ੇਸ਼ਤਾਈਆਂ ਨੇ ਦੇਸ਼ ਦੇ ਸਰਵ-ਪੱਖੀ ਵਿਕਾਸ ਵਿਚ ਆਪਣਾ ਪੂਰਾ ਯੋਗਦਾਨ ਪਾਇਆ ਹੈ।

### 1.4 ਸ਼ਬਦਾਵਲੀ

1. **ਭੂਤ ਕਾਲ ਦੀ ਦੇਣ** :- ਇਹ ਦਾ ਅਰਥ ਹੈ ਕਿ ਭੂਤਕਾਲ ਵਿਚ ਪ੍ਰਚਲਤ ਪ੍ਰਣਾਲੀ ਨੇ ਸਾਡੀ ਵਰਤਮਾਨ ਪ੍ਰਸ਼ਾਸਕੀ ਪ੍ਰਣਾਲੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।
2. ਸੰਘੀ ਸੂਚੀ ਉਹ ਸੂਚੀ ਹੈ ਜਿਸ ਵਿਚ ਰਾਸ਼ਟਰੀ ਮਹੱਤਤਾ ਦੇ ਵਿਸ਼ਿਆ ਜਿਵੇਂ ਕਿ ਰੱਖਿਆ, ਬਦੇਸ਼ੀ ਮਾਮਲੇ ਆਦਿ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਵਲ ਕੇਂਦਰ ਦੀ ਸੰਸਦ ਨੂੰ ਪ੍ਰਮਾਣ ਹੈ।
3. ਰਾਜ ਸੂਚੀ ਦਾ ਵਿਚ ਸਥਾਨ ਮਹੱਤਤਾ ਵਿਸ਼ੇ ਜਿਵੇਂ ਕਿ ਸਿਹਤ, ਪੁਲਿਸ ਅਤੇ ਜੇਲਾਂ ਆਦਿ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਰਾਜਾਂ ਦੇ ਵਿਧਾਨ ਮੰਡਲਾਂ ਨੂੰ ਪ੍ਰਦਾਨ ਕੀਤਾ ਗਿਆ ਹੈ।
4. ਸਮਵਰਤੀ ਸੂਚੀ ਕੇਂਦਰ ਅਤੇ ਰਾਜਾਂ ਦੋਹਾਂ ਦੀ ਸਾਂਝੀ ਸੂਚੀ ਹੈ ਜਿਸ ਵਿਚ 47 ਵਿਸ਼ੇ ਜਿਵੇਂ ਕਿ ਵਿਆਹ ਅਤੇ ਤਲਾਕ ਹਨ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਕੇਂਦਰੀ ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੋਹਾਂ ਨੂੰ ਪ੍ਰਾਪਤ ਹੈ।
5. ਸਥਾਈ ਅਤੇ ਨਿਰਪੱਖ ਪ੍ਰਸ਼ਾਸਨ ਦਾ ਭਾਵ ਹੈ ਕਿ ਇਸਦੇ ਕਰਮਚਾਰੀ ਇਕ ਨਿਸ਼ਚਤ ਉਮਰ ਤੇ ਪ੍ਰਸ਼ਾਸਨ ਵਿਚ ਸ਼ਾਮਿਲ ਹੁੰਦੇ ਹਨ ਅਤੇ ਇਕ ਨਿਸ਼ਚਤ ਉਮਰ ਪੂਰੀ ਕਰਨ ਤੇ ਆਪਣੇ ਪੱਦ ਤੋਂ ਰੀਟਾਇਰ ਹੋ ਜਾਂਦੇ ਹਨ। ਭਾਵ ਕਿ ਸਰਕਾਰ ਕਿਸੇ ਵੀ ਦਲ ਦੀ ਬਣ ਜਾਵੇ, ਇਹਨਾਂ ਨੇ ਉਸਦੇ ਹੀ ਆਦੇਸ਼ਾ ਦੀ ਪਾਲਣਾ ਕਰਨਾ ਹੈ।
6. ਵਿਕੇਂਦਰਿਤ ਪ੍ਰਸ਼ਾਸਨ ਦਾ ਭਾਵ ਹੈ ਕਿ ਸ਼ਕਤੀਆਂ ਕੇਂਦਰ ਅਤੇ ਰਾਜਾਂ ਵਿਚ ਵੰਡੀਆਂ ਗਈਆਂ ਹਨ ਅਤੇ ਇਹ ਦੋਵੇਂ ਪੱਧਰ ਆਪਣੇ-ਆਪਣੇ ਖੇਤਰ ਵਿਚ ਸੁਤੰਤਰਤਾ ਸਹਿਤ ਕੰਮ ਕਰਦੇ ਹਨ।

### 1:5 ਸੁਝਾਈਆਂ ਗਈਆਂ ਪੁਸਤਕਾਂ

1. ਭਾਰਤੀ ਪ੍ਰਸ਼ਾਸਨ – ਅਵਸਥੀ ਮਹੇਸ਼ਵਰੀ
2. ਭਾਰਤੀ ਪ੍ਰਸ਼ਾਸਨ – ਸਾਹਿਬ ਸਿੰਘ, ਸਵਿੰਦਰ ਸਿੰਘ
3. ਭਾਰਤੀ ਪ੍ਰਸ਼ਾਸਨ – ਕੇ.ਕੇ. ਪੁਰੀ
4. ਭਾਰਤੀ ਪ੍ਰਸ਼ਾਸਨ – ਹਰਬੀਰ ਸਿੰਘ

## 1.6 ਆਪਣੇ ਅਭਿਆਸ ਲਈ ਦਿੱਤੀ ਪ੍ਰਸ਼ਨਾਵਲੀ ਦੇ ਉੱਤਰ :

### ਸਵੈ-ਅਭਿਆਸ ਪ੍ਰਸ਼ਨਾਵਲੀ - I

1. ਭਾਰਤੀ ਸੰਵਿਧਾਨ ਵਿਚ ਉਹ ਸਾਰੀਆਂ ਵਿਸ਼ੇਸ਼ਤਾਈਆਂ ਮੌਜੂਦ ਹਨ ਜੋ ਕਿ ਸੰਘੀ ਸਰਕਾਰ ਲਈ ਹੋਣੀਆਂ ਜ਼ਰੂਰੀ ਹਨ ਜਿਵੇਂ ਕਿ ਲਿਖਤੀ ਸੰਵਿਧਾਨ, ਕਠੋਰ ਸੰਵਿਧਾਨ, ਨਿਆਂ ਪਾਲਿਕਾ ਦੀ ਸੁਤੰਤਰਤਾ, ਕੇਂਦਰ ਅਤੇ ਰਾਜਾਂ ਵਿਚ ਸੰਵਿਧਾਨ ਰਾਹੀਂ ਸ਼ਕਤੀਆਂ ਦੀ ਵੰਡ, ਸੰਵਿਧਾਨ ਦੀ ਸਰਵਉਚਤਾ, ਦੋ-ਸਦਨੀ ਵਿਧਾਨ ਮੰਡਲ ਆਦਿ।

2. ਭਾਰਤੀ ਸੰਵਿਧਾਨ ਦੇ ਸੰਘੀ ਹੋਣ ਦੇ ਬਾਵਜੂਦ ਇਸ ਵਿਚ ਇਕਾਤਮਕ ਸੰਵਿਧਾਨ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਪਾਈਆਂ ਗਈਆਂ ਹਨ ਜਿਵੇਂ ਕਿ : ਕੇਂਦਰ ਕੋਲ ਰਾਜਾਂ ਦੇ ਮੁਕਾਬਲੇ ਵਧੇਰੇ ਸ਼ਕਤੀਆਂ ਦਾ ਹੋਣਾ, ਰਾਜਾਂ ਦੇ ਰਾਜਪਾਲਾਂ ਦੀ ਰਾਸ਼ਟਰਪਤੀ ਦੁਆਰਾ ਨਿਯੁਕਤੀ ਕਰਨਾ ਅਤੇ ਉਹਨਾਂ ਨੂੰ ਪੱਦ ਤੋਂ ਹਟਾਉਣਾ, ਸੰਕਟਕਾਲੀਨ ਸ਼ਕਤੀਆਂ ਦਾ ਹੋਣਾ, ਸਰਵ-ਭਾਰਤੀ ਸੇਵਾਵਾਂ ਦਾ ਹੋਣਾ, ਕੰਪਟਰੋਲਰ ਅਤੇ ਆਡੀਟਰ ਜਨਰਲ, ਸੰਘੀ ਇਲਾਕੇ, ਯੋਜਨਾਬੰਦੀ, ਕੇਂਦਰ ਸਰਕਾਰ ਕੋਲ ਰਾਜ ਸੂਚੀ ਵਿਚ ਦਖਲ ਦੇਣ ਦਾ ਅਧਿਕਾਰ ਰਾਜਾਂ ਦੀ ਕੇਂਦਰ ਉੱਤੇ ਵਿੱਤੀ ਨਿਰਭਰਤਾ ਆਦਿ।

### ਪ੍ਰਸ਼ਨਾਵਲੀ-II

1. ਭਾਰਤ ਇਕ ਕਲਿਆਣਕਾਰੀ ਰਾਜ ਹੈ। ਨਿਮਨਲਿਖਤ ਵਿਸ਼ੇਸ਼ਤਾਈਆਂ ਭਾਰਤੀ ਸੰਵਿਧਾਨ ਨੂੰ ਕਲਿਆਣਕਾਰੀ ਰਾਜ ਦਾ ਦਰਜਾ ਪ੍ਰਦਾਨ ਕਰਦੀਆਂ ਹਨ ਜਿਵੇਂ ਕਿ ਪ੍ਰਸਤਾਵਨਾ ਜਿਸ ਵਿਚ ਇਹ ਦਰਜ ਹੈ ਕਿ ਅਸੀਂ ਭਾਰਤ ਦੇ ਲੋਕ ਭਾਰਤ ਨੂੰ ਪ੍ਰਭੂਤਾਧਾਰੀ ਲੋਕਰਾਜੀ ਗਣਰਾਜ ਘੋਸ਼ਿਤ ਕਰਕੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਨਿਆਂ ਦਿਵਾਉਣ ਦੀ ਕਸਮ ਖਾਂਦੇ ਹਨ, ਮੌਲਿਕ ਅਧਿਕਾਰ, ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਜਿਵੇਂ ਕਿ ਸਾਰਿਆਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨਾ, ਔਰਤਾਂ ਤੇ ਮਰਦਾਂ ਲਈ ਸਮਾਨ ਕੰਮ ਲਈ ਸਮਾਨ ਤਨਖਾਹ ਦੀ ਵਿਵਸਥਾ ਕਰਨਾ, ਬੇਰੁਜ਼ਗਾਰੀ, ਬੁਢਾਪਾ, ਅੰਗਹੀਣਤਾ ਆਦਿ ਹਾਲਤ ਵਿਚ ਸਹਾਇਤਾ ਕਰਨਾ ਆਦਿ।

2. ਭਾਰਤੀ ਪ੍ਰਸ਼ਾਸਨ ਸਥਾਈ ਅਤੇ ਨਿਰਪੱਖ ਹੈ ਕਿਉਂਕਿ ਸਰਕਾਰੀ ਕਰਮਚਾਰੀ ਇਕ ਨਿਸ਼ਚਤ ਉਮਰ ਵਿਚ ਨੌਕਰੀ ਤੇ ਨਿਯੁਕਤ ਹੁੰਦੇ ਹਨ ਅਤੇ ਇਕ ਨਿਸ਼ਚਤ ਉਮਰ ਪੂਰੀ ਕਰਨ ਤੇ ਰੀਟਾਇਰ ਹੋ ਜਾਂਦੇ ਹਨ। ਇਹ ਕਰਮਚਾਰੀ ਆਪਣੇ ਕਾਰਜਾਂ ਦੀ ਪੂਰਤੀ ਨਿਰਪੱਖਤਾਂ ਨਾਲ ਕਰਦੇ ਹਨ ਭਾਵ ਕਿ ਇਹ ਨਾਂ ਤਾਂ ਕਿਸੇ ਰਾਜਨੀਤਿਕ ਦਲ ਦੇ ਮੈਂਬਰ ਬਣ ਸਕਦੇ ਹਨ, ਨਾਂ ਕਿਸੇ ਦਲ ਦੇ ਪੱਖ ਜਾਂ ਵਿਰੁੱਧ ਪ੍ਰਚਾਰ ਕਰ ਸਕਦੇ ਹਨ ਨਾਂ ਹੀ ਕਿਸੇ ਦਲ ਨੂੰ ਕੋਈ ਚੰਦਾ ਦੇ ਸਕਦੇ ਹਨ ਸਗੋਂ ਕਿਸੇ ਵੀ ਰਾਜਨੀਤਿਕ ਦਲ ਦੀ ਸਰਕਾਰ ਬਣੇ, ਇਹ ਉਸ ਸੱਤਾਧਾਰੀ ਦਲ ਦੇ ਹੁਕਮਾਂ ਦੀ ਨਿਰਪੱਖਤਾ ਨਾਲ ਪਾਲਣਾ ਕਰਦੇ ਹਨ।

ਪਾਠ ਨੰ: **1.2**

# ਸੰਘ-ਰਾਜ ਸਬੰਧ-ਪ੍ਰਸ਼ਾਸਕੀ ਅਤੇ ਵਿਧਾਨਕਾਰੀ

## ਰੂਪ-ਰੇਖਾ

2.0 ਉਦੇਸ਼
2.1 ਭੂਮਿਕਾ
2.2 ਵਿਧਾਨਿਕ ਸੰਬੰਧ
 2.2.1. ਤਿੰਨ ਸੂਚੀਆਂ
 2.2.2. ਅਨੁਛੇਦ 249
 2.2.2. ਅਨੁਛੇਦ 250
 2.2.4. ਅਨੁਛੇਦ 252
 2.2.5. ਅਨੁਛੇਦ 252
 2.2.6. ਅਨੁਛੇਦ 205
 2.2.7. ਸਬੰਧਾਂ ਦਾ ਵਿਸ਼ਲੇਸ਼ਣ
2.3 ਪ੍ਰਸ਼ਾਸਕੀ ਸਬੰਧ
2.4 ਆਲੋਚਨਾਤਮਕ ਮੁਲਾਂਕਣ
2.5. ਸਰਕਾਰੀ ਆਯੋਗ
 2.5.1. ਸੁਝਾਉ
2.6 ਸਾਰਾਂਸ਼
2.7 ਸੰਬੰਧਤ ਪੁਸਤਕਾਂ ਦੀ ਸੂਚੀ
2.8 ਸਵੈ-ਪਰਖ ਪ੍ਰਸ਼ਨਾਵਲੀ ਦੇ ਉੱਤਰ

## 2.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਭਾਰਤ ਵਿਚ ਕੇਂਦਰ ਅਤੇ ਰਾਜਾਂ ਦਰਮਿਆਨ ਵਿਧਾਨਿਕ ਅਤੇ ਪ੍ਰਸ਼ਾਸਕੀ ਸੰਬੰਧਾਂ ਨੂੰ ਸਮਝ ਸਕੋਗੇ;
* ਇਹਨਾਂ ਸੰਬੰਧਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਦੇ ਸਮਰਥ ਹੋਵੋਗੇ ।

## 2.1 ਭੂਮਿਕਾ

ਭਾਰਤੀ ਸੰਵਿਧਾਨ ਦੇ ਸਰੂਪ ਬਾਰੇ ਕਾਨੂੰਨਦਾਨਾਂ ਅਤੇ ਰਾਜਨੀਤਕ ਵਿਗਿਆਨੀਆਂ ਵਿਚਕਾਰ ਵਿਚਾਰਯੋਗ ਵਾਦਵਿਵਾਦ ਪਾਇਆ ਜਾਂਦਾ ਹੈ । ਇਸ ਦੇ ਵਰਗੀਕਰਨ ਬਾਰੇ ਕਾਫੀ ਸਮੇਂ ਤੋਂ ਸ਼ੱਕ ਪ੍ਰਗਟ ਕੀਤਾ ਜਾਂਦਾ ਰਿਹਾ ਹੈ ਕਿ ਇਸ ਨੂੰ ਸੰਘਾਤਮਕ, ਅਰਧ ਸੰਘਾਤਮਕ ਜਾਂ ਸੰਘਾਤਮਕ ਲੱਛਣਾਂ ਵਾਲਾ ਇਕਾਤਮਕ ਰਾਜ ਕਿਹਾ ਜਾਵੇ । ਭਾਵੇਂ ਸਿਧਾਂਤਕ ਵਾਦ-ਵਿਵਾਦ ਦੇ ਜੋ ਵੀ ਲੱਛਣ ਹੋਣ ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਥੇ ਵੱਖ-ਵੱਖ ਸਤਰ ਦੀਆਂ ਸਰਕਾਰਾਂ ਹਨ ਜਿਨ੍ਹਾਂ ਦਾ ਆਪਣਾ ਵਿਧਾਨ ਮੰਡਲ ਅਤੇ ਕਾਰਜ ਪਾਲਿਕਾ ਹੈ । ਸਮੁੱਚੇ ਤੌਰ ਤੇ ਭਾਰਤੀ ਸੰਵਿਧਾਨ ਦੀ ਬਨਾਵਟ ਇਤਨੀ ਆਸਾਧਾਰਣ ਅਤੇ ਆਪਣੇ ਆਪ ਵਿਚ ਇਕਰੂਪਤਾ ਵਾਲੀ ਦਿਖਾਈ ਦਿੰਦੀ ਹੈ ਕਿ ਇਸ ਨੂੰ ਸੰਖੇਪ ਰੂਪ ਵਿਚ ਠੀਕ ਢੰਗ ਨਾਲ ਵਰਨਣ ਕਰਨਾ ਬਹੁਤ ਮੁਸ਼ਕਿਲ ਹੈ ।ਫਿਰ ਵੀ ਅਸੀਂ ਨਿਰਸੰਦੇਹ ਕਹਿ ਸਕਦੇ ਹਾਂ ਕਿ ਭਾਰਤੀ ਸੰਵਿਧਾਨ ਚਰਿੱਤਰ ਦੇ ਪੱਖ ਤੋਂ ਨਾ ਹੀ ਪੂਰੀ ਤਰ੍ਹਾਂ ਸੰਘੀ ਹੈ ਅਤੇ ਨਾ ਹੀ ਇਕਾਤਮਕ ਹੈ । ਅਸਲ ਵਿਚ ਇਹ ਦੋਹਾਂ ਢਾਂਚਿਆਂ ਦਾ ਮਿਸ਼ਰਨ ਹੈ । ਨਿਰਸੰਦੇਹ ਭਾਰਤੀ ਸੰਵਿਧਾਨ ਦੀ ਬਨਾਵਟ ਸੰਘਾਤਮਕ

ਢਾਂਚੇ ਦੇ ਪੱਖ ਵਿਚ ਹੈ, ਇਕਾਤਮਕ ਢਾਂਚਿਆਂ ਵੱਲ ਨਹੀਂ ।

ਹਰ ਸੰਘ ਸੰਵਿਧਾਨ ਸੰਘ ਅਤੇ ਰਾਜਾਂ ਵਿਚਕਾਰ ਸਬੰਧਾਂ ਨੂੰ ਚਲਾਉਣ ਲਈ ਉਪਬੰਧਾਂ ਦੀ ਵਿਵਸਥਾ ਕਰਦਾ ਹੈ । ਇਹੋ ਜਿਹੇ ਜ਼ਰੂਰੀ ਉਪਬੰਧ ਦੋ ਬਰਾਬਰ ਇਖਤਿਆਰਾਂ ਵਿਚਕਾਰ ਸੰਘਰਸ਼ ਹੋਣ ਦੀ ਸਥਿਤੀ ਵਿਚ ਫੈਸਲਾ ਪ੍ਰਦਾਨ ਕਰਦੇ ਹਨ । ਆਮ ਤੌਰ ਤੇ ਕੇਂਦਰ ਅਤੇ ਰਾਜਾਂ ਵਿਚਕਾਰ ਸੰਘਰਸ਼ ਚਾਰ ਖੇਤਰਾਂ ਵਿਚਕਾਰ ਹੁੰਦਾ ਹੈ, ਵਿਧਾਨਿਕ, ਪ੍ਰਸ਼ਾਸਨਿਕ, ਨਿਆਂਪਾਲਿਕਾ ਸਬੰਧੀ ਅਤੇ ਵਿੱਤੀ ਖੇਤਰ ਵਿਚ । ਭਾਰਤੀ ਸੰਵਿਧਾਨ ਇਕਹਿਰੀ ਸੰਗਠਤ ਨਿਆਂਪਾਲਿਕਾ ਦੀ ਵਿਵਸਥਾ ਕਰਦਾ ਹੈ । ਇਸ ਲਈ ਕੇਂਦਰੀ ਅਤੇ ਰਾਜਾਂ ਵਿਚਕਾਰ ਨਿਆਂਇਕ ਸੰਘਰਸ਼ ਨੂੰ ਤਕਰੀਬਨ ਖਤਮ ਕਰ ਦਿੱਤਾ ਗਿਆ ਹੈ । ਦੂਜੇ ਖੇਤਰਾਂ ਵਿਚ ਭਾਰਤੀ ਸੰਵਿਧਾਨ ਸੰਘ ਅਤੇ ਰਾਜਾਂ ਵਿਚਕਾਰ ਵਿਧਾਨਿਕ, ਪ੍ਰਸ਼ਾਸਨਿਕ ਅਤੇ ਵਿੱਤੀ ਸੰਬੰਧਾਂ ਦੀ ਵਿਵਸਥਾ ਕਰਦਾ ਹੈ ਤਾਂ ਕਿ ਭਾਰਤੀ ਸੰਘ ਦੀ ਰਾਜਨੀਤਕ ਕੰਮਾਂ ਦੀ ਇਕਰੂਪਤਾ ਨੂੰ ਦਰਸਾਇਆ ਜਾ ਸਕੇ । ਸੰਖੇਪ ਵਿਚ ਭਾਰਤੀ ਸੰਵਿਧਾਨ ਵਿਚ ਸੰਘ ਅਤੇ ਰਾਜਾਂ ਵਿਚਕਾਰ ਵਿਧਾਨਿਕ, ਪ੍ਰਸ਼ਾਸਨਿਕ ਅਤੇ ਵਿੱਤੀ ਖੇਤਰਾਂ ਵਿਚਕਾਰ ਸਬੰਧਾਂ ਨੂੰ ਹੇਠਾਂ ਲਿਖੇ ਅਨੁਸਾਰ ਦਰਸਾਇਆ ਗਿਆ ਹੈ ।

## 2.2 ਵਿਧਾਨਿਕ ਸਬੰਧ

ਹਰ ਸੰਘ ਵਿਚ ਸ਼ਕਤੀਆਂ ਦੀ ਵੰਡ ਖਾਸ ਤੌਰ ਤੇ ਰਾਜਨੀਤਿਕ ਹਾਲਤਾਂ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ । ਅਮਰੀਕਨ ਸੰਘ ਬਣਾਉਣ ਵਾਲੇ 13 ਸੁਤੰਤਰ ਰਾਜਾਂ ਨੂੰ ਅਧੀਨਤਾ ਦੀ ਇਜ਼ਾਜਤ ਸੰਘੀ ਸਰਕਾਰ ਪ੍ਰਤੀ ਨਾ ਮਿਲਣ ਕਰਕੇ ਉਨ੍ਹਾਂ ਦਾ ਰਵੱਈਆ ਸੰਘੀ ਸਰਕਾਰ ਪ੍ਰਤੀ ਕਠੋਰ ਹੋ ਗਿਆ । ਇਸੀ ਕਾਰਣਾਂ ਕਰਕੇ ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ ਵਿਸ਼ਿਆਂ ਦੀ ਇਕ ਹੀ ਸੂਚੀ ਨੂੰ ਸ਼ਾਮਿਲ ਕਰਦਾ ਹੈ । ਇਸ ਤੇ ਕੇਂਦਰੀ ਸਰਕਾਰ ਦੁਆਰਾ ਕਾਨੂੰਨ ਬਣਾਏ ਜਾ ਸਕਦੇ ਹਨ ਅਤੇ ਬਚੀਆਂ ਹੋਈਆਂ ਸ਼ਕਤੀਆਂ ਰਾਜਾਂ ਦੇ ਕੋਲ ਹਨ । ਪਰੰਤੂ ਦੂਜੇ ਪਾਸੇ ਕੈਨੇਡੀਅਨ ਸੰਵਿਧਾਨ ਵਿਚ ਸ਼ਕਤੀਆਂ ਦੀ ਵੰਡ ਦੀ ਇਹ ਵਿਧੀ ਅਮਰੀਕਨ ਵਿਧੀ ਦੇ ਬਿਲਕੁਲ ਉਲਟ ਹੈ । 1867 ਦਾ ਉੱਤਰੀ ਅਮਰੀਕਨ ਐਕਟ ਦੋ ਸੂਚੀਆਂ ਨੂੰ ਸ਼ਾਮਲ ਕਰਦਾ ਹੈ । ਇਸ ਵਿਚ ਕੇਂਦਰ ਦੀਆਂ ਸ਼ਕਤੀਆਂ ਅਤੇ ਉਸ ਦੇ ਅੰਗਾਂ ਦੀਆਂ ਸ਼ਕਤੀਆਂ ਨੂੰ ਦਰਸਾਇਆ ਗਿਆ ਹੈ ਅਤੇ ਬਚੀਆਂ ਹੋਈਆਂ ਸ਼ਕਤੀਆਂ ਕੇਂਦਰ ਸਰਕਾਰ ਨੂੰ ਦਿੱਤੀਆਂ ਗਈਆਂ ਹਨ । ਆਸਟਰੇਲੀਆ ਦੇ ਸੰਵਿਧਾਨ ਵਿਚ ਸ਼ਕਤੀਆਂ ਦੀ ਵੰਡ ਦੀ ਸੂਚੀ ਨੂੰ ਸੰਖੇਪ ਰੂਪ ਵਿਚ ਤਿਆਰ ਕੀਤਾ ਗਿਆ ਹੈ । ਜਿਸ ਵਿਚ ਏਕਾਧਿਕਾਰ ਬਰਤਾਨਵੀ ਰਾਸ਼ਟਰ ਮੰਡਲ ਨੂੰ ਦਿੱਤਾ ਗਿਆ ਹੈ ਅਤੇ ਇਸ ਦੇ ਮੁਕਾਬਲੇ ਸਮਵਰਤੀ ਸੂਚੀ ਦੀ ਲੰਬੀ ਸੂਚੀ ਵਿਚ ਬਚੀਆਂ ਹੋਈਆਂ ਸ਼ਕਤੀਆਂ ਰਾਜਾਂ ਨੂੰ ਦਿੱਤੀਆਂ ਗਈਆ ਹਨ । ਪਰੰਤੂ ਸੰਵਿਧਾਨ ਦੁਆਰਾ ਵਿਵਸਥਾ ਕੀਤੀ ਗਈ ਹੈ ਕਿ ਰਾਜ ਦੇ ਕਾਨੂੰਨ ਨਾਲੋਂ ਬਰਤਾਨਵੀ ਰਾਸ਼ਟਰ ਮੰਡਲ ਦੇ ਕਾਨੂੰਨ ਨੂੰ ਸਰਵਉੱਚਤਾ ਪ੍ਰਾਪਤ ਹੈ । ਇਸ ਤੋਂ ਇਲਾਵਾ ਸਾਂਝੇ ਉਦੇਸ਼ਾਂ ਕਰਕੇ ਉਨ੍ਹਾਂ ਨੇ ਕੁਝ ਖਾਸ ਸ਼ਕਤੀਆਂ ਨੂੰ ਸੰਘੀ ਰਾਜ ਨੂੰ ਦੇਣਾ ਸਵੀਕਾਰ ਕਰ ਲਿਆ ਅਤੇ ਰਾਸ਼ਟਰੀ ਮਹੱਤਤਾ ਵਾਲੇ ਵਿਸ਼ਿਆਂ ਨੂੰ ਆਪਣੇ ਕੋਲ ਰੱਖ ਲਿਆ । ਇਹੋ ਜਿਹੇ ਨਮੂਨੇ ਸੰਵਿਧਾਨਿਕ ਸਭਾ ਦੇ ਅੱਗੇ ਸ਼ਕਤੀਆਂ ਦੀ ਵੰਡ ਕਰਨ ਸਮੇਂ ਸੀ ਅਤੇ ਇਕ ਲੰਬੀ ਬਹਿਸ ਤੋਂ ਬਾਅਦ ਭਾਰਤੀ ਸੰਵਿਧਾਨ ਨਿਰਮਾਤਾਵਾਂ ਨੇ 1935 ਦਾ ਭਾਰਤ ਸਰਕਾਰ ਕਾਨੂੰਨ ਐਕਟ ਨੂੰ ਅਪਣਾ ਲਿਆ । 1935 ਦੇ ਐਕਟ ਅਧੀਨ ਤਿੰਨ ਸੂਚੀਆਂ ਅੰਕਿਤ ਕੀਤੀਆਂ ਗਈਆਂ ਸਨ ਜਿਵੇਂ ਸੰਘ ਸੂਚੀ, ਪ੍ਰਾਂਤਿਕ ਸੂਚੀ, ਸਮਵਰਤੀ ਸੂਚੀ ਅਤੇ ਕਾਨੂੰਨ ਅਧੀਨ ਸੂਚੀਆਂ ਸ਼ਕਤੀਆਂ ਗਵਰਨਰ ਜਨਰਲ ਨੂੰ ਸੌਂਪੀਆਂ ਗਈਆਂ ਸਨ । ਸ਼ਕਤੀਆਂ ਦੀ ਵੰਡ ਦਾ ਜੋ ਸਿਧਾਂਤ ਭਾਰਤ ਵਿਚ ਅਪਣਾਇਆ ਗਿਆ ਹੈ ਉਹ ਨਾ ਹੀ ਅਮਰੀਕਾ ਅਤੇ ਨਾ ਹੀ ਕੈਨੇਡਾ ਤੋਂ ਲਿਆ ਗਿਆ ਹੈ, ਬਲਕਿ ਭਾਰਤ ਦੀ ਰਾਜਨੀਤਿਕ ਪ੍ਰਸਥਿਤੀ ਦੇ ਅਨੁਸਾਰ ਹੀ ਅਪਣਾਇਆ ਗਿਆ ਹੈ । 1935 ਦੇ ਭਾਰਤ ਸਰਕਾਰ ਐਕਟ ਦੇ ਅਨੁਸਾਰ ਸ਼ਕਤੀਆਂ ਦੀ ਵੰਡ ਦੀ ਵਿਵਸਥਾ ਭਾਰਤੀ ਸੰਵਿਧਾਨ ਵਿਚ ਕੀਤੀ ਗਈ ਹੈ ।

### 2.2.1. ਤਿੰਨ ਸੂਚੀਆਂ

ਕੇਂਦਰ ਅਤੇ ਰਾਜਾਂ ਵਿਚ ਵਿਧਾਨਿਕ ਸ਼ਕਤੀਆਂ ਦੀ ਵੰਡ ਭਾਰਤ ਦੇ ਸੰਵਿਧਾਨ ਦੀ ਸਤਵੀਂ ਅਨੁਸੂਚੀ ਦੇ ਅਧੀਨ ਤਿੰਨ ਸੂਚੀਆਂ ਵਿਚ ਕੀਤੀ ਗਈ ਹੈ ।

(i) ਸੰਘ ਸੂਚੀ ਵਿਚ ਉਹ ਸਾਰੇ ਵਿਸ਼ੇ ਸ਼ਾਮਲ ਹਨ ਜੋ ਸੰਸਦ ਦੇ ਅਧਿਕਾਰ-ਖੇਤਰ ਵਿਚ ਆਉਂਦੇ ਹਨ । ਸੰਵਿਧਾਨ ਦੀ ਸਤਵੀਂ ਸੋਧ ਦੁਆਰਾ ਸੰਘ ਸੂਚੀ ਵਿਚ ਤੇਤੀਵਾਂ (33ਵਾਂ) ਵਿਸ਼ਾ ਹਟਾ ਦਿੱਤਾ ਗਿਆ ਸੀ । ਉਸੇ ਹੀ ਐਕਟ ਰਾਹੀਂ

ਸੰਵਿਧਾਨ ਦੀ 24ਵੀਂ ਸੋਧ ਦੁਆਰਾ ਸੰਘ ਸੂਚੀ ਵਿਚ ਇਕ ਨਵਾਂ ਅੰਦਰਾਜ 2-A ਅੰਕਿਤ ਕੀਤਾ ਗਿਆ ਹੈ। ਪਰੰਤੂ ਫਿਰ ਵੀ ਸੰਘ ਸੂਚੀ ਵਿਚ 97 ਵਿਸ਼ੇ ਹੀ ਰਹੇ ਕਿਉਂਕਿ ਅੰਦਰਾਜ਼ ਦੇ ਕ੍ਰਮਵਰ ਦੇ ਸਿਲਸਿਲੇ ਨੂੰ ਬਦਲਿਆ ਨਹੀਂ ਗਿਆ।

(ii) ਦੂਜੀ ਸੂਚੀ ਨੂੰ ਰਾਜ ਸੂਚੀ ਕਿਹਾ ਜਾਂਦਾ ਹੈ ਇਸ ਸੂਚੀ ਵਿਚ ਉਹ ਸਾਰੇ ਵਿਸ਼ੇ ਸ਼ਾਮਿਲ ਹਨ ਜੋ ਰਾਜ ਵਿਘਾਨ ਮੰਡਲ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਇਸ ਸੂਚੀ ਵਿਚ 66 ਵਿਸ਼ੇ ਅੰਕਿਤ ਕੀਤੇ ਗਏ ਹਨ। ਸਤਵੀਂ ਸੰਵਿਧਾਨਿਕ ਤਰਮੀਮ ਦੇ 1956 ਦੇ ਐਕਟ ਮੁਤਾਬਕ 36ਵੇਂ (ਛਤੀਵੇਂ) ਅੰਦਰਾਜ ਨੂੰ ਖਾਰਿਜ ਕਰ ਦਿੱਤਾ ਗਿਆਅਤੇ 42ਵੀਂ ਸੋਧ ਦੁਆਰਾ 12, 19, 20 ਅਤੇ 29 ਅੰਦਰਾਜ਼ਾਂ ਨੂੰ ਰਾਜ ਸੂਚੀ ਵਿਚੋਂ ਖਾਰਿਜ ਕਰ ਦਿੱਤਾ ਗਿਆ ਹੈ। ਪਰੰਤੂ ਫਿਰ ਵੀ ਰਾਜ ਸੂਚੀ ਵਿਚ 66 ਵਿਸ਼ੇ ਸ਼ਾਮਿਲ ਹਨ ਕਿਉਂਕਿ ਇਸ ਦੇ ਅੰਦਰਾਜ਼ਾਂ ਦੇ ਕ੍ਰਮ ਨੂੰ ਬਦਲਿਆ ਨਹੀਂ ਗਿਆ।

(iii) ਤੀਜੀ ਸੂਚੀ ਨੂੰ ਸਮਵਰਤੀ ਸੂਚੀ ਕਹਿੰਦੇ ਹਨ ਜਿਸ ਤੇ ਕੇਂਦਰ ਅਤੇ ਰਾਜਾਂ ਦੋਨਾਂ ਨੂੰ ਕਾਨੂੰਨ ਬਨਾਉਣ ਦਾ ਅਧਿਕਾਰ ਪ੍ਰਾਪਤ ਹੈ। ਸਮਵਰਤੀ ਸੂਚੀ ਵਿਚ 47 ਵਿਸ਼ੇ ਅੰਕਿਤ ਕੀਤੇ ਗਏ ਸਨ ਪਰੰਤੂ ਸੰਵਿਧਾਨ ਦੀ 42ਵੀਂ ਸੋਧ ਦੁਆਰਾ ਇਸ ਸੂਚੀ ਵਿਚ 11A, 17A, 17B, 20A ਅਤੇ 33A ਨਵੇਂ ਅੰਦਰਾਜ ਕਰ ਦਿੱਤੇ ਗਏ ਹਨ। ਪਰੰਤੂ ਨਵੇਂ ਅੰਦਰਾਜ ਅੰਕਿਤ ਹੋਣ ਦੇ ਬਾਵਜੂਦ ਵੀ ਸਮਵਰਤੀ ਸੂਚੀ ਦੇ ਵਿਸ਼ਿਆਂ ਦੇ ਕ੍ਰਮ ਵਿਚ ਕੋਈ ਪਰਿਵਰਤਨ ਨਹੀਂ ਹੈ।

ਸੰਘੀ ਸੂਚੀ ਵਿਚ ਸਮੁੱਚੇ ਭਾਰਤ ਨਾਲ ਸੰਬੰਧ ਰਖਣ ਵਾਲੇ ਵਿਸ਼ੇ ਦਰਜ ਹਨ। ਸੰਘ ਵਿਚ ਵਿਦੇਸ਼ੀ ਮਾਮਲੇ, ਬੈਂਕਾਂ, ਸਿੱਕੇ, ਰੱਖਿਆ ਵਾਲੇ ਮਹੱਤਵਪੂਰਣ ਵਿਸ਼ੇ ਆਦਿ ਸ਼ਾਮਲ ਹਨ ਇਸ ਸੰਘ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਕੇਵਲ ਸੰਘੀ ਸੰਸਦ ਹੀ ਕਾਨੂੰਨ ਬਣਾ ਸਕਦੀ ਹੈ। ਸੰਘੀ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਕਾਨੂੰਨ ਬਣਾਉਣਾ ਸੰਸਦ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਪਰੰਤੂ ਫਿਰ ਵੀ ਸੰਵਿਧਾਨ ਦੇ ਦੂਜੇ ਅਨੁਛੇਦ ਦੁਆਰਾ ਵਿਧਾਨਿਕ ਸ਼ਕਤੀਆਂ ਵੀ ਸੰਸਦ ਨੂੰ ਸੌਂਪੀਆਂ ਗਈਆਂ ਹਨ। ਉਦਾਹਰਣ ਲਈ ਅਨੁਛੇਦ 2 ਤੋਂ 4 ਤਕ ਨਵੇਂ ਰਾਜਾਂ ਦੀ ਸਥਾਪਤੀ ਕਰਨ, ਕਿਸੇ ਰਾਜ ਵਿਚ ਤਬਦੀਲੀ ਕਰਨ, ਕਿਸੇ ਰਾਜ ਦੀਆਂ ਸੀਮਾਵਾਂ ਨੂੰ ਬਦਲਣ ਅਤੇ ਕਿਸੇ ਰਾਜ ਦਾ ਨਾਮ ਸੰਸਦ ਕਾਨੂੰਨ ਦੁਆਰਾ ਬਦਲਣ ਦੀ ਸ਼ਕਤੀ ਵੀ ਰੱਖਦੀ ਹੈ। ਇਸ ਤਰ੍ਹਾਂ ਅਨੁਛੇਦ 119 ਦੇ ਅਨੁਸਾਰ ਸੰਸਦ ਨੂੰ ਵਿੱਤੀ ਕੰਮਾਂ ਵਿਚ ਕਾਨੂੰਨ ਬਨਾਉਣ ਦਾ ਪ੍ਰਬੰਧ ਸੌਂਪਿਆ ਗਿਆ ਹੈ।

ਰਾਜ ਸੂਚੀ ਵਿਚ ਸਥਾਨਿਕ ਮਹੱਤਤਾ ਵਾਲੇ ਵਿਸ਼ੇ ਦਰਜ ਕੀਤੇ ਗਏ ਹਨ। ਇਹ ਵਿਸ਼ੇ ਹਨ-ਪੁਲਿਸ, ਜੇਲ, ਸਥਾਨਕ ਸਰਕਾਰ ਜਾਂ ਸਵੈ ਸ਼ਾਸਨ, ਸਿਹਤ, ਖੇਤੀਬਾੜੀ ਅਤੇ ਭੂਮੀ ਦਾ ਮਾਲੀਆ ਇਕੱਠਾ ਕਰਨਾ ਆਦਿ। ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਆਮ ਸਥਿਤੀ ਵਿਚ ਕਾਨੂੰਨ ਬਨਾਉਣ ਦਾ ਅਧਿਕਾਰ ਰਾਜ ਵਿਧਾਨ ਮੰਡਲਾਂ ਨੂੰ ਸੌਂਪਿਆ ਗਿਆ ਹੈ। ਪਰੰਤੂ ਕੁਝ ਸਥਿਤੀਆਂ ਅਜਿਹੀਆਂ ਹਨ ਜਿਨ੍ਹਾਂ ਕਾਰਣ ਸੰਸਦ ਨੂੰ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਵੀ ਕਾਨੂੰਨ ਬਨਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ। ਅਜਿਹੀਆਂ ਸਥਿਤੀਆਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ-

### 2.2.2 ਅਨੁਛੇਦ 249

ਦੇ ਅਨੁਸਾਰ ਜੇਕਰ ਸੰਸਦ ਦਾ ਉਪਰਲਾ ਸਦਨ (ਰਾਜ ਸਭਾ) ਦੋ ਤਿਹਾਈ (2/3) ਬਹੁਮਤ ਨਾਲ ਰਾਜ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਨੂੰ ਰਾਸ਼ਟਰੀ ਮਹੱਤਤਾ ਵਾਲਾ ਵਿਸ਼ਾ ਘੋਸ਼ਿਤ ਕਰ ਦੇਵੇ ਤਾਂ ਇਸ ਵਿਸ਼ੇ ਉੱਤੇ ਸੰਸਦ ਕਾਨੂੰਨ ਬਣਾ ਸਕਦੀ ਹੈ ਭਾਵੇਂ ਉਹ ਵਿਸ਼ਾ ਰਾਜ-ਸੂਚੀ ਵਿਚ ਅੰਕਿਤ ਹੋਵੇ। ਪਰੰਤੂ ਸਮਵਰਤੀ ਸੂਚੀ ਵਿਚ ਦਿੱਤੇ ਵਿਸ਼ਿਆਂ ਤੇ ਕਾਨੂੰਨ ਬਨਾਉਣ ਦਾ ਅਧਿਕਾਰ ਸੰਸਦ ਅਤੇ ਰਾਜ ਵਿਧਾਨ ਮੰਡਲ ਦੋਹਾਂ ਨੂੰ ਪ੍ਰਾਪਤ ਹੈ। ਰਾਜ ਸਭਾ ਦੁਆਰਾ ਪਾਸ ਕੀਤੇ ਅਜਿਹੇ ਮਤੇ ਦੀ ਮਿਆਦ ਇਕ ਸਾਲ ਹੁੰਦੀ ਹੈ, ਪਰੰਤੂ ਰਾਜ ਸਭਾ ਇਕ ਹੋਰ ਅਜਿਹੇ ਮਤੇ ਰਾਹੀਂ ਇਸ ਮਿਆਦ ਨੂੰ ਇਕ ਸਾਲ ਲਈ ਵਧਾ ਸਕਦੀ ਹੈ। ਸਭ ਤੋਂ ਪਹਿਲੇ ਸੈਸ਼ਨ ਵਿਚ ਇਕ ਸਦਨੀ ਆਰਜੀ ਸੰਸਦ ਨੇ ਇਕ ਮਤਾ ਪਾਸ ਕਰਕੇ ਤੀਜਾ ਸੰਵਿਧਾਨਕ ਸੋਧ ਬਿਲ ਦੁਆਰਾ ਰਾਜ ਸੂਚੀ ਵਿਚ ਅੰਕਿਤ ਵਿਸ਼ੇ 25 ਅਤੇ 37 ਜੋ ਕਿ ਵਪਾਰ, ਵਣਜ,

ਉਤਪਾਦਨ ਕਰਨ ਅਤੇ ਸਮਗਰੀ ਨੂੰ ਪ੍ਰਾਪਤ ਕਰਨ ਅਤੇ ਵੰਡਣ ਆਦਿ ਨਾਲ ਸਬੰਧਤ ਸਨ ਸੰਸਦ ਦੇ ਅਧਿਕਾਰ ਖੇਤਰ ਵਿਚ ਦਰਜ ਕਰ ਦਿੱਤੇ ਗਏ ।ਇਹ 1984 ਤੋਂ ਫਿਰ ਸ਼ੁਰੂ ਹੋ ਗਏ ਅਤੇ ਸੰਵਿਧਾਨ ਦੀ ਤੀਜੀ ਤਰਮੀਮ ਐਕਟ ਦੁਆਰਾ ਸਥਾਈ ਪੱਧਰ ਤੇ ਕੇਂਦਰ ਨੂੰ ਸ਼ਕਤੀ ਪ੍ਰਦਾਨ ਕੀਤੀ ਗਈ ।

**2.2.3 ਅਨੁਛੇਦ 250**

ਸੰਕਟਕਾਲ ਦਾ ਐਲਾਨ ਹੋਣ ਦੀ ਸੂਰਤ ਵਿਚ ਕੇਂਦਰੀ ਸੰਸਦ ਸਮੁੱਚੇ ਦੇਸ਼ ਲਈ ਜਾਂ ਉਸ ਦੇ ਕਿਸੇ ਹਿੱਸੇ ਲਈ ਰਾਜ ਸੂਚੀ ਵਿਚ ਅੰਕਿਤ ਵਿਸ਼ੇ ਤੇ ਕਾਨੂੰਨ ਬਣਾ ਸਕਦੀ ਹੈ । ਸੰਕਟਕਾਲ ਦੇ ਸਮਾਪਤ ਹੋਣ ਤੋਂ 6 ਮਹੀਨੇ ਮਗਰੋਂ ਅਜਿਹੇ ਕਾਨੂੰਨ ਸਮਾਪਤ ਹੋ ਜਾਂਦੇ ਹਨ । (ਅਨੁਛੇਦ 250)

**2.2.4 ਸੰਵਿਧਾਨ ਦੇ ਅਨੁਛੇਦ 252**

ਅਧੀਨ ਸੰਸਦ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਕਾਨੂੰਨ ਬਣਾ ਸਕਦੀ ਹੈ । ਉੱਪਰ ਦੱਸੇ ਗਏ ਅਨੁਛੇਦ ਮੁਤਾਬਿਕ ਜੇਕਰ ਦੋ ਤੋਂ ਵੱਧ ਰਾਜਾਂ ਦੇ ਵਿਧਾਨ ਮੰਡਲ ਮਿਲ ਕੇ ਕੇਂਦਰੀ ਸੰਸਥਾ ਨੂੰ ਪ੍ਰਾਰਥਨਾ ਕਰਨ ਤਾਂ ਕੇਂਦਰੀ ਸੰਸਦ ਉਨ੍ਹਾਂ ਰਾਜਾਂ ਲਈ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਵੀ ਕਾਨੂੰਨ ਬਣਾ ਸਕਦੀ ਹੈ । ਪਰੰਤੂ ਅਜਿਹਾ ਕਾਨੂੰਨ ਉਨ੍ਹਾਂ ਰਾਜਾਂ ਤੇ ਹੀ ਲਾਗੂ ਹੋਵੇਗਾ ਜਿਨ੍ਹਾਂ ਨੇ ਪ੍ਰਾਰਥਨਾ ਕੀਤੀ ਹੈ । ਕਿਸੇ ਵੀ ਪਾਸ ਕੀਤੇ ਗਏ ਐਕਟ ਵਿਚ ਰਾਜ ਵਿਧਾਨ ਮੰਡਲ ਕੋਈ ਸੋਧ ਨਹੀਂ ਕਰ ਸਕਦੀ, ਜਿਸ ਤੇ ਕਾਨੂੰਨ ਲਾਗੂ ਹੁੰਦਾ ਹੋਵੇ ।

**2.2.5 ਅਨੁਛੇਦ 253**

ਅਨੁਸਾਰ ਸੰਸਦ ਵਿਦੇਸ਼ੀ ਸ਼ਕਤੀਆਂ ਨਾਲ ਕੀਤੀਆਂ ਸੰਧੀਆਂ, ਸਮਝੌਤੇ, ਸੰਮੇਲਨਾਂ, ਦੂਜੀਆਂ ਸੰਸਥਾਵਾਂ ਵਿਚਕਾਰ ਫੈਸਲੇ ਲਾਗੂ ਕਰਨ ਸਬੰਧੀ ਸਮੁੱਚੇ ਦੇਸ਼ ਲਈ ਜਾਂ ਭਾਰਤ ਦੇ ਕਿਸੇ ਹਿੱਸੇ ਲਈ ਕਾਨੂੰਨ ਬਣਾ ਸਕਦੀ ਹੈ । ਇਹ ਧਾਰਾਵਾਂ ਭਾਰਤ ਸਰਕਾਰ ਨੂੰ ਅੰਤਰ ਰਾਸ਼ਟਰੀ ਕਾਨੂੰਨ ਦੇ ਅਧੀਨ ਕੀਤੇ ਵਾਦਿਆਂ ਨੂੰ ਲਾਗੂ ਕਰਨ ਵਿਚ ਯੋਗ ਬਣਾਉਂਦੀਆਂ ਹਨ । ਸੰਸਦ ਦੀ ਕਾਨੂੰਨ ਬਨਾਉਣ ਦੀ ਇਹ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸ਼ਕਤੀ ਹੈ । ਇਸ ਤਰ੍ਹਾਂ ਸੰਸਦ ਨੂੰ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਉੱਤੇ ਵੀ ਕਾਨੂੰਨ ਬਨਾਉਣ ਦਾ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ ।

**2.2.6 ਅਨੁਛੇਦ 205**

**ਰਾਜ ਬਿੱਲਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰੱਖਣਾ**

ਅਨੁਛੇਦ 205 ਦੇ ਅਨੁਸਾਰ ਰਾਜ ਵਿਧਾਨ ਮੰਡਲ ਜਾਂ ਰਾਜ ਦੀ ਵਿਧਾਨ ਪਰਿਸ਼ਦ ਦੁਆਰਾ ਅਤੇ ਦੋਨੋਂ ਸਦਨਾਂ ਦੁਆਰਾ ਪਾਸ ਹੋਣ ਮਗਰੋਂ ਬਿੱਲ ਨੂੰ ਰਾਜਪਾਲ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ । ਰਾਜਪਾਲ ਬਿਲ ਨੂੰ ਪ੍ਰਵਾਨਗੀ ਵੀ ਦੇ ਸਕਦਾ ਹੈ ਅਤੇ ਰਾਜਪਾਲ ਅਜਿਹੇ ਬਿਲਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਵੀ ਰੱਖ ਸਕਦਾ ਹੈ । ਰਾਜਪਾਲ ਰਾਜ ਵਿਧਾਨ-ਮੰਡਲ ਦੁਆਰਾ ਪਾਸ ਕੀਤੇ ਕੁਝ ਬਿਲਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦਾ ਹੈ । ਰਾਸ਼ਟਰਪਤੀ ਅਜਿਹੇ ਬਿਲਾਂ ਨੂੰ ਪ੍ਰਵਾਨਗੀ ਦੇ ਸਕਦਾ ਹੈ ਜਾਂ ਸੰਦੇਸ਼ ਸਹਿਤ ਰਾਜਪਾਲ ਰਾਹੀਂ ਵਿਧਾਨ-ਮੰਡਲ ਨੂੰ ਵਾਪਿਸ ਭੇਜ ਸਕਦਾ ਹੈ । ਰਾਸ਼ਟਰਪਤੀ ਰਾਜ ਵਿਧਾਨ ਮੰਡਲ ਨੂੰ ਬਿਲ ਤੇ ਮੁੜ ਵਿਚਾਰ ਕਰਨ ਲਈ ਰਾਜਪਾਲ ਨੂੰ ਹਦਾਇਤ ਵੀ ਦੇ ਸਕਦਾ ਹੈ । ਰਾਸ਼ਟਰਪਤੀ ਕਾਰਣ ਦੱਸੇ ਬਿਨਾਂ ਕਿਸੇ ਵੀ ਬਿਲ ਤੇ ਵੀਟੋ ਵੀ ਕਰ ਸਕਦਾ ਹੈ ਅਤੇ ਰਾਸ਼ਟਰਪਤੀ ਦੀ ਵੀਟੋ (Veto) ਕਰਨ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ ਸਾਡੇ ਕੋਲ ਬਹੁਤ ਸਾਰੀਆਂ ਉਦਾਹਰਣਾਂ ਹਨ ਜਦੋਂ ਰਾਜ ਸਰਕਾਰ ਦੇ ਬਿਲਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਬਗੈਰ ਹੀ ਵਾਪਿਸ ਭੇਜ ਦਿੱਤਾ ਗਿਆ । ਉਦਾਹਰਣ ਲਈ, ਪੰਜਾਬ ਆਰਜੀ ਕਰ ਬਿਲ ਨੂੰ ਰਾਸ਼ਟਰਪਤੀ ਦੁਆਰਾ ਪ੍ਰਵਾਨਗੀ ਨਾ ਦਿੱਤੀ ਗਈ ਕਿਉਂਕਿ ਬਿਲ ਉਪਬੰਧ ਕੇਂਦਰ ਵਿਕਰੀ-ਕਰ ਐਕਟ ਨਾਲ ਟਕਰਾਉਂਦੇ ਸਨ । ਇਥੇ ਇਹ ਹਵਾਲਾ ਦਿੱਤਾ ਜਾ ਸਕਦਾ ਹੈ ਕਿ ਸੰਵਿਧਾਨ ਵਿਚ ਰਾਜਪਾਲ ਦੀ ਅਵੱਸ਼ਕਤਾ ਨਹੀਂ ਹੈ । ਭਾਵੇਂ ਰਾਜਪਾਲ ਰਾਜ ਦੇ ਬਿਲਾਂ ਨੂੰ ਰਾਸ਼ਟਰਪਤੀ ਦੇ ਵਿਚਾਰਾਂ ਲਈ ਰਾਖਵਾਂ ਵੀ ਰੱਖ ਸਕਦਾ ਹੈ ਪਰੰਤੂ ਉਹ ਮੰਤਰੀ ਮੰਡਲ ਦੀ ਸਲਾਹ ਦੇ ਅਨੁਸਾਰ ਹੀ ਕੰਮ ਕਰਦਾ ਹੈ । ਰਾਜਪਾਲ ਦੀ ਭੂਮਿਕਾ ਸੰਬੰਧੀ ਸੰਵਿਧਾਨ ਦਾ ਚੁੱਪ ਰਹਿਣਾ ਕੇਂਦਰ ਅਤੇ ਰਾਜਾਂ ਦੇ ਸੰਬੰਧਾਂ ਵਿਚ ਇਕ ਵਾਦ-ਵਿਵਾਦ ਵਾਲਾ ਤੱਤ ਹੈ । ਰਾਜ ਵਿਚ ਸ਼ਾਂਤੀ ਪੂਰਵਕ ਸੰਬੰਧਾਂ ਨੂੰ ਸਥਾਪਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਕਿਸੇ ਖਾਸ ਜਾਂ ਵਰਜਿਤ ਮਾਮਲਿਆਂ ਨੂੰ ਛੱਡ ਕੇ ਪ੍ਰਵਾਨਗੀ ਲੈਣ ਵਾਲੇ ਬਿਲਾਂ ਨੂੰ ਰਾਜਪਾਲ ਆਪਣੀ ਇੱਛਾ ਅਨੁਸਾਰ

ਰਾਸ਼ਟਰਪਤੀ ਦੇ ਵਿਚਾਰ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣ ਲਈ ਰਾਖਵਾਂ ਰੱਖ ਸਕਦਾ ਹੈ ।

ਭਾਵੇਂ 1953 ਦੇ ਭਾਰਤ ਸਰਕਾਰ ਦੇ ਐਕਟ ਵਿਚ ਸੰਘ (ਕੇਂਦਰ) ਅਤੇ ਪ੍ਰਾਂਤਾਂ ਵਿਚ ਵਿਧਾਨਿਕ ਸ਼ਕਤੀਆਂ ਦੀ ਵੰਡ ਸੰਬੰਧੀ ਸਮਵਰਤੀ ਸੂਚੀ ਵਿਚ ਸ਼ਾਮਿਲ ਕੀਤੀ ਗਈ ਸੀ । ਪਰੰਤੂ ਵਰਤਮਾਨ ਭਾਰਤੀ ਸੰਵਿਧਾਨ ਵਿਚ ਸਮਵਰਤੀ ਸੂਚੀ ਨੂੰ ਸ਼ਾਮਿਲ ਕਰਨ ਲਈ ਸਾਡੇ ਸੰਵਿਧਾਨ ਨਿਰਮਾਤਾ ਆਸਟਰੇਲੀਆ ਦੇ ਸੰਵਿਧਾਨ ਤੋਂ ਪ੍ਰੇਰਤ ਸਨ । ਇਹ ਮਸੰਦਾ ਸੰਮਤੀ ਦੇ ਅਧਿਅਕਸ਼ (Chairman) ਡਾ. ਅੰਬੇਦਕਰ ਨੇ 4 ਨਵੰਬਰ, 1948 ਨੂੰ ਸੰਵਿਧਾਨ ਸਭਾ ਵਿਚ ਬੋਲਦਿਆਂ ਆਪ ਕਿਹਾ ਸੀ ਕਿ ਭਾਰਤੀ ਸੰਵਿਧਾਨ ਵਿਚ ਸਮਵਰਤੀ ਸੂਚੀ (Concurrent list) ਆਸਟਰੇਲੀਆ ਦੇ ਸੰਵਿਧਾਨ ਤੋਂ ਪ੍ਰਭਾਵਿਤ ਹੋ ਕੇ ਦਰਜ ਕੀਤੀ ਗਈ ਹੇ । ਆਸਟਰੇਲੀਆ ਦੇ ਸੰਵਿਧਾਨ ਦੀ ਤਰ੍ਹਾਂ ਹੀ ਸਮਵਰਤੀ ਸੂਚੀ ਦੇ ਵਿਸ਼ਿਆਂ ਉੱਤੇ ਕਾਨੂੰਨ ਬਣਾਉਣ ਦੀ ਇਕ ਲੰਮੀ ਸੂਚੀ ਹੈ । ਇਸ ਸੂਚੀ ਦੇ ਅਧੀਨ ਫੌਜਦਾਰੀ ਕਾਨੂੰਨ ਫੌਜਦਾਰੀ ਦੰਡ ਵਿਧੀ, ਦੀਵਾਲੀਆ ਅਤੇ ਗਰੀਬ, ਵਪਾਰ ਅਤੇ ਵਣਜ, ਜਾਨਵਰਾਂ ਦੀ ਸੁਰੱਖਿਆ, ਭੋਜਨ ਅਤੇ ਦੂਜੀਆਂ ਵਸਤਾਂ ਨੂੰ ਮਿਲਾਵਟ ਤੋਂ ਰੋਕਣਾ, ਵਸੋਂ ਉੱਤੇ ਨਿਯੰਤਰਣ ਅਤੇ ਪਰਿਵਾਰ ਨਿਯੋਜਨ, ਜੰਗਲ, ਜੰਗਲੀ ਜਾਨਵਰਾਂ ਅਤੇ ਪੰਛੀਆਂ ਦੀ ਰੱਖਿਆ, ਤੇਲ ਅਤੇ ਨਾਪ, ਸਿੱਖਿਆ ਆਦਿ ਦੇ ਵਿਚ ਸਮਵਰਤੀ ਸੂਚੀ ਵਿਚ ਦਰਜ ਕੀਤੇ ਗਏ ਹਨ । ਸਮਵਰਤੀ ਸੂਚੀ ਦੇ ਵਿਸ਼ਿਆਂ ਉੱਤੇ ਦੋਵੇਂ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਾਨੂੰਨ ਦੀ ਚਰਚਾ ਕਰਨ ਦਾ ਅਧਿਕਾਰ ਹੈ, ਪਰੰਤੂ ਰਾਜ ਸਰਕਾਰ ਦਾ ਬਣਾਇਆ ਹੋਇਆ ਕਾਨੂੰਨ ਕੇਂਦਰ ਸਰਕਾਰ ਦੇ ਬਣਾਏ ਹੋਏ ਕਾਨੂੰਨ ਦੀ ਵਿਰੋਧਤਾ ਕਰਦਾ ਹੈ ਤਾਂ ਕੇਂਦਰ ਸਰਕਾਰ ਦਾ ਕਾਨੂੰਨ ਲਾਗੂ ਕੀਤਾ ਜਾਵੇਗਾ ਅਤੇ ਰਾਜ ਸਰਕਾਰ ਦਾ ਕਾਨੂੰਨ ਉਸ ਹੱਦ ਤੱਕ ਰੱਦ ਸਮਝਿਆ ਜਾਵੇਗਾ ਜਿਸ ਹੱਦ ਤੱਕ ਉਹ ਕੇਂਦਰ ਦੀ ਵਿਰੋਧਤਾ ਕਰਦਾ ਹੈ ਇਸ ਤਰ੍ਹਾਂ ਸੰਵਿਧਾਨ ਦੇ ਅਨੁਛੇਦ 324 (Clause-2) ਅਨੁਸਾਰ ਸੰਘੀ ਕਾਨੂੰਨ ਸਰਬਉਚਤਾ ਪ੍ਰਦਾਨ ਕੀਤੀ ਗਈ ਹੈ । ਪਰੰਤੂ ਜੇਕਰ ਰਾਜ ਦੁਆਰਾ ਬਣਾਇਆ ਕਾਨੂੰਨ ਨਾਲੋਂ ਪਹਿਲਾਂ ਰਾਸ਼ਟਰਪਤੀ ਦੀ ਅਗੇਤਰੀ ਵਿਚਾਰ ਦੀ ਪ੍ਰਵਾਨਗੀ ਲਈ ਰਾਖਵਾਂ ਰੱਖਿਆ ਾਵੇ ਤਾਂ ਰਾਜ ਦਾ ਕਾਨੂੰਨ ਲਾਗੂ ਰਹਿ ਸਕਦਾ ਹੈ, ਪਰੰਤੂ ਜੇਕਰ ਸੰਸਦ ਕਾਨੂੰਨ ਪਾਸ ਕਰ ਦੇਵੇ ਜੋ ਕਿ ਰਾਜ ਦੇ ਕਾਨੂੰਨ ਨਾਲ ਟਕਰਾਉਂਦਾ ਹੋਵੇ ਤਾਂ ਰਾਜ ਦੁਆਰਾ ਪਾਸ ਕੀਤਾ ਹੋਇਆ ਕਾਨੂੰਨ ਜਿਸ ਨੇ ਰਾਸ਼ਟਰਪਤੀ ਦੀ ਪ੍ਰਵਾਨਗੀ ਲੈ ਲਈ ਹੋਵੇ ਨੂੰ ਵੀ ਰੱਦ ਕਰ ਦਿੱਤਾ ਜਾਂਦਾ ਹੈ । ਸੰਵਿਧਾਨ ਦੇ ਅਨੁਛੇਦ 254 (2) ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਸੰਸਦ ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਰਾਜਾਂ ਦੇ ਵਿਸ਼ਿਆਂ ਉੱਤੇਵੀ ਕਾਨੂੰਨ ਬਣਾ ਸਕਦੀ ਹੈ, ਤਰਮੀਮ ਕਰ ਸਕਦੀ ਹੈ ਅਤੇ ਕਾਨੂੰਨ ਨੂੰ ਵੀ ਬਦਲ ਸਕਦੀ ਹੈ ।

### 2.2.7 ਵਿਸ਼ਲੇਸ਼ਣ

ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਿਕ ਸੰਬੰਧਾਂ ਦੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਕੇਂਦਰ ਸਰਕਾਰ ਰਾਜ ਸਰਕਾਰ ਦੇ ਮੁਕਾਬਲੇ ਜ਼ਿਆਦਾ ਸ਼ਕਤੀਸ਼ਾਲੀ ਹੈ । ਰਾਜਾਂ ਦੀ ਖੁਦਮੁਖਤਿਆਰੀ ਜਾਂ (ਸਵੈਧੀਨਤਾ) ਘੱਟ ਹੁੰਦੀ ਹੈ ਅਤੇ 1935 ਦੇ ਭਾਰਤ ਸਰਕਾਰਾਂ ਦੇ ਕਾਨੂੰਨਾਂ ਦਾ ਪ੍ਰਭਾਵ ਨਜ਼ਰ ਆਉਂਦਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਵਿਧਾਨ ਦੇ ਸੰਘਾਤਮਕ ਰੂਪ ਸੰਬੰਧੀ ਜੋ ਢੰਗ ਅਪਣਾਇਆ ਗਿਆ ਹੈ, ਪ੍ਰਸਪਰ ਵਿਰੋਧੀ ਹੈ, ਪਰੰਤੂ ਸੰਵਿਧਾਨ ਦੇ ਨਿਰਮਾਤਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਪ੍ਰਤੀ ਜ਼ਿਆਦਾ ਜੁੜੇ ਸਨ ਤਾਂ ਕਿ ਸੰਘੀ ਸੰਵਿਧਾਨ ਦੀਆਂ ਪਰੰਪਰਾਗਤ ਅਵੱਸ਼ਕਤਾਵਾਂ ਨੂੰ ਪੂਰਾ ਕਰ ਸਕਣ । ਦੇਸ਼ ਦੀ ਤੇਜ਼ੀ ਨਾਲ ਆਰਥਿਕ ਅਤੇ ਉਦਯੋਗਿਕ ਉਨਤੀ ਦੇ ਉਦਮ ਲਈ ਇਹੋ ਜਿਹੇ ਢਾਂਚੇ ਨੂੰ ਅਪਨਾਉਣਾ ਜ਼ਰੂਰੀ ਹੈ ।

## 2.3 ਪ੍ਰਸ਼ਾਸਕੀ ਸੰਬੰਧ (Administrative Relations)

ਸਾਧਾਰਨ ਰੂਪ ਵਿਚ ਸੰਘ ਅਤੇ ਰਾਜ ਸਰਕਾਰਾਂ ਵਿਚ ਪ੍ਰਸ਼ਾਸਕੀ ਸ਼ਕਤੀਆਂ ਦੀ ਵੀ ਵੰਡ ਕੀਤੀ ਗਈ ਹੈ, ਪਰੰਤੂ ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਵਿਚ ਸੰਘ ਸਰਕਾਰ ਵਧੇਰੇ ਸ਼ਕਤੀਸ਼ਾਲੀ ਹੈ ਅਤੇ ਰਾਸ਼ਟਰੀ ਹਿੱਤਾਂ ਦਾ ਧਿਆਨ ਰੱਖਦੇ ਹੋਏ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਉੱਤੇ ਸੰਘ ਸਰਕਾਰ ਦਾ ਪੂਰਾ ਨਿਯੰਤਰਣ ਸਥਾਪਿਤ ਕੀਤਾ ਗਿਆ ਹੈ । ਸੰਘ ਸਰਕਾਰ ਹੇਠ ਲਿਖੇ ਤਰੀਕਿਆਂ ਨਾਲ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਉੱਤੇ ਨਿਯੰਤਰਣ ਰਖਦੀ ਹੈ :

(i) ਸੰਵਿਧਾਨ ਵਿਚ ਇਹ ਵਿਵਸਥਾ ਹੈ ਕਿ ਹਰੇਕ ਰਾਜ ਨੂੰ ਆਪਣੀ ਕਾਰਜਕਾਰੀ ਸ਼ਕਤੀ ਦੀ ਵਰਤੋਂ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਜਿਸ ਨਾਲ ਸੰਸਦ ਦੁਆਰਾ ਬਣਾਏ ਕਾਨੂੰਨਾਂ ਦੀ ਪਾਲਣਾ ਜ਼ਰੂਰੀ ਹੋ ਸਕੇ ।

ਇਸੇ ਹੀ ਅਨੁਛੇਦ ਵਿਚ ਕਿਹਾ ਗਿਆ ਹੈ ਕਿ ਇਸ ਸਬੰਧ ਵਿਚ ਸੰਘ ਦੀ ਕਾਰਜਪਾਲਿਕਾ ਰਾਜ ਸਰਕਾਰਾਂ ਨੂੰ ਆਦੇਸ਼ ਵੀ ਜਾਰੀ ਕਰ ਸਕਦੀ ਹੈ ।

(ii) ਸੰਵਿਧਾਨ ਅਨੁਸਾਰ ਹਰੇਕ ਰਾਜ ਨੂੰ ਆਪਣੀ ਸ਼ਕਤੀ ਦੀ ਵਰਤੋਂ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਜਿਸ ਨਾਲ ਸੰਘ ਦੀਆਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਵਿਚ ਕੋਈ ਔਕੜ ਪੈਦਾ ਨਾ ਹੋਵੇ । ਸੰਘ ਸਰਕਾਰ ਰਾਜ ਸਰਕਾਰਾਂ ਨੂੰ ਉਹਨਾਂ ਦੀਆਂ ਹੱਦਾਂ ਵਿਚ ਕੇਂਦਰੀ ਜਾਇਦਾਦ ਅਤੇ ਰੇਲਾਂ ਦੀ ਰੱਖਿਆ ਲਈ ਆਦੇਸ਼ ਦੇ ਸਕਦੀ ਹੈ । ਜੇਕਰ ਕੇਂਦਰੀ ਸਰਕਾਰ ਇਹ ਅਨੁਭਵ ਕਰੇ ਕਿ ਕਿਸੇ ਰਾਜ ਵਿਚ ਕੇਂਦਰੀ ਜਾਇਦਾਦ ਸੁਰੱਖਿਅਤ ਨਹੀਂ ਹੈ ਤਾਂ ਕੇਂਦਰ ਸਰਕਾਰ ਉਸ ਰਾਜ ਵਿਚ ਕੇਂਦਰੀ ਸੁਰੱਖਿਅਤ ਪੁਲੀਸ (Central Reserve Police) ਭੇਜ ਸਕਦੀ ਹੈ ।

(iii) ਜੇਕਰ ਰਾਸ਼ਟਰਪਤੀ ਯੁੱਧ, ਬਾਹਰਲੇ ਹਮਲੇ ਜਾਂ ਹਥਿਆਰਬੰਦ ਵਿਦਰੋਹ ਕਾਰਨ ਸੰਕਟਕਾਲੀਨ ਸਥਿਤੀ ਦੀ ਘੋਸ਼ਣਾ ਕਰ ਦੇਵੇ ਤਾਂ ਅਜਿਹੀ ਅਵਸਥਾ ਵਿਚ ਸਮੁੱਚੇ ਰਾਜਾਂ ਦਾ ਪ੍ਰਸ਼ਾਸਨ ਕੇਂਦਰੀ ਸਰਕਾਰ ਦੇ ਅਧੀਨ ਆ ਸਕਦਾ ਹੈ ਅਤੇ ਦੇਸ਼ ਦਾ ਸੰਘਾਤਮਕ ਰਾਜ ਪ੍ਰਬੰਧ ਇਕਾਤਮਕਤਾ ਦਾ ਰੂਪ ਧਾਰਨ ਕਰ ਸਕਦਾ ਹੈ ।

(iv) ਜੇਕਰ ਰਾਸ਼ਟਰਪਤੀ ਨੂੰ ਰਾਜ ਦੇ ਰਾਜਪਾਲ ਜਾਂ ਕਿਸੇ ਹੋਰ ਸਾਧਨ ਦੁਆਰਾ ਸੂਚਨਾ ਮਿਲਣ ਤੇ ਭਰੋਸਾ ਹੋ ਜਾਵੇ ਕਿ ਰਾਜ ਅੰਦਰ ਅਜਿਹੀ ਸਥਿਤੀ ਉਤਪੰਨ ਹੋ ਗਈ ਹੈ ਜਿਸ ਵਿਚ ਰਾਜ ਦਾ ਸ਼ਾਸਨ ਸੰਵਿਧਾਨ ਦੇ ਉਪਬੰਧਾਂ ਅਨੁਸਾਰ ਨਹੀਂ ਚਲਾਇਆ ਜਾ ਸਕਦਾ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਸੰਕਟਕਾਲ ਦਾ ਐਲਾਨ ਕਰ ਸਕਦਾ ਹੈ । ਅਜਿਹੀ ਅਵਸਥਾ ਵਿਚ ਰਾਜ ਦਾ ਪ੍ਰਸ਼ਾਸਨ ਰਾਸ਼ਟਰਪਤੀ ਦੇ ਹੱਥ ਵਿਚ ਆ ਜਾਂਦਾ ਹੈ ਅਤੇ ਰਾਜਪਾਲ ਰਾਸ਼ਟਰਪਤੀ ਦੇ ਪ੍ਰਤੀਨਿਧੀ ਦੇ ਤੌਰ ਤੇ ਉਸ ਰਾਜ ਵਿਚ ਪ੍ਰਸ਼ਾਸਨ ਚਲਾਉਂਦਾ ਹੈ ।

(v) ਰਾਜ ਦੇ ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ । ਰਾਜਪਾਲ ਰਾਜਾਂ ਵਿਚ ਸੰਘ ਦੇ ਪ੍ਰਤੀਨਿਧੀ ਦੇ ਰੂਪ ਵਿਚ ਕੰਮ ਕਰਦੇ ਹਨ । ਸਾਧਾਰਨ ਪਰਿਸਥਿਤੀਆਂ ਵਿਚ ਰਾਜਪਾਲ ਰਾਜ ਦੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਹੀ ਕਾਰਜ ਕਰਦੇ ਹਨ, ਪਰੰਤੂ ਰਾਜਪਾਲਾਂ ਨੂੰ ਕੁਝ ਇਛੁੱਕ ਸ਼ਕਤੀਆਂ (Discretionary Powers) ਦੀ ਵਰਤੋਂ ਦਾ ਅਧਿਕਾਰ ਵੀ ਦਿੱਤਾ ਗਿਆ ਹੈ । ਰਾਜਪਾਲ ਆਪਣੇ ਕੰਮਾਂ ਸੰਬੰਧੀ ਰਾਸ਼ਟਰਪਤੀ ਨੂੰ ਉੱਤਰਦਾਈ ਹੁੰਦੇ ਹਨ ਅਤੇ ਰਾਜ ਵਿਧਾਨ ਮੰਡਲ ਉਹਨਾਂ ਵਿਰੁੱਧ ਪ੍ਰਸਤਾਵ ਪਾਸ ਕਰਕੇ ਉਹਨਾਂ ਨੂੰ ਪਦਵੀ ਤੋਂ ਹਟਾ ਨਹੀਂ ਸਕਦੇ । ਰਾਜਪਾਲਾਂ ਦੁਆਰਾ ਸੰਘ ਸਰਕਾਰ ਰਾਜਾਂ ਦੇ ਪ੍ਰਸ਼ਾਸਨ ਤੇ ਪੂਰਾ ਨਿਯੰਤਰਣ ਰੱਖ ਸਕਦੀ ਹੈ ।

(vi) ਦੋ ਜਾਂ ਦੋ ਤੋਂ ਵਧੇਰੇ ਪ੍ਰਾਂਤਾਂ ਵਿਚਕਾਰ ਵਗਣ ਵਾਲੀਆਂ ਨਦੀਆਂ ਦੇ ਪਾਣੀ ਦੀ ਵੰਡ ਸੰਬੰਧੀ ਜਾਂ ਉਹਨਾਂ ਸੰਬੰਧੀ ਕਿਸੇ ਹੋਰ ਝਗੜਿਆਂ ਦਾ ਨਿਰਣਾ ਕਰਨ ਲਈ ਸੰਘੀ ਸੰਸਦ ਨੂੰ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਦਾਨ ਕੀਤੀ ਗਈ ਹੈ ।

(vii) ਰਾਜਾਂ ਦੇ ਆਪਸੀ ਝਗੜਿਆਂ ਦਾ ਫੈਸਲਾ ਕਰਨ ਅਤੇ ਉਹਨਾਂ ਵਿਚ ਸਹਿਯੋਗ ਦੀ ਭਾਵਨਾ ਉਤਪੰਨ ਕਰਨ ਲਈ ਰਾਸ਼ਟਰਪਤੀ ਅੰਤਰ-ਰਾਜ ਪਰਿਸ਼ਦ (Inter-State Council) ਦੀ ਸਥਾਪਨਾ ਕਰ ਸਕਦਾ ਹੈ । ਅੰਤਰ-ਰਾਜ ਪਰਿਸ਼ਦ ਸੰਘ ਅਤੇ ਰਾਜ ਸਰਕਾਰਾਂ ਦੀਆਂ ਨੀਤੀਆਂ ਵਿਚ ਸੁਮੇਲ ਪੈਦਾ ਕਰਨ ਅਤੇ ਰਾਜਾਂ ਦੇ ਆਪਸੀ ਝਗੜਿਆਂ ਨੂੰ ਨਿਪਟਾਉਣ ਲਈ ਸੰਘ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰਦੀ ਹੈ ।

(viii) ਰਾਜ ਸਰਕਾਰਾਂ ਦੀਆਂ ਉੱਚ ਪਦਵੀਆਂ ਉਪਰ ਸਰਵ ਭਾਰਤੀ ਸੇਵਾਵਾਂ (All India Service) ਦੇ ਅਫ਼ਸਰ ਕੰਮ ਕਰਦੇ ਹਨ । ਸਰਵ ਭਾਰਤੀ ਸੇਵਾਵਾਂ ਸੰਘ ਅਤੇ ਰਾਜ ਸਰਕਾਰਾਂ ਦੀਆਂ ਸਾਂਝੀਆਂ ਸੇਵਾਵਾਂ ਹਨ । ਉਹਨਾਂ ਦੀ ਨਿਯੁਕਤੀ ਕੇਂਦਰ ਸਰਕਾਰ ਦੁਆਰਾ ਕੀਤੀ ਜਾਂਦੀ ਹੈ, ਪਰੰਤੂ ਉਹਨਾਂ ਦਾ ਇਕ ਵੱਡਾ ਭਾਗ ਸਰਕਾਰਾਂ ਦੀ ਸੇਵਾ ਲਈ ਸੌਂਪਿਆ ਜਾਂਦਾ ਹੈ ।

(ix) ਸੰਘ ਸੂਚੀ ਵਿਚ ਅੰਕਿਤ ਕੁਝ ਵਿਸ਼ਿਆਂ ਦਾ ਪ੍ਰਸ਼ਾਸਨ ਕੇਂਦਰੀ ਸਰਕਾਰ ਆਪਣੇ ਕਰਮਚਾਰੀਆਂ

ਦੁਆਰਾ ਚਲਾਉਂਦੀ ਹੈ, ਜਿਵੇਂ ਕਿ ਡਾਕ-ਤਾਰ, ਟੈਲੀਫੋਨ, ਰੇਲਵੇ, ਆਮਦਨ ਕਰ ਆਦਿ । ਅਜਿਹੇ ਕੁਝ ਵਿਸ਼ਿਆਂ ਤੋਂ ਛੁੱਟ ਬਾਕੀ ਸੰਘੀ ਵਿਸ਼ਿਆਂ ਦਾ ਪ੍ਰਸ਼ਾਸਨ ਅਤੇ ਸੰਘੀ ਕਾਨੂੰਨ ਲਾਗੂ ਕਰਨ ਦਾ ਕੰਮ ਰਾਜ ਸਰਕਾਰਾਂ ਨੂੰ ਸੌਂਪਿਆ ਗਿਆ ਹੈ ।

(x) ਜੇਕਰ ਰਾਜ ਸਰਕਾਰ ਸੰਘ ਸਰਕਾਰ ਵਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਨਾ ਕਰੇ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਸੰਵਿਧਾਨਕ ਸੰਕਟ ਦੀ ਘੋਸ਼ਣਾ ਕਰਕੇ ਉਸ ਰਾਜ ਦਾ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਸਕਦਾ ਹੈ ।

(xi) ਭਾਰਤ ਇਕ ਸੰਘਾਤਮਕ ਸ਼ਾਸਨ ਪ੍ਰਣਾਲੀ ਹੋਣ ਦੇ ਬਾਵਜੂਦ ਇਸ ਵਿਚ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਕੀਤੀ ਗਈ ਹੈ ਅਤੇ ਦੇਸ਼ ਦੀ ਰੱਖਿਆ ਦੀ ਜ਼ਿੰਮੇਵਾਰੀ ਵੀ ਕੇਂਦਰ ਸਰਕਾਰ ਨੂੰਹੀ ਸੌਂਪੀ ਗਈ ਹੈ । ਇਸ ਸ਼ਕਤੀ ਦੇ ਅਧੀਨ ਕੇਂਦਰ ਸਰਕਾਰ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਉਪਰ ਕਾਫ਼ੀ ਹੱਦ ਤੱਕ ਆਪਣਾ ਨਿਯੰਤਰਣ ਸਥਾਪਤ ਕਰ ਸਕਦੀ ਹੈ । ਕੇਂਦਰ ਸਰਕਾਰ ਰਾਜਾਂ ਵਿਚ ਕੇਂਦਰੀ ਸੰਪਤੀ ਦੀ ਰੱਖਿਆ ਲਈ ਕੇਂਦਰੀ ਸ਼ਸਤਰਧਾਰੀ ਸ਼ਕਤੀਆਂ (Central Armed Forces) ਲਗਾ ਸਕਦੀ ਹੈ । ਇਸ ਤੋਂ ਇਲਾਵਾ ਕੇਂਦਰ ਸਰਕਾਰ ਕਿਸੇ ਰਾਜ ਦੀ ਸਹਾਇਤਾ ਲਈ ਸੈਨਾ ਵੀ ਤਾਇਨਾਤ ਕਰ ਸਕਦੀ ਹੈ ।

**ਪ੍ਰਸ਼ਾਸਨਿਕ ਸੰਬੰਧਾਂ ਦੀ ਆਲੋਚਨਾ** (Criticism of Administrative Relations) : ਵਿਧਾਨਿਕ ਖੇਤਰ ਦੀ ਤਰ੍ਹਾਂ ਪ੍ਰਸ਼ਾਸਨਿਕ ਸੰਬੰਧਾਂ ਵਿਚ ਵੀ ਕੇਂਦਰ ਸਰਕਾਰ ਦੀ ਸਥਿਤੀ ਪ੍ਰਮੁੱਖਤਾ (Dominance) ਵਾਲੀ ਹੈ । ਰਾਜਪਾਲ ਰਾਜਾਂ ਦੇ ਭਾਵੇਂ ਸੰਵਿਧਾਨਿਕ ਮੁੱਖੀ ਹੁੰਦੇ ਹਨ, ਪਰੰਤੂ ਕੇਂਦਰ ਦੁਆਰਾ ਨਿਯੁਕਤ ਹੋਣ ਕਾਰਨ ਉਹ ਮੁੱਖ ਰੂਪ ਵਿਚ ਕੇਂਦਰ ਸਰਕਾਰਾਂ ਦੇ ਪ੍ਰਤੀਨਿਧੀ ਹੁੰਦੇ ਹਨ । ਕੇਂਦਰ ਸਰਕਾਰ ਰਾਜਪਾਲ ਰਾਹੀਂ ਰਾਜ ਦੇ ਪ੍ਰਸ਼ਾਸਨ ਵਿਚ ਦਖਲ ਦੇ ਸਕਦੀ ਹੈ । ਇਸ ਤੋਂ ਇਲਾਵਾ ਸਰਵ ਭਾਰਤੀ ਸੇਵਾਵਾਂ ਦੇ ਅਧਿਕਾਰੀ ਦਰਅਸਲ ਕੇਂਦਰ ਸਰਕਾਰ ਦੇ ਅਧੀਨ ਹੁੰਦੇ ਹਨ । ਇਹ ਗੱਲ ਬੜੀ ਅਨੋਖੀ ਹੈ ਕਿ ਜੇਕਰ ਰਾਜ ਸਰਕਾਰ ਆਪਣੇ ਸ਼ਾਸਨ ਨੂੰ ਚਲਾਉਣ ਲਈ ਹੋਰ ਅਨੇਕਾਂ ਅਧਿਕਾਰੀ ਨਿਯੁਕਤ ਕਰ ਸਕਦੀ ਹੈ ਤਾਂ ਇਹਨਾਂ ਉੱਚ ਪਦਵੀਆਂ ਲਈ ਸਰਵ ਭਾਰਤੀ ਸੇਵਾਵਾਂ ਦੇ ਅਧਿਕਾਰੀਆਂ ਦੀ ਕਿਉਂ ਵਿਸ਼ੇਸ਼ ਲੋੜ ਪੈਂਦੀ ਹੈ? ਦਰਅਸਲ ਇਹਨਾਂ ਅਧਿਕਾਰੀਆਂ ਰਾਹੀਂ ਕੇਂਦਰ ਸਰਕਾਰ ਰਾਜ ਸਰਕਾਰ ਉੱਤੇ ਆਪਣਾ ਪ੍ਰਭਾਵ ਬਣਾਈ ਰੱਖਦੀ ਹੈ । ਸੰਵਿਧਾਨ ਅਨੁਸਾਰ ਰਾਸ਼ਟਰਪਤੀ ਸਮੁੱਚੇ ਦੇਸ਼ ਜਾਂ ਕਿਸੇ ਵਿਸ਼ੇਸ਼ ਰਾਜ ਵਿਚ ਸੰਕਟਕਾਲੀ ਘੋਸ਼ਣਾ ਕਰਕੇ ਰਾਜਾਂ ਦੇ ਪ੍ਰਸ਼ਾਸਨ ਨੂੰ ਆਪਣੇ ਹੱਕ ਵਿਚ ਲੈ ਸਕਦਾ ਹੈ । ਇਸ ਤੋਂ ਇਲਾਵਾ, ਸਾਧਾਰਨ ਸਮੇਂ ਵੀ ਕੇਂਦਰੀ ਸਰਕਾਰ ਰਾਜ ਸਰਕਾਰਾਂ ਨੂੰ ਕਾਰਜਕਾਰੀ ਸ਼ਕਤੀਆਂ (Executive Powers) ਦੀ ਵਰਤੋਂ ਸੰਬੰਧੀ ਆਦੇਸ਼ ਜਾਰੀ ਕਰ ਸਕਦੀ ਹੈ । ਇਥੇ ਹੀ ਬਸ ਨਹੀਂ ਸਗੋਂ ਜੇਕਰ ਕੇਂਦਰ ਸਰਕਾਰ ਅਨੁਭਵ ਕਰੇ ਕਿ ਕਿਸੇ ਰਾਜ ਵਿਚ ਕੇਂਦਰ ਸਰਕਾਰ ਦੀ ਸੰਪੱਤੀ ਸੁਰੱਖਿਅਤ ਨਹੀਂ ਤਾਂ ਕੇਂਦਰ ਸਰਕਾਰ ਕੇਂਦਰੀ ਸੁਰੱਖਿਆ ਪੁਲਿਸ ਨੂੰ ਲਗਾ ਸਕਦੀ ਹੈ ।

ਰਾਜਾਂ ਦੇ ਪ੍ਰਸ਼ਾਸਨ ਵਿਚ ਕੇਂਦਰ ਸਰਕਾਰ ਦਾ ਇੰਨਾਂ ਜ਼ਿਆਦਾ ਦਖਲ ਹੈ ਕਿ ਕੁਝ ਆਲੋਚਕ ਭਾਰਤੀ ਪ੍ਰਣਾਲੀ ਨੂੰ ਇਕਾਤਮਕ ਪ੍ਰਣਾਲੀ ਦੱਸਦੇ ਹਨ । ਅਨੁਛੇਦ 356 ਦਾ ਸਹਾਰਾ ਲੈ ਕੇ ਕੇਂਦਰ ਸਰਕਾਰ ਵਿਰੋਧੀ ਦਲ ਦੀਆਂ ਰਾਜ ਸਰਕਾਰਾਂ ਨੂੰ ਭੰਗ ਕਰ ਸਕਦੀ ਹੈ ਅਤੇ ਉਹਨਾਂ ਰਾਜਾਂ ਦੇ ਰਾਜਪਾਲ (Governors) ਰਾਹੀਂ ਸ਼ਾਸਨ ਦਾ ਸੰਚਾਲਨ ਕੁਝ ਸਮੇਂ ਲਈ ਆਪਣੀ ਇੱਛਾ ਅਨੁਸਾਰ ਕਰਸਕਦੀ ਹੈ । 1 ਮਈ, 1977 ਵਿਚ ਜਨਤਾ ਦਲ ਦੀ ਸਰਕਾਰ ਨੇ ਉਹਨਾਂ 9 ਰਾਜਾਂ ਦੀਆਂ ਵਿਧਾਨ ਸਭਾਵਾਂ ਭੰਗ ਕਰਵਾ ਦਿੱਤੀਆਂ ਸਨ ਜਿਹਨਾਂ ਵਿਚ ਕਾਂਗਰਸ ਦਲ ਦੀਆਂ ਸਰਕਾਰਾਂ ਸਨ ਅਤੇ ਫਰਵਰੀ 1980 ਨੂੰ ਕਾਂਗਰਸ (ਆਈ) ਦੀ ਕੇਂਦਰੀ ਸਰਕਾਰ ਨੇ ਉਹਨਾਂ 9 ਰਾਜਾਂ ਦੀਆਂ ਵਿਧਾਨ ਸਭਾਵਾਂ ਭੰਗ ਕਰਵਾ ਦਿੱਤੀਆਂ ਸਨ ਜਿਥੇ ਗੈਰ-ਕਾਂਗਰਸੀ ਦਲ ਸ਼ਾਸਨ ਚਲਾ ਰਹੇ ਸਨ । ਸਾਲ 1992 ਵਿਚ ਅਯੁਧਿਆ ਘਟਨਾਵਾਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ 4 ਬੀ.ਜੇ.ਪੀ. ਨਾਲ ਸੰਬੰਧਤ ਰਾਜਾਂ ਦੇ ਗਵਰਨਰਾਂ ਦੀ ਰਿਪੋਰਟ ਪ੍ਰਾਪਤ ਕੀਤੇ ਬਿਨਾਂ ਹੀ ਅਜਿਹੀ ਕਾਰਵਾਈ ਕੀਤੀ ਸੀ । ਇਸ ਤਰ੍ਹਾਂ ਸਪਸ਼ਟ ਹੈ ਕਿ ਪ੍ਰਸ਼ਾਸਨਿਕ ਖੇਤਰ ਵਿਚ ਵੀ ਰਾਜਾਂ ਦੇ ਮੁਕਾਬਲੇ ਕੇਂਦਰ ਦੀ ਸਥਿਤੀ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੈ ।

## 2.4 ਕੇਂਦਰ - ਰਾਜਾਂ ਦੇ ਸਮੁੱਚੇ ਸੰਬੰਧਾਂ ਦਾ ਆਲੋਚਨਾਤਮਕ ਮੁਲਅੰਕਣ
### (Critical Evaluation of the Centre-State Relations as a Whole)

ਕੇਂਦਰ ਰਾਜ ਦੇ ਸੰਬੰਧਾਂ ਦੇ ਹਰੇਕ ਖੇਤਰ ਵਿਚ ਰਾਜਾਂ ਦੇ ਮੁਕਾਬਲੇ ਕੇਂਦਰ ਦਾ ਪਲੜਾ ਭਾਰੀ ਹੈ । ਇਹੀ ਕਾਰਨ ਹੈ ਕਿ ਕੁਝ ਆਲੋਚਕ ਭਾਰਤ ਦੀ ਸੰਘਾਤਮਕ ਪ੍ਰਣਾਲੀ ਨੂੰ ਇਕ ਸੱਚੀ ਸੰਘ ਪ੍ਰਣਾਲੀ ਨਹੀਂ ਮੰਨਦੇ । ਕੇਂਦਰ ਰਾਜ ਦੇ ਸੰਬੰਧਾਂ ਦੇ ਪ੍ਰਬੰਧ ਵਿਚ ਕੁਝ ਮਹੱਤਵਪੂਰਨ ਦੋਸ਼ ਹਨ ਜਿਹਨਾਂ ਦਾ ਸੰਖੇਪ ਵਿਚ ਵਰਨਣ ਇਸ ਪ੍ਰਕਾਰ ਹੈ :

**1. ਵਿਧਾਨਿਕ ਖੇਤਰ ਵਿਚ ਕੇਂਦਰ ਦੀ ਪ੍ਰਮੁੱਖਤਾ** (Dominance of the Centre in Legislative Field) : ਕੇਂਦਰ ਸਰਕਾਰਾਂ ਅਤੇ ਰਾਜ ਸਰਕਾਰਾਂ ਦੇ ਆਪਸੀ ਵਿਧਾਨਿਕ ਸੰਬੰਧਾਂ ਦਾ ਅਧਿਐਨ ਕਰਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਵਿਧਾਨ ਨੇ ਕੇਂਦਰ ਨੂੰ ਵਿਧਾਨਿਕ ਖੇਤਰ ਵਿਚ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਬਣਾਇਆ ਹੈ । ਸੰਘੀ ਸੂਚੀ ਵਿਚ ਦਰਜ ਵਿਸ਼ੇ ਗਿਣਤੀ ਵਿਚ ਕਾਫੀ ਜ਼ਿਆਦਾ ਹਨ ਅਤੇ ਮਹੱਤਤਾ ਦੇ ਪੱਖ ਤੋਂ ਵੀ ਇਹ ਰਾਜ ਸੂਚੀ ਵਿਚ ਦਿੱਤੇ ਵਿਸ਼ਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਮਹੱਤਵਪੂਰਨ ਹਨ । ਰਾਜ ਸੂਚੀ ਵਿਚ ਦਿੱਤੇ ਵਿਸ਼ੇ ਵੀ ਕੇਂਦਰ ਸਰਕਾਰ ਦੇ ਨਿਯੰਤਰਣ ਤੋਂ ਬਾਹਰ ਨਹੀਂ ਹਨ । ਅਨੇਕਾਂ ਪਰਸਥਿਤੀਆਂ ਵਿਚ ਕੇਂਦਰ ਸਰਕਾਰ ਉਹਨਾਂ ਵਿਸ਼ਿਆਂ ਸੰਬੰਧੀ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ । ਸਮਵਰਤੀ ਸੂਚੀ ਵਿਚ ਦਿੱਤੇ ਵਿਸ਼ਿਆਂ ਸੰਬੰਧੀ ਵੀ ਕੇਂਦਰ ਸਰਕਾਰ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ । ਇਹਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਬਚੀਆਂ ਸ਼ਕਤੀਆਂ (Residuary Powers) ਵੀ ਕੇਂਦਰ ਸਰਕਾਰ ਨੂੰ ਸੌਂਪਣ ਨਾਲ ਰਾਜ ਸਰਕਾਰਾਂ ਦੀਆਂ ਵਿਧਾਨਿਕ ਸ਼ਕਤੀਆਂ ਦਾ ਖੇਤਰ ਬਿਲਕੁਲ ਹੀ ਸੀਮਿਤ ਕਰ ਦਿੱਤਾ ਗਿਆ ਹੈ । ਰਾਜ ਸਰਕਾਰਾਂ ਦੀ ਸਥਿਤੀ ਸੰਘਾਤਮਕ ਪ੍ਰਣਾਲੀ ਦੀ ਆਤਮਾ ਦੇ ਵਿਰੁੱਧ ਹੈ ।

**2. ਰਾਜ ਸਰਕਾਰ ਦੇ ਕਾਨੂੰਨ ਨੂੰ ਰਾਸ਼ਟਰਪਤੀ ਲਈ ਰਾਖਵੇਂ ਰੱਖਣ ਦੀ ਵਿਵਸਥਾ** (Provision for reserving State Laws for the President's Consideration) : ਵਿਧਾਨਿਕ ਸ਼ਕਤੀਆਂ ਦੀ ਵੰਡ ਸੰਬੰਧੀ ਇਕ ਹੋਰ ਪੱਖ ਵਿਚਾਰਨਯੋਗ ਹੈ ਰਾਸ਼ਟਰਪਤੀ ਉਹਨਾਂ ਬਿਲਾਂ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਵੀ ਕਰ ਸਕਦਾ ਹੈ । ਰਾਜਪਾਲ ਕੇਂਦਰ ਸਰਕਾਰ ਦੀ ਸਲਾਹ ਤੇ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ । ਕੇਂਦਰ ਦੁਆਰਾ ਨਿਯੁਕਤ ਹੋਏ ਰਾਜਪਾਲ ਕੇਂਦਰ ਸਰਕਾਰ ਨੂੰ ਪ੍ਰਸੰਨ ਕਰਨ ਲਈ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਕਿਸੇ ਵੀ ਕਾਨੂੰਨ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖ ਸਕਦੇ ਹਨ ।

**3. ਸੰਵਿਧਾਨ ਵਿਚ ਤਰਮੀਮ ਕਰਨ ਦੀ ਸ਼ਕਤੀਆਂ ਕੇਂਦਰ ਕੋਲ** (Powers of Amending the Constitution with the Centre) : ਸੰਵਿਧਾਨ ਵਿਚ ਤਰਮੀਮ ਕਰਨ ਸੰਬੰਧੀ ਰਾਜ ਵਿਧਾਨ ਮੰਡਲ ਪਹਿਲ ਨਹੀਂ ਕਰ ਸਕਦੇ । ਸੰਵਿਧਾਨ ਦੇ ਥੋੜ੍ਹੇ ਜਿਹੇ ਅਨੁਛੇਦ ਹਨ ਜਿਹਨਾਂ ਵਿਚ ਤਰਮੀਮ ਕਰਨ ਸੰਬੰਧੀ ਰਾਜ ਵਿਧਾਨ ਮੰਡਲ ਦੀ ਪ੍ਰਵਾਨਗੀ ਲਈ ਜਾਂਦੀ ਹੈ । ਸੰਵਿਧਾਨ ਦੇ ਕਾਫੀ ਵੱਡੇ ਭਾਗ ਵਿਚ ਤਰਮੀਮ ਕਰਨ ਲਈ ਸੰਬੰਧੀ ਰਾਜ ਵਿਧਾਨ ਕੋਲ ਕੋਈ ਸ਼ਕਤੀ ਪ੍ਰਾਪਤ ਨਹੀਂ ਹੈ । ਇਥੋਂ ਤੱਕ ਕਿ ਨਵੇਂ ਰਾਜ ਦਾ ਨਿਰਮਾਣ ਕਰਨ, ਰਾਜਾਂ ਦੇ ਨਾਂ ਤਬਦੀਲੀ ਕਰਨ ਜਾਂ ਉਹਨਾਂ ਦੀਆਂ ਸੀਮਾਵਾਂ ਵਿਚ ਪਰਿਵਰਤਨ ਕਰਨ ਦਾ ਅਧਿਕਾਰ ਵੀ ਕੇਂਦਰੀ ਸੰਸਦ ਕੋਲ ਹੈ । ਇਸ ਤਰ੍ਹਾਂ ਸਪੱਸ਼ਟ ਹੈ ਕਿ ਵਿਧਾਨਿਕ ਅਤੇ ਸੰਵਿਧਾਨਿਕ ਖੇਤਰ ਵਿਚ ਰਾਜਾਂ ਦੇ ਮੁਕਾਬਲੇ ਕੇਂਦਰ ਸਰਕਾਰ ਦੀ ਸਥਿਤੀ ਬਹੁਤ ਹੀ ਜ਼ਿਆਦਾ ਸ਼ਕਤੀਸ਼ਾਲੀ ਹੈ ।

**4. ਪ੍ਰਸ਼ਾਸਨਿਕ ਸੰਬੰਧਾਂ ਵਿਚ ਕੇਂਦਰ ਦੀ ਸ੍ਰੇਸ਼ਠਤਾ** (Supremacy of the centre in administrative relations) : ਵਿਧਾਨਿਕ ਖੇਤਰ ਦੀ ਤਰ੍ਹਾਂ ਪ੍ਰਸ਼ਾਸਨਿਕ ਖੇਤਰ ਵਿਚ ਵੀ ਕੇਂਦਰ ਸਰਕਾਰ ਦੀ ਸਥਿਤੀ ਪ੍ਰਮੁੱਖਤਾ (Dominance) ਵਾਲੀ ਹੈ । ਰਾਜਪਾਲ ਰਾਜਾਂ ਦੇ ਭਾਵੇਂ ਸੰਵਿਧਾਨਕ ਮੁਖੀ ਹੁੰਦੇ ਹਨ, ਪਰੰਤੂ ਕੇਂਦਰ ਦੁਆਰਾ ਨਿਯੁਕਤ ਹੋਣ ਕਾਰਨ ਉਹ ਮੁੱਖ ਰੂਪ ਵਿਚ ਕੇਂਦਰ ਸਰਕਾਰ ਦੇ ਪ੍ਰਤੀਨਿਧੀ ਹੁੰਦੇ ਹਨ । ਕੇਂਦਰ ਸਰਕਾਰ ਰਾਜਪਾਲ ਰਾਹੀਂ ਰਾਜ ਦੇ ਪ੍ਰਸ਼ਾਸਨ ਵਿਚ ਦਖਲ ਦੇ ਸਕਦੀ ਹੈ । ਇਸ ਤੋਂ ਇਲਾਵਾ ਰਾਜ ਸਰਕਾਰ ਦੀਆਂ ਉੱਚ ਪਦਵੀਆਂ ਉੱਤੇ ਲੱਗੇ ਅਧਿਕਾਰੀ ਸਰਵ-ਭਾਰਤੀ ਸੇਵਾਵਾਂ ਦੇ ਅਧਿਕਾਰੀ ਹੁੰਦੇ ਹਨ । ਸਰਵ ਭਾਰਤੀ ਸੇਵਾਵਾਂ ਦੇ ਅਧਿਕਾਰੀ ਦਰਅਸਲ ਕੇਂਦਰ ਸਰਕਾਰ ਦੇ ਹੀ ਅਧੀਨ ਹੁੰਦੇ ਹਨ । ਇਹਨਾਂ ਅਧਿਕਾਰੀਆਂ ਰਾਹੀਂ ਕੇਂਦਰ ਸਰਕਾਰ ਰਾਜ ਸਰਕਾਰਾਂ ਉੱਤੇ ਆਪਣਾ ਪ੍ਰਭਾਵ ਬਣਾਈ ਰੱਖਦੀ ਹੈ । ਸੰਵਿਧਾਨ ਅਨੁਸਾਰ ਰਾਸ਼ਟਪਤੀ ਸਮੁੱਚੇ ਦੇਸ਼ ਦਾ ਜਾਂ

ਕਿਸੇ ਵਿਸ਼ੇਸ਼ ਰਾਜ ਵਿਚ ਸੰਕਟਕਾਲੀ ਘੋਸ਼ਣਾ ਕਰਕੇ ਰਾਜਾਂ ਦੇ ਪ੍ਰਸ਼ਾਸਨ ਨੂੰ ਆਪਣੇ ਹੱਥ ਵਿਚ ਲੈ ਸਕਦਾ ਹੈ। ਜੇਕਰ ਕੇਂਦਰ ਅਨੁਭਵ ਕਰੇ ਕਿ ਕਿਸੇ ਰਾਜ ਵਿਚ ਕੇਂਦਰ ਸਰਕਾਰ ਦੀ ਸੰਪੱਤੀ ਸੁਰੱਖਿਆ ਨਹੀਂ ਹੈ ਤਾਂ ਕੇਂਦਰ ਸਰਕਾਰ ਕੇਂਦਰੀ ਸੁਰੱਖਿਆ ਪੁਲਿਸ ਨੂੰ ਲਗਾ ਸਕਦੀ ਹੈ।

**5. ਅਨੁਛੇਦ 356 ਦੀ ਕੁਵਰਤੋਂ** (Misuse of Article 356) : ਸੰਵਿਧਾਨ ਅਨੁਛੇਦ 356 ਅਨੁਸਾਰ, ਰਾਸ਼ਟਰਪਤੀ ਕਿਸੇ ਰਾਜ ਵਿਚ ਸੰਵਿਧਾਨਕ ਪ੍ਰਬੰਧ ਅਸਫਲ ਹੋਣ ਦੀ ਹਾਲਤ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਰਾਸ਼ਟਰਪਤੀ ਰਾਜ ਲਾਗੂ ਹੋਣ ਦੀ ਅਵਸਥਾ ਵਿਚ ਰਾਜ ਸਰਕਾਰ ਭੰਗ ਕਰ ਦਿੱਤੀ ਜਾਂਦੀ ਹੈ। ਅਨੁਛੇਦ 356 ਰਾਜਾਂ ਦੇ ਪ੍ਰਸ਼ਾਸਨ ਨੂੰ ਕੇਂਦਰੀ ਸਰਕਾਰ ਦੇ ਰਹਿਮ ਤੇ ਨਿਰਭਰ ਕਰਨ ਦਾ ਜ਼ਿੰਮੇਵਾਰ ਹੈ। ਇਸ ਅਨੁਛੇਦ ਦਾ ਸਹਾਰਾ ਲੈ ਕੇ ਕੇਂਦਰੀ ਸਰਕਾਰ ਕਿਸੇ ਨਾ ਕਿਸੇ ਬਹਾਨੇ ਕਿਸੇ ਵੀ ਰਾਜ ਸਰਕਾਰ ਨੂੰ ਭੰਗ ਕਰ ਸਕਦੀ ਹੈ।

**6. ਗਵਰਨਰ ਕੇਂਦਰ ਸਰਕਾਰ ਦੇ ਪ੍ਰਤੀਨਿਧੀ** (Governors as Agents of the Central Government) : ਰਾਜਪਾਲ ਦੀ ਨਿਯੁਕਤੀ ਕੇਂਦਰ ਸਰਕਾਰ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਅਤੇ ਉਹ ਰਾਸਟਰਪਤੀ ਪ੍ਰਤੀ ਹੀ ਉੱਤਰਦਾਈ ਹੁੰਦੇ ਹਨ। ਭਾਰਤੀ ਰਾਜਨੀਤਕ ਪ੍ਰਣਾਲੀ ਦਾ 52 ਸਾਲ ਦਾ ਇਤਿਹਾਸ ਇਸ ਸੱਚਾਈ ਦੀ ਪੁਸ਼ਟੀ ਕਰਦਾ ਹੈ ਕਿ ਅਨੇਕਾਂ ਗਵਰਨਰਾਂ ਨੇ ਕੇਂਦਰ ਸਰਕਾਰ ਦੇ ਇਸ਼ਾਰਿਆਂ ਤੇ ਅਜਿਹੀਆਂ ਕਾਰਵਾਈਆਂ ਕੀਤੀਆਂ ਹਨ ਜੋ ਸੰਸਦੀ ਲੋਕਤੰਤਰ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਸਨ। ਗਵਰਨਰ ਦੀ ਪਦਵੀ ਦੀ ਵਿਵਸਥਾ ਰਾਜ ਦੇ ਸੰਵਿਧਾਨਿਕ ਮੁਖੀ ਦੇ ਰੂਪ ਵਿਚ ਕੀਤੀ ਗਈ ਹੈ, ਪਰ ਕਈ ਗਵਰਨਰਾਂ ਨੇ ਸੰਵਿਧਾਨਿਕ ਮੁਖੀ ਦੇ ਰੂਪ ਵਿਚ ਘੱਟ ਅਤੇ ਕੇਂਦਰ ਸਰਕਾਰ ਪ੍ਰਤੀਨਿਧ ਦੇ ਰੂਪ ਵਿਚ ਵਧੇਰੇ ਮਹੱਤਵਪੂਰਣ ਭੂਮਿਕਾ ਨਿਭਾਈ ਹੈ।

**7. ਵਿੱਤੀ ਸੰਬੰਧਾਂ ਵਿਚ ਕੇਂਦਰ ਦੀ ਪ੍ਰਮੁੱਖਤਾ** (Dominance of Centre in Financial Relations) : ਵਿੱਤੀ ਖੇਤਰ ਵਿਚ ਰਾਜਾਂ ਦੀ ਸਥਿਤੀ ਕੇਂਦਰ ਸਰਕਾਰ ਦੀ ਸਥਿਤੀ ਦੇ ਮੁਕਾਬਲੇ ਮਹੱਤਵਹੀਨ ਹੈ, ਰਾਜ ਸਰਕਾਰਾਂ ਨੂੰ ਦਿੱਤੇ ਗਏ ਆਮਦਨ ਦੇ ਸੋਮੇ ਇੰਨੇ ਥੋੜ੍ਹੇ ਹਨ ਕਿ ਰਾਜ ਸਰਕਾਰਾਂ ਆਪਣੀਆਂ ਵਿਕਾਸੀ ਯੋਜਨਾਵਾਂ ਅਤੇ ਦੂਸਰੀਆਂ ਲੋੜਾਂ ਨੂੰ ਅਸਾਨੀ ਨਾਲ ਪੂਰੀਆਂ ਨਹੀਂ ਕਰ ਸਕਦੀਆਂ। ਅਜਿਹੀ ਸਥਿਤੀ ਹੋਣ ਕਾਰਨ ਰਾਜ ਸਰਕਾਰਾਂ ਨੂੰ ਕੇਂਦਰ ਸਰਕਾਰ ਕੋਲੋਂ ਸਹਾਇਤਾ ਦੀ ਮੰਗ ਕਰਨੀ ਪੈਂਦੀ ਹੈ। ਜੇਕਰ ਕੇਂਦਰ ਅਤੇ ਰਾਜਾਂ ਵਿਚ ਇਕ ਹੀ ਦਲ ਦੀਆਂ ਸਰਕਾਰਾਂ ਹੋਣ ਤਾਂ ਕੰਮ ਵਿਚ ਰੁਕਾਵਟ ਪੈਣ ਦੀ ਘੱਟ ਸੰਭਾਵਨਾ ਹੈ, ਪਰੰਤੂ ਜੇਕਰ ਕੇਂਦਰ ਵਿਚ ਕਿਸੇ ਹੋਰ ਦਲ ਦੀ ਅਤੇ ਰਾਜ ਵਿਚ ਕਿਸੇ ਹੋਰ ਦਲ ਦੀ ਸਰਕਾਰ ਹੋਵੇ ਤਾਂ ਵਿੱਤੀ ਸਹਾਇਤਾ ਸੰਬੰਧੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਤਣਾਓ ਪੈਦਾ ਹੋ ਸਕਦਾ ਹੈ।

**8. ਕੇਂਦਰੀਕ੍ਰਿਤ ਯੋਜਨਾਬੰਦੀ** (Centralised Planning) : ਸਾਡੇ ਦੇਸ਼ ਵਿਚ ਯੋਜਨਾਬੰਦੀ ਦਾ ਕੇਂਦਰੀਕ੍ਰਿਤ ਹੋਣਾ ਕੇਂਦਰ ਸਰਕਾਰ ਦੀ ਸ੍ਰੇਸ਼ਠਤਾ ਤੇ ਰਾਜ ਸਰਕਾਰਾਂ ਦੀ ਕਮਜ਼ੋਰ ਸਥਿਤੀ ਪ੍ਰਗਟਾਉਂਦਾ ਹੈ। ਸਾਡੇ ਦੇਸ਼ ਵਿਚ ਇਕ ਯੋਜਨਾ ਆਯੋਗ (Planning Commission) ਹੈ ਜਿਸ ਦੇ ਮੈਂਬਰ ਕੇਂਦਰ ਸਰਕਾਰ ਦੁਆਰਾ ਨਿਸ਼ਚਿਤ ਕੀਤੇ ਸਨ। ਰਾਜਾਂ ਦੀ ਪ੍ਰਮੁੱਖ ਵਿਕਾਸੀ ਯੋਜਨਾਵਾਂ ਦਾ ਅੰਤਿਮ ਨਿਰਣਾ ਵੀ ਇਸ ਆਯੋਗ ਦੁਆਰਾ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਨੂੰ ਮਹੱਤਵਪੂਰਣ ਵਿਕਾਸੀ ਯੋਜਨਾਵਾਂ ਸੰਬੰਧੀ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਕਈ ਮਾਮਲਿਆਂ ਵਿਚ ਕੇਂਦਰ ਦੀ ਪ੍ਰਵਾਨਗੀ ਪ੍ਰਾਪਤ ਨਾ ਹੋਣ ਕਾਰਣ ਕਈ ਰਾਜਾਂ ਵਿਚ ਮਹੱਤਵਪੂਰਣ ਨਿਕਾਸੀ ਯੋਜਨਾਵਾਂ ਕਾਫੀ ਲੰਬੇ ਸਮੇਂ ਤੱਕ ਲਟਕਦੀਆਂ ਰਹਿੰਦੀਆਂ ਹਨ। ਅਜਿਹੀ ਹਾਲਤ ਵਿਚ ਰਾਜਾਂ ਦਾ ਵਿਕਾਸ ਕੇਂਦਰ ਦੀ ਇੱਛਾ ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ। ਅਜਿਹੀ ਸਥਿਤੀ ਕੇਂਦਰ ਰਾਜ ਦੇ ਸੰਬੰਧਾਂ ਵਿਚ ਇਕ ਤਣਾਅ ਪੈਦਾ ਕਰਨ ਲਈ ਜ਼ਿੰਮੇਵਾਰ ਬਣਦੀ ਹੈ।

**9. ਨਵੇਂ ਰਾਜ ਦੀ ਸਥਾਪਨਾ ਅਤੇ ਰਾਜਾਂ ਦੀਆਂ ਸੀਮਾਵਾਂ ਵਿਚ ਤਬਦੀਲੀ ਕਰਨ ਦੀ ਸ਼ਕਤੀ** (Power of the formation of New States and the alteration of the Boundaries) : ਨਵੇਂ ਰਾਜਾਂ ਦੀ ਸਥਾਪਨਾ ਕਰਨ ਅਤੇ ਉਹਨਾਂ ਨੂੰ ਸੰਘ ਵਿਚ ਸ਼ਾਮਿਲ ਕਰਨ ਦੀ ਸ਼ਕਤੀ ਵੀ ਕੇਂਦਰੀ ਸੰਸਦ ਨੂੰ ਪ੍ਰਦਾਨ ਕੀਤੀ ਗਈ ਹੈ। ਇਸ ਸੰਬੰਧੀ ਰਾਜ ਵਿਧਾਨ ਮੰਡਲਾਂ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ।

**ਕੇਂਦਰੀ ਸੰਸਦ**

(i) ਕਿਸੇ ਰਾਜ ਦਾ ਖੇਤਰ ਘਟਾ ਜਾਂ ਵਧਾ ਸਕਦੀ ਹੈ । (ii) ਕਿਸੇ ਰਾਜ ਦੀਆਂ ਸੀਮਾਵਾਂ ਬਦਲ ਸਕਦੀ ਹੈ । (iii) ਕਿਸੇ ਰਾਜ ਦਾ ਨਾਂ ਬਦਲ ਸਕਦੀ ਹੈ । (iv) ਕਿਸੇ ਰਾਜ ਦਾ ਕੋਈ ਭਾਗ ਕੱਟ ਕੇ ਦੂਸਰੇ ਰਾਜ ਨਾਲ ਮਿਲਾ ਸਕਦੀ ਹੈ । (v) ਇਕ ਰਾਜ ਨੂੰ ਵੰਡ ਕੇ ਦੋ ਰਾਜਾਂ ਦਾ ਨਿਰਮਾਣ ਕਰ ਸਕਦੀ ਹੈ ।

ਇਹਨਾਂ ਸੰਬੰਧੀ ਕਾਨੂੰਨ ਦਾ ਨਿਰਮਾਣ ਕਰਨ ਲਈ ਕੇਂਦਰੀ ਸੰਸਦ ਨੂੰ ਸੰਬੰਧਿਤ ਰਾਜ ਵਿਧਾਨ ਮੰਡਲ ਦੀ ਸਹਿਮਤੀ ਪ੍ਰਾਪਤ ਕਰਨ ਦੀ ਲੋੜ ਨਹੀਂ ਹੈ । ਰਾਜਾਂ ਦੇ ਨਿਰਮਾਣ ਸੰਬੰਧੀ ਜਾਂ ਉਹਨਾਂ ਦੀਆਂ ਹੱਦਾਂ ਵਿਚ ਤਬਦੀਲੀ ਕਰਨ ਲਈ ਸੰਬੰਧਿਤ ਰਾਜਾਂ ਦੇ ਵਿਚਾਰ ਜਾਣਨ ਲਈ ਉਹਨਾਂ ਪਾਸ ਬਿੱਲ ਦਾ ਭੇਜਣਾ ਜ਼ਰੂਰੀ ਹੈ, ਪਰੰਤੂ ਉਹਨਾਂ ਦੇ ਵਿਚਾਰਾਂ ਨੂੰ ਪ੍ਰਵਾਨ ਕਰਨਾ ਕੇਂਦਰੀ ਸੰਸਦ ਲਈ ਕੋਈ ਜ਼ਰੂਰੀ ਨਹੀਂ ਹੈ ।

ਉਪਰੋਕਤ ਤੱਤ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕੇਂਦਰ ਦੇ ਸੰਬੰਧਾਂ ਵਿਚ ਕੇਂਦਰ ਹਰ ਪੱਖੋਂ ਸ੍ਰੇਸ਼ਠ ਹੈ ਤੇ ਰਾਜਾਂ ਨੂੰ ਕੇਂਦਰ ਸਰਕਾਰ ਦੀ ਕ੍ਰਿਪਾ ਦ੍ਰਿਸ਼ਟੀ ਤੇ ਨਿਰਭਰ ਹੋਣ ਲਈ ਮਜਬੂਰ ਹੋਣਾ ਪੈਂਦਾ ਹੈ । ਇਸੇ ਕਾਰਨ ਕਈ ਰਾਜਨੀਤਕ ਦਲਾਂ ਨੇ ਰਾਜਾਂ ਨੂੰ ਵਧੇਰੇ ਸ਼ਕਤੀਆਂ ਦੇਣ ਦੀ ਮੰਗ ਕੀਤੀ ਹੈ । ਸਾਡੇ ਦੇਸ਼ ਦਾ ਸੰਵਿਧਾਨਿਕ ਢਾਂਚਾ ਕੇਂਦਰ ਤੇ ਰਾਜਾਂ ਦੇ ਆਪਸੀ ਸਹਿਯੋਗ ਤੇ ਨਿਰਭਰ ਕਰਦਾ ਹੈ । ਕੇਂਦਰ ਤੇ ਰਾਜਾਂ ਦਾ ਆਪਸੀ ਤਣਾਓ ਸੰਵਿਧਾਨਿਕ ਢਾਂਚੇ ਦੀ ਅਸਫਲਤਾ ਬਣ ਸਕਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਵਿਚ ਅਜਿਹੇ ਸੁਧਾਰ ਕੀਤੇ ਜਾਣ ਜਿਨ੍ਹਾਂ ਨਾਲ ਰਾਜਾਂ ਨੂੰ ਵਧੇਰੇ ਸ਼ਕਤੀਆਂ ਅਤੇ ਆਮਦਨ ਦੇ ਸਾਧਨ ਮਿਲ ਸਕਣ ਤੇ ਕੇਂਦਰ ਉੱਤੇ ਰਾਜਾਂ ਦੀ ਨਿਰਭਰਤਾ ਘਟ ਸਕੇ । ਅਜਿਹੇ ਸੁਧਾਰ ਕਰਨ ਨਾਲ ਹੀ ਰਾਜ ਦੇਸ਼ ਦੇ ਸਮੁੱਚੇ ਵਿਕਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਦੇਣ ਦੇ ਯੋਗ ਹੋ ਸਕਣਗੇ ।

## 2.5 ਸਰਕਾਰੀਆ ਆਯੋਗ

## (Sarkaria Commission)

ਭਾਰਤੀ ਸੰਵਿਧਾਨ ਨੇ ਸੰਘਾਤਮਕ ਪ੍ਰਣਾਲੀ ਦੀ ਵਿਵਸਥਾ ਕੀਤੀ ਹੈ, ਪਰ ਇਸ ਸੰਵਿਧਾਨ ਵਿਚ ਕੁਝ ਅਜਿਹੀਆਂ ਵਿਵਸਥਾਵਾਂ ਹਨ ਜੋ ਰਾਜਾਂ ਦੇ ਮੁਕਾਬਲੇ ਕੇਂਦਰ ਦੀ ਸਥਿਤੀ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦੀਆਂ ਹਨ । ਜਦੋਂ ਦਾ ਸੰਵਿਧਾਨ ਲਾਗੂ ਹੋਇਆ ਹੈ ਕੇਂਦਰ ਸਰਕਾਰ ਵਧੇਰੇ ਸ਼ਕਤੀਸ਼ਾਲੀ ਅਤੇ ਰਾਜ ਸਰਕਾਰਾਂ ਕਮਜ਼ੋਰ ਹੁੰਦੀਆਂ ਗਈਆਂ ਹਨ । ਕਾਫ਼ੀ ਦੇਰ ਤੋਂ ਕਈ ਰਾਜਨੀਤਕ ਦਲਾਂ ਵਲੋਂ ਕੇਂਦਰ ਰਾਜ ਸੰਬੰਧਾਂ ਦੇ ਪਬੰਧ ਨੂੰ ਪੂਰੇ ਤੌਰ ਤੇ ਮੁੜ ਵਿਚਾਰਨ ਦੀ ਮੰਗ ਕੀਤੀ ਜਾ ਰਹੀ ਸੀ । ਇਸ ਮੰਗ ਨੂੰ ਮੁੱਖ ਰੱਖ ਕੇ ਮਾਰਚ 1983 ਵਿਚ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੇਂਦਰ-ਰਾਜ ਸੰਬੰਧਾਂ ਦੇ ਸਮੁੱਚੇ ਪ੍ਰਬੰਧ ਨੂੰ ਮੁੜ ਵਿਚਾਰਨ ਲਈ ਇਕ ਆਯੋਗ (Commission) ਨਿਯੁਕਤ ਕਰਨ ਦੀ ਘੋਸ਼ਣਾ ਕੀਤੀ ਸੀ ।

ਪ੍ਰਧਾਨ ਮੰਤਰੀ ਦੀ ਇਸ ਘੋਸ਼ਣਾ ਅਨੁਸਾਰ ਇਕ ਮੈਂਬਰੀ ਕਮਿਸ਼ਨ ਅਪ੍ਰੈਲ 1983 ਵਿਚ ਸਥਾਪਿਤ ਕਰ ਦਿੱਤਾ ਗਿਆ ਸੀ । ਇਸ ਕਮਿਸ਼ਨ ਦੇ ਇਕੋ-ਇਕ ਮੈਂਬਰ ਸੁਪਰੀਮ ਕੋਰਟ ਦੇ ਰਿਟਾਇਰ ਹੋਏ ਜੱਜ ਸਰਦਾਰ ਰਣਜੀਤ ਸਿੰਘ ਸਰਕਾਰੀਆ ਸਨ । ਕੁਝ ਸਮੇਂ ਮਗਰੋਂ ਇਸ ਕਮਿਸ਼ਨ ਵਿਚ ਦੋ ਹੋਰ ਮੈਂਬਰ ਸ੍ਰੀ ਬੀ. ਸ਼ਿਵਰਮਨ (Mr. B. Shivraman) ਅਤੇ ਸ੍ਰੀ ਐਸ.ਆਰ. ਸੇਨ (Mr. S.R. Sen) ਨੂੰ ਸ਼ਾਮਿਲ ਕੀਤਾ ਗਿਆ ਸੀ । ਇਹਨਾਂ ਮੈਂਬਰਾਂ ਤੋਂ ਇਲਾਵਾ ਇਸ ਕਮਿਸ਼ਨ ਵਿਚ ਇਕ ਸਕੱਤਰ (Secretary), ਇਕ ਸੰਯੁਕਤ ਸਕੱਤਰ (Joint Secretary), ਚਾਰ ਨਿਰਦੇਸ਼ਿਕ (Directors) ਸਨ । ਇਸ ਕਮਿਸ਼ਨ ਦੇ ਅਧਿਅਕਸ਼ ਸਰਦਾਰ ਰਣਜੀਤ ਸਿੰਘ ਸਰਕਾਰੀਆ ਸਨ ਤੇ ਇਸੇ ਕਾਰਨ ਇਸ ਕਮਿਸ਼ਨ ਨੂੰ ਸਰਕਾਰੀਆ ਆਯੋਗ (Sarkaria Commission) ਕਿਹਾ ਜਾਂਦਾ ਹੈ ।

### 2.5.1 ਸਰਕਾਰੀਆ ਆਯੋਗ ਦੀਆਂ ਮੁੱਖ ਸਿਫ਼ਾਰਸ਼ਾਂ

### (Main Recommendations of Sarkaria Commission)

ਸਰਕਾਰੀਆ ਆਯੋਗ ਦੇ ਅਧਿਅਕਸ਼ ਜਸਟਿਸ ਆਰ.ਐਸ. ਸਰਕਾਰੀਆ ਨੇ ਆਯੋਗ ਦੀ ਰਿਪੋਰਟ 27 ਅਕਤੂਬਰ, 1987 ਵਿਚ ਪ੍ਰਧਾਨ ਰਾਜੀਵ ਗਾਂਧੀ ਨੂੰ ਪੇਸ਼ ਕੀਤੀ ਸੀ । ਆਯੋਗ ਦੀ ਰਿਪੋਰਟ ਵਿਚ ਕੁਲ 247 ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ । ਇਹ ਸਿਫ਼ਾਰਸ਼ਾਂ ਕੇਂਦਰ ਅਤੇ ਰਾਜਾਂ ਦੇ ਵਿਧਾਨਿਕ, ਪ੍ਰਸ਼ਾਸਨਿਕ ਅਤੇ ਮਾਲੀ

ਸੰਬੰਧਾਂ ਦੇ ਨਾਲ ਸੰਬੰਧਿਤ ਹਨ । ਸਰਕਾਰੀਆ ਆਯੋਗ ਦੀਆਂ ਕੁੱਝ ਮਹੱਤਵਪੂਰਨ ਸਿਫ਼ਾਰਿਸ਼ਾਂ ਇਹ ਹਨ :

**1. ਸ਼ਕਤੀਸ਼ਾਲੀ ਕੇਂਦਰ** (Strong Centre) : ਇਸ ਆਯੋਗ ਨੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਨੂੰ ਘੱਟ ਕਰਨ ਦੀ ਮੰਗ ਰੱਦ ਕਰ ਦਿੱਤੀ ਹੈ । ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਏ ਰੱਖਣ ਲਈ ਸ਼ਕਤੀਸ਼ਾਲੀ ਕੇਂਦਰ ਦਾ ਹੋਣਾ ਜ਼ਰੂਰੀ ਹੈ ।

**2. ਅੰਤਰਰਾਜੀ ਪਰਿਸ਼ਦ ਦੀ ਸਥਾਪਨਾ** (Establishment of Inter-State Council) : ਸਰਕਾਰੀਆ ਆਯੋਗ ਨੇ ਸੰਵਿਧਾਨ ਦੇ ਅਨੁਛੇਦ 263 ਅਧੀਨ ਅੰਤਰਰਾਜੀ ਪਰਿਸ਼ਦ ਸਥਾਪਿਤ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਆਯੋਗ ਨੇ ਇਸ ਪਰਿਸ਼ਦ ਨੂੰ ਅੰਤਰ-ਸਰਕਾਰ ਪਰਿਸ਼ਦ (Inter-Government Council) ਦਾ ਨਾਂ ਦਿੱਤਾ ਹੈ । ਇਹ ਪਰਿਸ਼ਦ ਰਾਜਾਂ ਵਿਚ ਉਤਪੰਨ ਹੋਣ ਵਾਲੇ ਪਰਸਪਰ ਝਗੜਿਆਂ ਦੀ ਛਾਣਬੀਣ ਕਰੇਗੀ ਅਤੇ ਉਹਨਾਂ ਨੂੰ ਠੀਕ ਰੂਪ ਵਿਚ ਹੱਲ ਕਰਨ ਲਈ ਲੋੜੀਂਦੀਆਂ ਸਿਫ਼ਾਰਸ਼ਾਂ ਸੰਬੰਧਿਤ ਸਰਕਾਰਾਂ ਨੂੰ ਪੇਸ਼ ਕਰੇਗੀ । ਆਯੋਗ ਦੀ ਸਿਫ਼ਾਰਸ਼ ਅਨੁਸਾਰ ਕੇਂਦਰ ਅਤੇ ਰਾਜ ਦਾ ਝਗੜਾ ਵੀ ਇਸ ਪਰਿਸ਼ਦ ਨੂੰ ਸੌਂਪਿਆ ਜਾ ਸਕਦਾ ਹੈ ।

**3. ਰਾਸ਼ਟਰੀ ਵਿਕਾਸ ਪਰਿਸ਼ਦ** (National Development Council) : ਵਰਤਮਾਨ ਸਮੇਂ ਸਾਡੇ ਦੇਸ਼ ਵਿਚ ਰਾਸ਼ਟਰੀ ਵਿਕਾਸ ਪਰਿਸ਼ਦ ਨਾਂ ਦੀ ਇਕ ਸੰਸਥਾ ਹੈ । ਇਸ ਸੰਸਥਾਦੀਆਂ ਬੈਠਕਾਂ ਯੋਜਨਾਬੰਦੀ ਆਯੋਗ (Planning Commission) ਦੁਆਰਾ ਬੁਲਾਈਆਂ ਜਾਂਦੀਆਂ ਹਨ । ਪਰਿਸ਼ਦ ਦੀਆਂ ਬੈਠਕਾਂ ਉਸ ਸਮੇਂ ਬੁਲਾਈਆਂ ਜਾਂਦੀਆਂ ਹਨ ਜਦੋਂ ਵਿਕਾਸ ਯੋਜਨਾਵਾਂ ਨੂੰ ਅੰਤਿਮ ਰੂਪ ਦੇਣਾ ਹੋਵੇ । ਸਰਕਾਰੀਆ ਆਯੋਗ ਨੇ ਇਸ ਪ੍ਰਥਾ ਨੂੰ ਦੋਸ਼ਪੂਰਣ ਸਮਝਿਆ ਹੈ ਅਤੇ ਇਹ ਸਿਫ਼ਾਰਸ਼ ਕੀਤੀ ਕਿ ਰਾਸ਼ਟਰੀ ਵਿਕਾਸ ਪਰਿਸ਼ਦ ਦੀਆਂ ਸਾਲ ਵਿਚ ਘੱਟੋ ਘੱਟ ਦੋ ਬੈਠਕਾਂ ਜ਼ਰੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਵੀ ਕੀਤੀ ਹੈ ਕਿ ਇਸ ਪਰਿਸ਼ਦ ਦਾ ਨਾਂ ਰਾਸ਼ਟਰੀ ਵਿਕਾਸ ਪਰਿਸ਼ਦ (National Development Council) ਦੀ ਬਜਾਇ ਰਾਸ਼ਟਰੀ ਆਰਥਿਕ ਅਤੇ ਵਿਕਾਸ ਪਰਿਸ਼ਦ (National Economic and Development Council) ਰੱਖਿਆ ਜਾਣਾ ਚਾਹੀਦਾ ਹੈ ।

**4. ਖੇਤਰੀ ਪਰਿਸ਼ਦ** (Zonal Council) : 1956 ਵਿਚ ਭਾਰਤੀ ਰਾਜਾਂ ਪੁਨਰਗਠਨ ਮਗਰੋਂ ਪੰਜ ਖੇਤਰੀ ਪਰਿਸ਼ਦਾਂ ਸਥਾਪਿਤ ਕੀਤੀਆਂ ਗਈਆਂ ਸਨ । ਹਰੇਕ ਖੇਤਰੀ ਪਰਿਸ਼ਦ ਵਿਚ ਉਸ ਖੇਤਰ ਦੇ ਰਾਜ ਸ਼ਾਮਲ ਕੀਤੇ ਗਏ ਹਨ । ਇਹਨਾਂ ਖੇਤਰੀ ਪਰਿਸ਼ਦਾਂ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਮੰਤਰੀ ਕਰਦਾ ਹੈ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਹਰੇਕ ਖੇਤਰੀ ਪਰਿਸ਼ਦ ਦਾ ਆਪਣਾ ਵੱਖਰਾ ਸਕੱਤਰੇਤ (Secretariat) ਹੋਣਾ ਚਾਹੀਦਾ ਹੈ ਅਤੇ ਹਰੇਕ ਪਰਿਸ਼ਦ ਦੀਆਂ ਬੈਠਕਾਂ ਦੀ ਪ੍ਰਧਾਨਗੀ ਉਸ ਪਰਿਸ਼ਦ ਵਿਚ ਸ਼ਾਮਿਲ ਰਾਜਾਂ ਦੇ ਮੁੱਖ ਮੰਤਰੀਆਂ ਦੁਆਰਾ ਵਾਰੋ ਵਾਰ ਕਰਨੀ ਚਾਹੀਦੀ ਹੈ ।

**5. ਜੱਜਾਂ ਦੀ ਤਬਦੀਲੀ ਦੀ ਵਿਰੋਧਤਾ** (Transfer of Judges Opposed) : ਸਰਕਾਰੀਆ ਆਯੋਗ ਨੇ ਉੱਚ ਅਦਾਲਤਾਂ ਦੇ ਜੱਜਾਂ ਦੀਆਂ ਤਬਦੀਲੀਆਂ ਦੀ ਵਿਰੋਧਤਾ ਕੀਤੀ ਹੈ । ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਕਿਸੇ ਵੀ ਜੱਜ ਨੂੰ ਉਸ ਦੀ ਸਹਿਮਤੀ ਤੋਂ ਬਿਨਾਂ ਕਿਸੇ ਇਕ ਉੱਚ ਅਦਾਲਤ ਤੋਂ ਦੂਜੀ ਉੱਚ ਅਦਾਲਤ ਵਿਚ ਤਬਦੀਲ ਨਹੀਂ ਕੀਤਾ ਜਾਣਾ ਚਾਹੀਦਾ । ਆਯੋਗ ਨੇ ਇਹ ਵੀ ਕਿਹਾ ਕਿ ਭਾਰਤ ਦੀ ਸਰਵ-ਉੱਚ ਅਦਾਲਤ ਦੇ ਮੁੱਖ ਜੱਜ ਨੂੰ ਚਾਹੀਦਾ ਹੈ ਕਿ ਉਹ ਕਿਸੇ ਉੱਚ ਅਦਾਲਤ ਦੇ ਜੱਜ ਦੀ ਤਬਦੀਲੀ ਸੰਬੰਧੀ ਆਪਣੀ ਰਾਇ ਦੇਣ ਤੋਂ ਪਹਿਲਾਂ ਸਰਵ-ਉੱਚ ਅਦਾਲਤ ਦੇ ਦੋ ਸੀਨੀਅਰ ਜੱਜਾਂ ਦੀ ਸਲਾਹ ਲੈ ਲਵੇ ।

**6. ਭਿੰਨ-ਭਿੰਨ ਖੇਤਰਾਂ ਵਿਚ ਸਰਵ-ਭਾਰਤੀ ਸੇਵਾਵਾਂ** (All India Services in Various Fields) : ਸਰਕਾਰੀਆ ਆਯੋਗ ਇਹ ਸਿਫ਼ਾਰਸ਼ ਕੀਤੀ ਹੈ ਕਿ ਵਿਦਿਆ, ਡਾਕਟਰੀ ਅਤੇ ਸਿਹਤ ਅਤੇ ਹੋਰ ਅਨੇਕਾਂ ਖੇਤਰ ਵਿਚ ਸਰਵ ਭਾਰਤੀ ਸੇਵਾਵਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ । ਸਰਕਾਰੀਆ ਆਯੋਗ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣ ਲਈ ਸਰਵ ਭਾਰਤੀ ਸੇਵਾਵਾਂ ਬਹੁਤ ਲਾਭਦਾਇਕ ਸੰਸਥਾ ਦੇ ਰੂਪ ਵਿਚ ਕੰਮ ਕਰ ਰਹੀਆਂ ਹਨ । ਇਸ ਲਈ ਅਜਿਹੀਆਂ ਸੇਵਾਵਾਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ ।

**7. ਸਥਾਨਿਕ ਭਾਸ਼ਾਵਾਂ ਉਪਰ ਜ਼ੋਰ** (Stress on Local Languages) : ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਦਫ਼ਤਰਾਂ ਵਿਚ ਸਥਾਨਿਕ ਭਾਸ਼ਾਵਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ । ਆਯੋਗ ਦਾ ਵਿਚਾਰ ਹੈ ਕਿ ਇਕ ਕਲਿਆਣਕਾਰੀ ਰਾਜ ਵਿਚ ਲੋਕਾਂ ਨੂੰ ਆਪਣੀ ਭਾਸ਼ਾ ਦੀ ਵਰਤੋਂ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ । ਸਾਰੇ ਬਿਨੈ-ਪੱਤਰ, ਚਿੱਠੀਆਂ ਆਦਿ ਸਥਾਨਿਕ ਭਾਸ਼ਾਵਾਂ ਵਿਚ ਲਿਖੇ ਜਾਣੇਚਾਹੀਦੇ ਹਨ । ਇਸ ਦੇ ਨਾਲ ਭਾਸ਼ਾਈ ਘੱਟ ਗਿਣਤੀਆਂ ਦੇ ਹਿੱਤਾਂ ਦੀ ਸੁਰੱਖਿਆ ਪ੍ਰਤੀ ਵੀ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ । ਆਯੋਗ ਨੇ ਇਹ ਸਿਫ਼ਾਰਸ਼ ਵੀ ਕੀਤੀ ਹੈ ਕਿ ਤਿੰਨ ਭਾਸ਼ਾਈ ਫਾਰਮੂਲਾ ਸਮੁੱਚੇ ਭਾਰਤ ਵਿਚ ਠੀਕ ਰੂਪ ਵਿਚ ਲਾਗੂ ਕੀਤਾ ਜਾਣਾ ਚਾਹੀਦਾ ਹੈ । ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਸੇਵਾਵਾਂ ਵਿਚ ਭਰਤੀ ਕਰਨ ਸਮੇਂ ਕਿਸੇ ਵਿਸ਼ੇਸ਼ ਭਾਸ਼ਾ ਵਿਚ ਯੋਗਤਾ ਹੋਣ ਦੀ ਸ਼ਰਤ ਉੱਤੇ ਜ਼ੋਰ ਨਾ ਦੇਣ ।

**8. ਯੋਜਨਾ ਆਯੋਗ** (Planning Commission) : ਸਰਕਾਰੀਆ ਆਯੋਗ ਨੇ ਯੋਜਨਾਬੰਦੀ ਆਯੋਗ ਨੂੰ ਇਕ ਸਵਾਧੀਨ ਸੰਸਥਾ (Autonomous body) ਬਣਾਉਣ ਦੀ ਵਿਰੋਧਤਾ ਕੀਤੀ ਹੈ । ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਅਜਿਹੀ ਵਿਧੀ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਜਿਸ ਦੁਆਰਾ ਯੋਜਨਾਬੰਦੀ ਦੀ ਸਮੁੱਚੀ ਪ੍ਰਕ੍ਰਿਆ ਦੇ ਵੱਖ-ਵੱਖ ਪੜਾਵਾਂ ਉੱਪਰ ਰਾਜ ਸਰਕਾਰਾਂ ਦੀ ਰਾਇ ਲਈ ਜਾ ਸਕੇ । ਸਰਕਾਰੀਆ ਆਯੋਗ ਨੇ ਇਹ ਵੀ ਸਿਫ਼ਾਰਸ਼ ਕੀਤੀ ਹੈ ਕਿ ਵਾਰਸ਼ਕ ਜਾਂ ਪੰਜ ਸਾਲਾ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਯੋਜਨਾਬੰਦੀ ਆਯੋਗ ਨੂੰ ਰਾਜ ਸਰਕਾਰਾਂ ਤੋਂ ਪ੍ਰਾਪਤ ਹੋਏ ਵਿਚਾਰਾਂ ਜਾਂ ਸੁਝਾਵਾਂ ਨੂੰ ਉੱਚਿਤ ਮਹੱਤਵ ਦੇਣਾ ਚਾਹੀਦਾ ਹੈ ।

**9. ਸ਼ਕਤੀਆਂ ਦੀ ਵੰਡ** (Division of Powers) : ਸਰਕਾਰੀਆ ਆਯੋਗ ਨੇ ਇਹ ਮੰਗ ਰੱਦ ਕਰ ਦਿੱਤੀ ਹੈ ਕਿ ਕੇਂਦਰ ਸਰਕਾਰ ਸ਼ਕਤੀਆਂ ਨੂੰ ਕੇਵਲ ਰਖਿਆ, ਵਿਦੇਸ਼ੀ ਮਾਮਲਿਆਂ, ਮੁਦਰਾ ਅਤੇਸੰਚਾਰ ਦੇ ਸਾਧਨਾਂ ਤੱਕ ਹੀ ਸੀਮਿਤ ਰੱਖਿਆ ਜਾਵੇ । ਦੂਜੇ ਸ਼ਬਦਾਂ ਵਿਚ ਇਸ ਆਯੋਗ ਨੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਨੂੰ ਕੁਝ ਵਿਸ਼ਿਆਂ ਤੱਕ ਹੀ ਸੀਮਿਤ ਕਰਨਾ ਉੱਚਿਤ ਨਹੀਂ ਸਮਝਿਆ ਹੈ । ਸਰਕਾਰੀਆ ਆਯੋਗ ਨੇ ਸਮਵਰਤੀ ਸੂਚੀ (Concurrent List) ਤੋਂ ਵਿਦਿਆ ਅਤੇ ਜੰਗਲਾਤ ਦੇ ਵਿਸ਼ਿਆਂ ਨੂੰ ਰਾਜ ਸੂਚੀ (State list) ਵਿਚ ਤਬਦੀਲ ਕਰਨ ਦੀ ਵਿਰੋਧਤਾ ਕੀਤੀ ਹੈ । ਆਯੋਗ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਅਜਿਹੀਆਂ ਤਬਦੀਲੀਆਂ ਕਰਨ ਨਾਲ ਦੇਸ਼ ਦੀ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਸਮਵਰਤੀ ਸੂਚੀ ਵਿਚ ਅੰਕਿਤ ਵਿਸ਼ਿਆਂ ਸੰਬੰਧੀ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਨਾਲ ਸਮੇਂ-ਸਮੇਂ ਵਿਚਾਰ-ਵਟਾਂਦਰਾ ਜ਼ਰੂਰ ਕਰਨਾ ਚਾਹੀਦਾ ਹੈ ।

**10. ਰਾਜਾਂ ਵਿਚ ਰਾਸ਼ਟਰਪਤੀ ਰਾਜ** (President's Rule in States) : ਸਰਕਾਰੀਆ ਆਯੋਗ ਨੇ ਰਾਜਾਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਕੇਂਦਰ ਸਰਕਾਰ ਦੀ ਸ਼ਕਤੀ ਨੂੰ ਉਚਿਤ ਠਹਿਰਾਇਆ ਹੈ, ਪਰ ਇਸ ਦੇ ਨਾਲ ਆਯੋਗ ਨੇ ਕੇਂਦਰ ਸਰਕਾਰ ਨੂੰ ਇਹ ਚੇਤਾਵਨੀ ਦਿੱਤੀ ਹੈ ਕਿ ਇਸ ਸ਼ਕਤੀ ਦੀ ਵਰਤੋਂ ਬਹੁਤ ਹੀ ਘੱਟ ਅਤੇ ਕੇਵਲ ਉਸ ਸਮੇਂ ਕੀਤੀ ਜਾਣੀ ਚਾਹੀਦੀ ਹੈ ਜਦੋਂ ਸਥਾਈ ਅਤੇ ਜਨਤਕ ਸਰਕਾਰ ਨੂੰ ਕਾਇਮ ਰੱਖਣ ਦੇ ਦੂਜੇ ਸਾਰੇ ਸਾਧਨ ਅਸਫਲ ਹੋ ਗਏ ਹੋਣ । ਸਰਕਾਰੀਆ ਆਯੋਗ ਨੇ ਇਹ ਸਿਫਾਰਿਸ਼ ਕੀਤੀ ਹੈ ਕਿ ਕਿਸੇ ਰਾਜ ਵਿਚ ਰਾਸ਼ਟਰਪਤੀ ਰਾਜ ਦਾ ਲਾਗੂ ਕੀਤਾ ਜਾਣਾ ਚਾਹੀਦਾ ਹੈ ਜੇਕਰ ਉਸਦੀ ਜ਼ਰੂਰਤ ਨੂੰ ਸਿੱਧ ਕਰਨ ਲਈ ਠੋਸ ਅਤੇ ਮਜ਼ਬੂਤ ਤੱਥ ਹੋਣ । ਰਾਜ ਦੇ ਰਾਜਪਾਲ ਨੂੰ ਅਜਿਹੇ ਸਾਰੇ ਤੱਥ ਰਿਪੋਰਟ ਵਿਚ ਵਰਣਨ ਕਰਨੇ ਚਾਹੀਦੇ ਹਨ ਜਿਹੜੀ ਰਿਪੋਰਟ ਰਾਜ ਦਾ ਗਵਰਨਰ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸੰਬੰਧੀ ਰਾਸ਼ਟਰਪਤੀ ਨੂੰ ਭੇਜਦਾ ਹੈ ਅਜਿਹੀ ਰਿਪੋਰਟ ਨੂੰ ਗੁਪਤ ਨਹੀਂ ਰੱਖਿਆ ਜਾਣਾ ਚਾਹੀਦਾ ਹੈ, ਸਗੋਂ ਉਸ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ । ਸਰਕਾਰੀਆ ਆਯੋਗ ਨੇ ਇਹ ਕਿਹਾ ਕਿ ਅਨੁਛੇਦ 256 ਵਿਚ ਤਰਮੀਮ ਕਰਕੇ ਇਹ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਕਿ ਰਾਜਪਾਲ ਦੀ ਰਿਪੋਰਟ ਵਿਚ ਵਰਨਣ ਕੀਤੇ ਗਏ ਸਾਰੇ ਤੱਥ ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਜਾਣ ਵਾਲੀ ਘੋਸ਼ਣਾ ਦਾ ਹਿੱਸਾ ਹੋਣੇ ਚਾਹੀਦੇ ਹਨ । ਆਯੋਗ ਨੇ ਇਹ ਵੀ ਕਿਹਾ ਕਿ ਕਿਸੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਘੋਸ਼ਣਾ ਜਾਰੀ ਕਰਨ ਤੋਂ ਪਹਿਲਾਂ ਉਸ ਰਾਜ ਦੀ ਸਰਕਾਰ ਨੂੰ ਇਹ ਚੇਤਾਵਨੀ ਦੇਣੀ ਚਾਹੀਦੀ ਹੈ । ਜੇਕਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਉਹ ਰਾਜ ਸਰਕਾਰ ਆਪਣੀਆਂ ਤਰੁੱਟੀਆਂ ਨੂੰ ਦੂਰ ਨਹੀਂ ਕਰਦੀ ਤਾਂ ਫਿਰ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਸਕਦਾ ਹੈ । ਸਰਕਾਰੀਆ ਆਯੋਗ ਨੇ ਇਕ ਹੋਰ

ਮਹੱਤਵਪੂਰਣ ਸਿਫ਼ਾਰਸ਼ ਇਹ ਕੀਤੀ ਕਿ ਕਿਸੇ ਰਾਜ ਵਿਧਾਨ ਸਭਾ ਨੂੰ ਸੰਸਦ ਦੀ ਪ੍ਰਵਾਨਗੀ ਤੋਂ ਮਗਰੋਂ ਹੀ ਭੰਗ ਕੀਤਾ ਜਾ ਸਕਦਾ ਹੈ ।

**11. ਰਾਜਪਾਲਾਂ ਦੀ ਨਿਯੁਕਤੀ** (Appointment of Governors) : ਸਰਕਾਰੀਆ ਆਯੋਗ ਨੇ ਰਾਜਪਾਲਾਂ ਦੀ ਨਿਯੁਕਤੀ ਸੰਬੰਧੀ ਵੀ ਕੁੱਝ ਮਹੱਤਵਪੂਰਨ ਸਿਫ਼ਾਰਸ਼ਾਂ ਕੀਤੀਆਂ । ਆਯੋਗ ਨੇ ਇਹ ਕਿਹਾ ਹੈ ਕਿ ਕਿਸੇ ਰਾਜਪਾਲ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਉਸ ਰਾਜ ਦੇ ਮੁੱਖ ਮੰਤਰੀ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਹੈ । ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਮੁੱਖ ਮੰਤਰੀ ਨਾਲ ਸਲਾਹ ਮਸ਼ਵਰਾ ਕਰਨ ਦੀ ਸ਼ਰਤ ਦੀ ਸੰਵਿਘਾਨ ਵਿਚ ਵਿਵਸਕਾ ਕੀਤੀ ਜਾਣੀ ਚਾਹੀਦੀ ਹੈ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਸਰਗਰਮ ਸਿਆਸਤਦਾਨਾ ਨੂੰ ਗਵਰਨਰ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ । ਆਯੋਗ ਨੇ ਇਹ ਵੀ ਕਿਹਾ ਹੈ ਕਿ ਜਿਸ ਵਿਚ ਕਿਸੇ ਵਿਰੋਧੀ ਦਲ ਦੀ ਸਰਕਾਰ ਹੋਵੇ ਉੱਥੇ ਕੇਂਦਰ ਵਿਚ ਸ਼ਾਸਕ ਦਲ ਦੇ ਕਿਸੇ ਵਿਅਕਤੀ ਨੂੰ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ ।

**12. ਜੱਜਾਂ ਦੀ ਨਿਯੁਕਤੀ** (Appointment of Judges) : ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਸੰਵਿਧਾਨ ਵਿਚ ਤਰਮੀਮ ਕਰਕੇ ਸਮੇਂ ਦੀ ਹਦ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚ ਵੱਖ-ਵੱਖ ਅਧਿਕਾਰੀਆਂ ਕੋਲੋਂ ਰਾਇ ਲੈਣ ਦੀ ਸਾਰੀ ਪ੍ਰਕ੍ਰਿਆ ਪੂਰੀ ਕੀਤੀ ਜਾਣੀ ਜ਼ਰੂਰੀ ਹੋਵੇ । ਇਥੇ ਇਹ ਵਰਣਨਯੋਗ ਹੈ ਕਿ ਜੱਜਾਂ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਰਜਾਸ਼ਟਰਪਤੀ ਦੁਆਰਾ ਸਰਵਉੱਚ ਅਦਾਲਤ ਦੇ ਮੁੱਖ ਜੱਜ ਕੁਝ ਦੂਜੇ ਜੱਜਾਂ ਆਦਿ ਦੀ ਸਲਾਹ ਲਈ ਜਾਂਦੀ ਹੈ, ਪਰ ਸਮੇਂ ਦੀ ਅਜਿਹੀ ਕੋਈ ਸੀਮਾ ਨਿਸ਼ਚਿਤ ਨਹੀਂ ਹੈ । ਜਿਸ ਅੰਦਰ ਸਲਾਹ ਲੈਣ ਦੀ ਪ੍ਰਕਿਰਿਆ ਪੂਰੀ ਕਰਨੀ ਜ਼ਰੂਰੀ ਹੋਵੇ । ਸਰਕਾਰੀਆ ਆਯੋਗ ਨੇ ਇਸ ਮੰਤਵ ਲਈ ਸਮੇਂ ਦੀ ਸੀਮਾ ਨਿਸ਼ਚਿਤ ਕਰਨ ਦੀ ਸਿਫ਼ਾਰਸ਼ ਕੀਤੀ ਹੈ ।

**13. ਵਿੱਤ ਸੰਬੰਧੀ** (Financial Matters) : ਸਰਕਾਰੀਆ ਆਯੋਗ ਨੇ ਵਿੱਤੀ ਮਾਮਲਿਆਂ ਸੰਬੰਧੀ ਕੁਝ ਮਹੱਤਵਪੂਰਨ ਸਿਫ਼ਾਰਸ਼ਾਂ ਕੀਤੀਆਂ ਹਨ । ਵਰਤਮਾਨ ਸਮੇਂ ਹਰੇਕ ਪੰਜ ਸਾਲ ਮਗਰੋਂ ਰਾਸ਼ਟਰਪਤੀ ਦੁਆਰਾ ਵਿੱਤ ਆਯੋਗ (Finance Commission) ਨਿਯੁਕਤ ਕੀਤਾ ਜਾਂਦਾ ਹੈ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਹਰੇਕ ਰਾਜ ਵਿਚ ਵੀ ਨਿਸ਼ਚਿਤ ਸਮੇਂ ਮਗਰੋਂ ਵਿੱਤੀ ਆਯੋਗ ਨਿਸ਼ਚਿਤ ਕੀਤੇ ਜਾਣੇ ਚਾਹੀਦੇ ਹਨ । ਆਯੋਗ ਨੇ ਇਹ ਸਿਫ਼ਾਰਸ਼ ਵੀ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਵਿਦੇਸ਼ੀ ਮੁਦਰਾ ਵਿਚੋਂ ਕੁੱਝ ਹਿੱਸਾ ਰਾਜਾਂ ਨੂੰ ਦੇਣਾ ਚਾਹੀਦਾ ਹੈ ਅਤੇ ਰਾਜਾਂ ਨੂੰ ਵਿਉਪਾਰਕ ਬੈਂਕਾਂ ਕੋਲੋਂ ਇਕ ਸਾਲ ਤੋਂ ਘੱਟ ਸਮੇਂ ਲਈ ਕਰਜੇ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ । ਸਰਕਾਰੀਆ ਆਯੋਗ ਨੇ ਰਾਜਾਂ ਦੀ ਮਾਲੀ ਹਾਲਤ ਨੂੰ ਕੁੱਝ ਚੰਗਾ ਬਣਾਉਣ ਸੰਬੰਧੀ ਇਹ ਵੀ ਸਿਫ਼ਾਰਸ਼ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਰੇਲ-ਮੁਸਾਫ਼ਿਰ ਕਿਰਾਏ ਦੇ ਕਰ ਬਦਲੇ ਗ੍ਰਾਂਟਾਂ ਦੇਣੀਆਂ ਚਾਹੀਦੀਆਂ ਹਨ । ਵਿੱਤੀ ਮਾਮਲਿਆਂ ਸੰਬੰਧੀ ਆਯੋਗ ਨੇ ਕੁਝ ਹੋਰ ਅਜਿਹੀਆਂ ਸਿਫ਼ਾਰਸ਼ਿਾਂ ਵੀ ਕੀਤੀਆਂ ਹਨ ਜਿਸ ਨਾਲ ਰਾਜ ਸਰਕਾਰਾਂ ਨੂੰ ਵਧੇਰੇ ਧਨ ਪ੍ਰਾਪਤ ਹੋ ਸਕੇ ।

**14. ਕੇਂਦਰ-ਵਿੱਤ ਆਯੋਗ** (Union Finance Commission) : ਹੁਣ ਤੱਕ ਕੇਂਦਰ ਸਰਕਾਰ 10 ਵਿੱਤ ਆਯੋਗ ਨਿਯੁਕਤ ਕਰ ਚੁੱਕੀ ਹੈ ਹਰੇਕ ਵਿੱਤ ਆਯੋਗ ਦਾ ਅਧਿਕਾਰ ਖੇਤਰ ਕੇਂਦਰ ਸਰਕਾਰ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ । ਸਰਕਾਰੀਆ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਵਿੱਤ ਆਯੋਗ ਦਾ ਅਧਿਕਾਰ ਖੇਤਰ ਨਿਸ਼ਚਿਤ ਕਰਨ ਲਈ ਰਾਜਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ ।

**15. ਹਥਿਆਰਬੰਦ ਸ਼ਕਤੀਆਂ ਨੂੰ ਲਗਾਉਣ ਸੰਬੰਧੀ** (Deployment of Armed Forces) : ਸਰਕਾਰੀਆ ਆਯੋਗ ਨੇ ਇਹ ਮੰਨਿਆ ਹੈ ਕਿ ਇਸ ਗੱਲ ਦਾ ਨਿਰਣਾ ਕਰਨਾ ਕੇਂਦਰ ਸਰਕਾਰ ਦਾ ਅਧਿਕਾਰ ਹੈ ਕਿ ਕਿਸੇ ਰਾਜ ਵਿਚ ਅਜਿਹੀ ਸਥਿਤੀ ਉਤਪੰਨ ਹੋ ਰਹੀ ਜਿਥੇ ਹਥਿਆਰਬੰਦ ਸ਼ਕਤੀਆਂ ਦਾ ਲਗਾਉਣਾ ਜ਼ਰੂਰੀ ਹੈ ਪਰ ਇਸ ਦੇ ਨਾਲ ਆਯੋਗ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਅਜਿਹੀਆਂ ਸ਼ਕਤੀਆਂ ਜਾਂ ਸੈਨਾਵਾਂ ਨੂੰ ਕਿਸੇ ਰਾਜ ਵਿਚ ਲਗਾਉਣ ਤੋਂ ਪਹਿਲਾਂ ਸੰਬੰਧਿਤ ਰਾਜ ਸਰਕਾਰ ਨਾਲ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ ।

ਉੱਪਰ ਦਿੱਤੀਆਂ ਸਿਫ਼ਾਰਸ਼ਾਂ ਕੁਝ ਮਹੱਤਵਪੂਰਨ ਸਿਫ਼ਾਰਸ਼ਾਂ ਹਨ । ਪਰ ਇਹਨਾਂ ਨੂੰ ਲਾਗੂ ਨਹੀਂ ਕੀਤਾ ਗਿਆ ਹੈ ।

ਉਪਰੋਕਤ ਤੱਥਾਂ ਦੁਆਰਾ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਾਰਤ ਵਿਚ ਕੇਂਦਰੀਕਰਣ ਦੀ ਹੋਂਦ ਬਾਰੇ ਕੋਈ ਸ਼ੰਕਾ ਨਹੀਂ ਹੈ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਕਮਜ਼ੋਰ ਕੇਂਦਰ ਦੇ ਪੱਖ ਵਿਚ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਅਨੁਭਵ ਸੀ ਕਿ ਭਾਰਤ ਵਰਗੇ ਵਿਕਸਿਤ ਹੋ ਰਹੇ ਦੇਸ਼ ਵਿਚ ਬਹੁ-ਭਾਸ਼ਾਈ, ਬਹੁ-ਧਰਮੀ, ਬਹੁ-ਸਭਿਆਚਾਰਕ ਸਰੂਪ ਦੇ ਖੇਤਰਾਂ ਵਾਲੇ ਦੇਸ਼ ਲਈ ਕਮਜ਼ੋਰ ਕੇਂਦਰ ਦੀ ਵਿਵਸਥਾ ਖਤਰਨਾਕ ਸਿੱਧ ਹੋ ਸਕਦੀ ਹੈ । ਸੰਵਿਧਾਨ ਸਭਾ ਦੇ ਮੈਂਬਰ ਕੇ.ਐਮ. ਮੁਨਸ਼ੀ (K.M. Munshi) ਨੇ ਸੰਵਿਧਾਨ ਸਭਾ ਵਿਚ ਕਿਹਾ ਸੀ ਕਿ, "ਇਹ ਇਤਿਹਾਸਕ ਸਚਾਈ ਹੈ ਕਿ ਭਾਰਤ ਦੇ ਸੁਨਹਿਰੀ ਦਿਨ ਉਹ ਸਨ ਜਦੋਂ ਦੇਸ਼ ਵਿਚ ਸ਼ਕਤੀਸ਼ਾਲੀ ਕੇਂਦਰ ਸਰਕਾਰ ਕੰਮ ਕਰ ਰਹੀ ਸੀ ਅਤੇ ਭਾਰਤ ਦੇ ਸਭ ਤੋਂ ਜ਼ਿਆਦਾ ਦੁਖਦਾਇਕ ਦਿਨ ਉਹ ਹਨ ਜਦੋਂ ਸ਼ਕਤੀਸ਼ਾਲੀ ਕੇਂਦਰੀ ਸਰਕਾਰਾਂ ਦਾ ਵਿਘਟਨ ਹੋ ਗਿਆ ।" ਇਸ ਲਈ ਇਸ ਇਤਿਹਾਸਕ ਸੱਚ ਨੂੰ ਵੇਖਦੇ ਹੋਏ ਸੰਵਿਧਾਨਕਾਰਾਂ ਲਈ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਕਾਫੀ ਹੱਦ ਤਕ ਸੁਭਾਵਿਕ ਸੀ ।

## 2.6 ਸਾਰਾਂਸ਼

ਇਸ ਪਾਠ ਵਿਚ ਅਸੀਂ ਭਾਰਤੀ ਸੰਘ ਰਾਜ ਦੇ ਲੱਛਣਾਂ ਦੇ ਵਿਵਹਾਰਕ ਰੂਪ ਬਾਰੇ ਪੜ੍ਹਿਆ ਹੈ । ਭਾਰਤੀ ਸੰਵਿਧਾਨ ਵਿਚ ਉਹ ਸਾਰੇ ਲੱਛਣ ਮੌਜੂਦ ਹਨ ਜੋ ਇਸ ਦੇਸ਼ ਨੂੰ ਸੰਘਾਤਮਕ ਰਾਜ ਬਣਾਉਂਦੇ ਹਨ ਪਰ ਭਾਰਤੀ ਸੰਘ ਦੇ ਕੁਝ ਵਿਲੱਖਣ ਲੱਛਣ ਵੀ ਹਨ । ਇਥੇ ਕੇਂਦਰੀ ਸਰਕਾਰ ਨੂੰ ਬਹੁਤ ਜ਼ਿਆਦਾ ਸ਼ਕਤੀਆਂ ਦੇ ਕੇ ਨਾ ਕੇਵਲ ਬਹੁਤ ਤਾਕਤਵਰ ਹੀ ਬਣਾਇਆ ਗਿਆ ਹੈ ਸਗੋਂ ਕੇਂਦਰੀ ਸੰਸਦ ਨੂੰ ਕਈ ਹਾਲਤਾਂ ਵਿਚ ਰਾਜ-ਸੂਚੀ ਵਿਚ ਦਰਜ ਮਾਮਲਿਆਂ ਬਾਰੇ ਵੀ ਕਾਨੂੰਨ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ । ਰਾਜ ਦੇ ਗਵਰਨਰਾਂ ਦੀ ਨਿਯੁਕਤੀ ਕੇਂਦਰੀ ਸਰਕਾਰ ਕਰਦੀ ਹੈ ਸੰਕਟ ਕਾਲ ਦੇ ਸਮੇਂ ਰਾਸ਼ਟਰਪਤੀ ਰਾਜ ਦੀਆਂ ਸਾਰੀਆਂ ਵਿਧਾਨਿਕ ਤੇ ਕਾਰਜਕਾਰੀ ਸ਼ਕਤੀਆਂ ਨੂੰ ਆਪਣੇ ਹੱਥਾਂ ਵਿਚ ਲੈ ਸਕਦਾ ਹੈ ਅਤੇਇਸ ਤਰ੍ਹਾਂ ਰਾਜ ਸੰਘਾਤਮਕ ਰੂਪ ਵਿਚ ਬਦਲ ਸਕਦਾ ਹੈ । ਰਾਜਾਂ ਨੂੰ ਆਪਣੇ ਸੰਵਿਧਾਨ ਬਣਾਉਣ ਜਾਂ ਇਸ ਵਿਚ ਕੋਈ ਤਬਦੀਲੀ ਕਰਨ ਦਾ ਕੋਈ ਅਖਤਿਆਰ ਨਹੀਂ । ਇਸ ਦੇ ਉਲਟ ਕੇਂਦਰੀ ਸੰਸਦ ਰਾਜਾਂ ਦੀਆਂ ਹੱਦਾਂ ਬਦਲ ਸਕਦੀ ਹੈ । ਇਕ ਰਾਜ ਨੂੰ ਤੋੜ ਕੇ ਦੋ ਰਾਜ ਬਣਾ ਸਕਦੀ ਹੈ ਜਾਂ ਦੋ ਰਾਜਾਂ ਨੂੰ ਮਿਲਾ ਕੇ ਉਨ੍ਹਾਂ ਦਾ ਇਕ ਰਾਜ ਬਣਾ ਸਕਦੀ ਹੈ । ਇਸ ਲਈ ਭਾਰਤੀ ਸੰਘਰਾਜ ਨੂੰ ਅਰਧ ਸੰਘ ਕਿਹਾ ਗਿਆ ਹੈ ।

## 2.7 ਵਧੇਰੇ ਜਾਣਕਾਰੀ ਲਈ ਸੁਝਾਈਆਂ ਗਈਆਂ ਪੁਸਤਕਾਂ ਦੀ ਸੂਚੀ

1. ਸਾਹਿਬ ਸਿੰਘ ਸੰਵਿਦਰ ਸਿੰਘ : *ਲੋਕ ਪ੍ਰਸ਼ਾਸਨ-ਸਿਧਾਂਤ ਅਤੇ ਵਿਵਹਾਰ* (ਪੰਜਾਬੀ ਮਾਧਿਅਮ)
2. M.V. Pylee : *Constitutional Government of India* (Eng. Medium)
3. Bharati Ray : *Evolution of Federalism in India* (Eng. Medium)
4. Padma Ramachandran : *Public Administration in India* (National Book Trust, India)
5. ਡਾ. ਹਰਬੀਰ ਸਿੰਘ : *ਭਾਰਤੀ ਪ੍ਰਸ਼ਾਸਨ*

## ਸਵੈ-ਪਰਖ ਅਭਿਆਸ ਲਈ ਪ੍ਰਸ਼ਨ

**ਪ੍ਰ. 1**. ਭਾਰਤ ਵਿਚ ਕੇਂਦਰ ਅਤੇ ਰਾਜਾਂ ਦੇ ਪ੍ਰਸ਼ਾਸਨਿਕ ਅਤੇ ਵਿਧਾਨਿਕ ਸੰਬੰਧਾਂ ਵਿਚੋਂ ਕਿਸੇ ਇਕ ਉੱਪਰ ਨੋਟ ਲਿਖੋ ।

**ਪ੍ਰ. 2**. (i) ਕੇਂਦਰ ਰਾਜ ਦੀਆਂ ਸ਼ਕਤੀਆਂ ਨੂੰ ਮਰਜ਼ੀ ਅਨੁਸਾਰ ਘਟਾ-ਵਧਾ ਸਕਦੀ ਹੈ । ਹਾਂ/ਨਹੀਂ

(ii) ਭਾਰਤ ਵਿਚਲੇ ਰਾਜ ਸੰਵਿਧਾਨ ਵਿਚ ਆਪਣੇ-ਆਪ ਤਬਦੀਲੀ ਕਰ ਸਕਦੇ ਹਾਂ । ਹਾਂ/ਨਹੀਂ

(iii) ਕੇਂਦਰ ਨਵੇਂ ਰਾਜ ਸਥਾਪਿਤ ਕਰ ਸਕਦਾ ਹੈ । ਹਾਂ/ਨਹੀਂ

(iv) ਭਾਰਤੀ ਸੰਵਿਧਾਨ ਦੇ ਸਤਵੇਂ ਸ਼ਡਿਊਲ ਵਿਚ ਕਿੰਨੀਆਂ ਸੂਚੀਆਂ ਦਿੱਤੀਆਂ ਗਈਆਂ ਹਨ?

(v) ਭਾਰਤੀ ਕੇਂਦਰ ਦੁਆਰਾ ਰਾਜਾਂ ਦੇ ਖਿਲਾਫ਼ ਕਿਹੜੀ ਧਾਰਾ ਦੀ ਸਭ ਤੋਂ ਵਧ ਕੁਵਰਤੋਂ ਕੀਤੀ ਗਈ ਹੈ?

## 2.8 ਸਵੈ-ਪਰਖ ਪ੍ਰਸ਼ਨਾਵਲੀ ਦੇ ਉੱਤਰ ਲਿਖਣ ਸਬੰਧੀ ਹਦਾਇਤਾਂ :

1. ਭਾਰਤ ਵਿਚ ਕੇਂਦਰ ਅਤੇ ਰਾਜਾਂ ਵਿਚਕਾਰ ਸੰਬੰਧਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ।

1. ਵਿਧਾਨਿਕ 2. ਪ੍ਰਸ਼ਾਸਕੀ 3. ਵਿੱਤੀ ।

ਇਹਨਾਂ ਤਿੰਨਾਂ ਵਿਚੋਂ ਕਿਸੇ ਦੋ ਦਾ ਵਿਸਥਾਰਪੂਰਵਕ ਵਰਨਣ ਕੀਤਾ ਜਾਵੇ । ਜਿਥੋਂ ਤਕ ਹੋ ਸਕੇ ਆਪਣੇ ਉੱਤਰ ਦਾ ਆਰੰਭ ਭੂਮਿਕਾ ਨਾਲ ਕਰੋ ਅਤੇ ਅੰਤ ਵਿਚ ਉੱਤਰ ਦਾ ਸਾਰ ਜ਼ਰੂਰ ਦੇਵੋ ।

2. (i) ਨਹੀਂ (ii) ਨਹੀਂ

(iii) ਹਾਂ (iv) ਤਿੰਨ-ਕੇਂਦਰੀ, ਰਾਜ ਅਤੇ ਸਮਵਰਤੀ

(v) ਧਾਰਾ 356

ਪਾਠ ਨੰ: 1.3 ਰੂਪਾਂਤਰਿਤ ਕਰਤਾ : ਰਵਨੀਤ ਕੌਰ

# ਭਾਰਤ ਦਾ ਰਾਸ਼ਟਰਪਤੀ
## (President of India)

ਰੂਪ-ਰੇਖਾ :

3.0 ਉਦੇਸ਼
3.1 ਭੂਮਿਕਾ
3.2 ਚੋਣ ਪ੍ਰਣਾਲੀ
3.3 ਅਹੁਦੇ ਦੀ ਮਿਆਦ ਅਤੇ ਅਹੁਦੇ ਤੋਂ ਹਟਾਉਣ ਦੀ ਵਿਧੀ
3.4 ਯੋਗਤਾਵਾਂ ਅਤੇ ਤਨਖ਼ਾਹ-ਭੱਤੇ
3.5 ਰਾਸ਼ਟਰਪਤੀ ਦੀਆਂ ਸ਼ਕਤੀਆਂ
3.5.1 ਕਾਰਜਕਾਰੀ ਸ਼ਕਤੀਆਂ (Executive Powers)
3.5.2 ਵਿਧਾਨਿਕ ਸ਼ਕਤੀਆਂ (Legislative Powers)
3.5.3 ਸੰਕਟਕਾਲੀਨ ਸ਼ਕਤੀਆਂ (Emergency Powers)
3.5.3.1 ਬਾਹਰੋਂ ਹਮਲੇ ਜਾਂ ਅੰਦਰੂਨੀ ਹਥਿਆਰਬੰਦ ਵਿਦਰੋਹ ਕਾਰਨ ਉਤਪੰਨ ਸੰਕਟ
3.5.3.2 ਰਾਜਾਂ ਵਿੱਚ ਵਿਧਾਨਿਕ ਪ੍ਰਬੰਧ ਅਸਫ਼ਲ ਹੋਣ ਕਾਰਨ ਉਤਪੰਨ ਸੰਕਟ
3.5.3.3 ਆਰਥਿਕ ਸੰਕਟ
3.5.3.4 ਸੰਕਟਕਾਲੀਨ ਸ਼ਕਤੀਆਂ ਦਾ ਮੁਲਾਂਕਣ
3.6 ਰਾਸ਼ਟਰਪਤੀ ਦੀ ਸਥਿਤੀ
3.6.1 ਰਾਸ਼ਟਰਪਤੀ ਅਤੇ ਮੰਤਰੀ ਪਰਿਸ਼ਦ
3.6.2 ਤੁਲਨਾਤਮਕ ਅਧਿਐਨ
3.7 ਸਾਰਾਂਸ਼
3.8 ਸ਼ਬਦਾਵਲੀ
3.9 ਸੁਝਾਈਆਂ ਗਈਆਂ ਪੁਸਤਕਾਂ ਦੀ ਸੂਚੀ
3.10 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉੱਤਰ

### 3.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

- ਰਾਸ਼ਟਰਪਤੀ ਦੀ ਚੋਣ ਪ੍ਰਕਿਰਿਆ,
- ਰਾਸ਼ਟਰਪਤੀ ਨੂੰ ਸੰਵਿਧਾਨ ਰਾਹੀਂ ਪ੍ਰਾਪਤ ਸ਼ਕਤੀਆਂ ਬਾਰੇ ਜਾਣੂ ਹੋਵੋਗੇ, ਅਤੇ
- ਰਾਸ਼ਟਰਪਤੀ ਦੀ ਸਥਿਤੀ ਅਤੇ ਭੂਮਿਕਾ ਨੂੰ ਸਮਝਣ ਯੋਗ ਹੋਵੋਗੇ।

### 3.1 ਭੂਮਿਕਾ

ਭਾਰਤ ਰਾਜ ਦਾ ਸਭ ਤੋਂ ਵੱਡਾ ਪਦ ਅਧਿਕਾਰੀ ਰਾਸ਼ਟਰਪਤੀ ਹੈ। ਉਹ ਦੇਸ਼ ਦੀ ਏਕਤਾ ਅਤੇ ਕੌਮ ਦੀ ਸਰਵਸੱਤਾ ਸਪੰਨ ਇੱਛਾ ਦਾ ਪ੍ਰਤੀਕ ਹੈ। ਸੰਵਿਧਾਨ ਬਣਾਉਣ ਵਾਲਿਆਂ ਦੇ ਸਾਹਮਣੇ ਕੇਂਦਰੀ ਕਾਰਜਪਾਲਿਕਾ ਦੇ ਤਿੰਨ ਮਾਡਲ ਸਨ-ਸਵਿਟਜ਼ਰਲੈਂਡ ਦਾ ਮਾਡਲ, ਅਮਰੀਕਾ ਦਾ ਮਾਡਲ ਅਤੇ ਬ੍ਰਿਟਿਸ਼ ਮਾਡਲ। ਸੰਵਿਧਾਨ ਸਭਾ ਦੇ ਕੁਝ ਮੈਂਬਰ ਸਵਿਟਜ਼ਰਲੈਂਡ ਦੇ ਮਾਡਲ ਦੀ ਕਾਰਜ-ਪਾਲਿਕਾ ਨੂੰ ਅਪਨਾਉਣ ਦੇ ਹੱਕ ਵਿਚ ਸਨ। ਅਥਵਾ ਇਹੋ ਜਿਹੀ ਕਾਰਜ-ਪਾਲਿਕਾ ਜੇ ਇਕ ਨਿਯਤ ਸਮੇਂ ਲਈ ਵਿਧਾਨ-ਪਾਲਿਕਾ ਵਲੋਂ ਚੁਣੀ ਜਾਵੇ ਪਰ ਵਿਧਾਨ ਪਾਲਿਕਾ ਦੀ

ਮਿਆਦ ਦੇ ਸਮਾਪਤ ਹੋਣ ਤੋਂ ਪਹਿਲਾਂ ਇਸ ਨੂੰ ਸਿਵਾਏ ਭ੍ਰਿਸ਼ਟਾਚਾਰ ਅਤੇ ਰਾਜਧਰੋਹ ਦੇ, ਹਟਾਇਆ ਨਾ ਜਾ ਸਕੇ। ਕੁਝ ਮੈਂਬਰ ਅਮਰੀਕਨ ਮਾਡਲ ਦੀ ਕਾਰਜ-ਪਾਲਿਕਾ, ਅਰਥਾਤ ਪ੍ਰਧਾਨਾਤਮਕ ਸਰਕਾਰ ਦੇ ਹੱਕ ਵਿਚ ਸਨ। ਉਹ ਇਕ ਮਜ਼ਬੂਤ ਕੇਂਦਰੀ ਸਰਕਾਰ ਕਾਇਮ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਵਿਚਾਰ ਅਨੁਸਾਰ ਪ੍ਰਧਾਨਾਤਮਕ ਸਰਕਾਰ ਹੀ ਅਜਿਹੀ ਮਜ਼ਬੂਤੀ ਅਤੇ ਸਥਿਰਤਾ ਬਖ਼ਸ਼ ਸਕਦੀ ਸੀ। ਮੈਂਬਰਾਂ ਦੀ ਬਹੁ-ਸੰਮਤੀ ਨੇ ਬ੍ਰਿਟਿਸ਼ ਮਾਡਲ ਦੀ ਕਾਰਜ-ਪਾਲਿਕਾ ਦੇ ਹੱਕ ਵਿਚ ਫੈਸਲਾ ਕੀਤਾ। ਇਸ ਨਾਲ ਸਥਿਰਤਾ ਅਤੇ ਉੱਤਰਦਾਇਕਤਾ ਦੋਨੋਂ ਹੀ ਕਾਇਮ ਕੀਤੇ ਜਾ ਸਕਦੇ ਹਨ। ਪ੍ਰਧਾਨਾਤਮਕ ਸਰਕਾਰ ਵਿਚ ਕਾਰਜ-ਪਾਲਿਕਾ ਅਤੇ ਵਿਧਾਨ-ਪਾਲਿਕਾ ਦੇ ਵਿਚਕਾਰ ਝਗੜੇ ਉਤਪੰਨ ਹੋਣ ਦੀ ਸੰਭਾਵਨਾ ਹੁੰਦੀ ਹੈ, ਜੋ ਕਿ ਨਵੇਂ ਰਾਜ ਲਈ ਖਤਰਨਾਕ-ਸਾਬਿਤ ਹੋ ਸਕਦੇ ਹਨ। ਸੰਸਦੀ ਸਰਕਾਰ ਦੀ ਸੂਰਤ ਵਿਚ ਕਾਰਜ-ਪਾਲਿਕਾ ਦੀ ਉਤਰਦਾਇਕਤਾ ਨੂੰ ਰੋਜ਼ਾਨਾ ਅਮਲ ਵਿਚ ਲਿਆਂਦਾ ਜਾ ਸਕਦਾ ਹੈ ਜਦੋਂ ਕਿ ਅਮਰੀਕਨ ਪ੍ਰਧਾਨਾਤਮਕ ਸਰਕਾਰ ਵਿਚ ਉੱਤਰਦਾਇਕਤਾ ਕੇਵਲ ਇਕ ਨਿਸ਼ਚਿਤ ਸਮੇਂ ਹੀ ਅਮਲ ਵਿਚ ਆਉਂਦੀ ਹੈ। ਸੰਸਦੀ ਸਰਕਾਰ ਵਿਚ ਕਾਰਜ-ਪਾਲਿਕਾ ਤੋਂ ਹਰ ਰੋਜ਼ ਸੰਸਦ ਵਿਚ ਉੱਤਰ ਮੰਗਿਆ ਜਾ ਸਕਦਾ ਹੈ ਅਤੇ ਇਸਦੇ ਮੈਂਬਰਾਂ ਨੂੰ ਉਨ੍ਹਾਂ ਦੇ ਕੰਮਾਂ ਬਾਰੇ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪ੍ਰਧਾਨਾਤਮਕ ਸਰਕਾਰ ਵਿਚ, ਜੋ ਕਿ ਸ਼ਕਤੀਆਂ ਦੀ ਅਲਹਿਦਗੀ ਤੇ ਆਧਾਰਿਤ ਹੈ, ਮੁੱਖ ਕਾਰਜਕਾਰੀ ਦੀ ਚੋਣਕਾਰਾਂ ਪ੍ਰਤੀ ਉੱਤਰਦਾਇਕਤਾ ਉਦੋਂ ਹੀ ਅਮਲ ਵਿਚ ਆਉਂਦੀ ਹੈ ਜਦੋਂ ਮਿਆਦ ਖਤਮ ਹੋਣ ਤੋਂ ਪਿਛੋਂ ਪ੍ਰਧਾਨ ਦੀ ਨਵੀਂ ਚੋਣ ਹੁੰਦੀ ਹੈ।

ਭਾਰਤ ਵਿਚ ਸੰਘੀ ਕਾਰਜਪਾਲਿਕਾ ਦੇ ਦੋ ਅੰਗ ਹਨ- ਇਕ ਰਾਸ਼ਟਰਪਤੀ ਅਤੇ ਦੂਜਾ ਮੰਤਰੀ ਪਰਿਸ਼ਦ ਜਿਸ ਦੇ ਮੰਤਰੀ ਸਰਕਾਰੀ ਮਾਮਲਿਆਂ ਵਿਚ ਰਾਸ਼ਟਰਪਤੀ ਨੂੰ ਸਹਾਇਤਾ ਅਤੇ ਸਲਾਹ ਦਿੰਦੇ ਹਨ ਅਤੇ ਇਹੋ ਜਿਹੇ ਕੰਮਾਂ ਲਈ ਉਹ ਸਾਂਝੇ ਤੌਰ ਤੇ ਸੰਸਦ ਦੇ ਪ੍ਰਤੀ ਜੁਆਬਦੇਹ ਹਨ। ਸੰਵਿਧਾਨ ਬਣਾਉਣ ਵਾਲਿਆਂ ਦਾ ਮੰਤਵ ਰਾਸ਼ਟਰਪਤੀ ਨੂੰ ਨਾਂ ਤਾਂ ਅਸਲੀ ਕਾਰਜਕਾਰੀ ਬਣਾਉਣਾ ਸੀ ਅਤੇ ਨਾ ਹੀ ਸਿਰਫ ਨਾ-ਮਾਤਰ। ਜਿਵੇਂ ਕਿ ਸ੍ਰੀ ਨਹਿਰੂ ਨੇ ਖੁਦ ਸੰਵਿਧਾਨ ਸਭਾ ਦੇ ਮੈਂਬਰਾਂ ਸਾਹਮਣੇ ਵਿਆਖਿਆ ਕੀਤੀ ਸੀ ਕਿ ਅਸਲੀਅਤ ਵਿਚ ਸ਼ਕਤੀਆਂ ਮੰਤਰੀ ਪਰਿਸ਼ਦ ਅਤੇ ਵਿਧਾਨ ਪਾਲਿਕਾ ਦੋਹਾਂ ਕੋਲ ਹਨ, ਨਿਰੋਲ ਗਣਤੰਤਰ ਪ੍ਰਧਾਨ ਵਾਂਗ ਕੇਵਲ ਨਾ ਮਾਤਰ ਮੁਖੀਆ ਬਣਾ ਦੇਈਏ : ਅਸੀਂ ਉਸ ਨੂੰ ਕੋਈ ਅਸਲੀ ਸ਼ਕਤੀ ਨਹੀਂ ਦਿੱਤੀ ਫਿਰ ਵੀ ਅਸੀਂ ਉਸ ਦੀ ਪੋਜੀਸ਼ਨ ਨੂੰ ਵੱਡੇ ਅਖਤਿਆਰ ਅਤੇ ਗੌਰਵ ਵਾਲਾ ਬਣਾਇਆ ਹੈ।

## 3.2 ਰਾਸ਼ਟਰਪਤੀ ਦੀ ਚੋਣ

ਭਾਰਤ ਦਾ ਰਾਸ਼ਟਰਪਤੀ ਅਪ੍ਰੱਤਖ ਰੂਪ ਨਾਲ ਇਕ **ਚੋਣ ਮੰਡਲ** (Electoral College) ਦੁਆਰਾ ਚੁਣਿਆ ਜਾਂਦਾ ਹੈ। ਚੋਣ-ਮੰਡਲ ਵਿਚ ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਮੈਂਬਰ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਹੁੰਦੇ ਹਨ। ਜਿਥੋਂ ਤਕ ਹੋ ਸਕੇ ਰਾਸ਼ਟਰਪਤੀ ਦੀ ਚੋਣ ਵਿਚ ਸਭ ਰਾਜਾਂ ਨੂੰ ਇਕੋ ਜਿਹੀ ਪ੍ਰਤੀਨਿਧਤਾ ਮਿਲਦੀ ਹੈ। ਸੰਸਦ ਦੇ ਦੋਨਾਂ ਸਦਨਾਂ ਦੇ ਚੁਣੇ ਹੋਏ ਮੈਂਬਰਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਵੋਟ ਵਿਚ ਵੀ ਸਮਾਨਤਾ ਹੁੰਦੀ ਹੈ। ਵੋਟਾਂ ਦੀ ਇਕਸਾਰਤਾ ਬਣਾਉਣ ਲਈ ਇਹ ਢੰਗ ਅਪਣਾਇਆ ਗਿਆ ਕਿ ਰਾਜ ਦੀ ਕੁਲ ਆਬਾਦੀ ਨੂੰ ਉਥੋਂ ਦੀ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰਾਂ ਦੀ ਸੰਖਿਆ ਨਾਲ ਵੰਡ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਭਜਨ ਫਲ ਨੂੰ 1000 ਨਾਲ ਵੰਡ ਦਿੱਤਾ ਜਾਂਦਾ ਹੈ। ਇਸ ਦਾ ਜੋ ਉੱਤਰ ਆਵੇ, ਉਤਨੀਆਂ ਵੋਟਾਂ ਉਸ ਰਾਜ ਦੇ ਇਕ ਮੈਂਬਰ ਦੀਆਂ ਹੋਣਗੀਆਂ। ਹਰੇਕ ਭਿੰਨ ਅੰਕ ਜੋ ਕਿ ਅੱਧੇ ਨਾਲੋਂ ਜ਼ਿਆਦਾ ਹੋਵੇ ਨੂੰ ਇਕ ਗਿਣਿਆ ਜਾਂਦਾ ਹੈ ਅਤੇ ਅੱਧੇ ਨਾਲੋਂ ਘੱਟ ਭਿੰਨ ਅੰਕਾਂ ਨੂੰ ਛੱਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰਾਜਾਂ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੇ ਸਾਰੇ ਮੈਂਬਰਾਂ ਨੂੰ ਜਿੰਨੀਆਂ ਵੋਟਾਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਨੂੰ ਸੰਸਦ ਦੇ ਕੁਲ ਚੁਣੇ ਮੈਂਬਰਾਂ ਦੀ ਗਿਣਤੀ ਨਾਲ ਤਕਸੀਮ ਕਰਕੇ ਜੋ ਉੱਤਰ ਆਉਂਦਾ ਹੈ, ਉਤਨੀਆਂ ਵੋਟਾਂ ਸੰਸਦ ਦੇ ਹੋਰ ਮੈਂਬਰ ਦੀਆਂ ਹੁੰਦੀਆਂ ਹਨ। **ਚੋਣ 'ਅਨੁਪਾਤਿਕ ਪ੍ਰਤੀਨਿਧਤਾ ਢੰਗ ਦੇ ਅਨੁਸਾਰ 'ਇਕਹਿਰੀ ਬਦਲਵੀ ਵੋਟ' ਅਤੇ ਗੁਪਤ ਬੈਲਟ ਦੁਆਰਾ ਹੁੰਦੀ ਹੈ** ਰਾਸ਼ਟਰਪਤੀ ਦੀ ਚੋਣ ਵਿਚ ਜਾਣ ਵਾਲੇ ਵਿਅਕਤੀ ਲਈ ਕੁਲ ਵੋਟਾਂ ਦੀ ਸੰਖਿਆ ਦਾ 50 ਪ੍ਰਤੀਸ਼ਤ ਤੋਂ ਜ਼ਿਆਦਾ ਵੋਟਾਂ ਲੈਣੀਆਂ ਜ਼ਰੂਰੀ ਹਨ ਅਤੇ ਕੇਵਲ ਦੂਜੇ ਵਿਅਕਤੀ ਨਾਲੋਂ ਜ਼ਿਆਦਾ ਵੋਟਾਂ ਲੈਣਾ ਹੀ ਕਾਫ਼ੀ ਨਹੀਂ। ਇਹ ਇਸ ਲਈ ਕੀਤਾ ਜਾਂਦਾ ਹੈ, ਤਾਂ ਕਿ ਰਾਸ਼ਟਰਪਤੀ ਦੇ ਅਹੁਦੇ ਲਈ ਚੁਣੇ ਗਏ ਵਿਅਕਤੀ ਨੂੰ ਸਿਰਫ ਬਹੁ-ਗਿਣਤੀ ਦੀ ਪਾਰਟੀ ਦੀ ਹੀ ਮਦਦ

ਨਾ ਹੋਵੇ ਸਗੋਂ ਘੱਟ ਗਿਣਤੀ ਨਾਲ ਸੰਬੰਧਿਤ ਪਾਰਟੀਆਂ ਨੂੰ ਵੀ ਚੋਣ ਵਿਚ ਪੂਰਾ-ਪੂਰਾ ਪ੍ਰਭਾਵ ਪਾਉਣ ਦਾ ਮੌਕਾ ਮਿਲੇ। ਜੇਕਰ ਕਿਸੇ ਵੀ ਉਮੀਦਵਾਰ ਨੂੰ 50 ਪ੍ਰਤੀਸ਼ਤ ਤੋਂ ਜ਼ਿਆਦਾ ਵੋਟਾਂ ਨਹੀਂ ਮਿਲਦੀਆਂ ਤਾਂ ਸਭ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਨੂੰ ਚੋਣ ਵਿਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਉਸਦੀਆਂ ਵੋਟਾਂ ਦੂਜਿਆਂ ਉਮੀਦਵਾਰਾਂ ਵਿਚ, ਜਿਨਾਂ ਨੂੰ ਦੂਜੀ ਪਸੰਦ ਮਿਲੀ ਹੋਵੇ, ਵੰਡ ਦਿੱਤੀਆਂ ਜਾਂਦੀਆਂ ਹਨ। ਦੂਜੀ ਪਸੰਦ ਦੀਆਂ ਵੋਟਾਂ ਜਮ੍ਹਾਂ ਕਰਨ ਤੇ ਵੀ ਜੇਕਰ ਨਿਸ਼ਚਿਤ ਵੋਟਾਂ ਨਾ ਮਿਲਣ ਤਾਂ ਬਾਕੀ ਬਚੇ ਉਮੀਦਵਾਰਾਂ ਵਿਚ ਜਮ੍ਹਾਂ ਕਰ ਲਈਆਂ ਜਾਂਦੀਆਂ ਹਨ। ਇਸ ਅਨੁਪਾਤੀ ਪ੍ਰਤੀਨਿਧਤਾ ਦੀ ਇਕਹਿਰੀ ਬਦਲਵੀਂ ਵੋਟ ਦੇ ਢੰਗ ਦੁਆਰਾ ਚੋਣ ਉਮੀਦਵਾਰ ਨੂੰ ਚੋਣ ਵਿਚੋਂ ਕੱਢਣ ਦੀ ਵਿਧੀ ਜਾਰੀ ਰਹਿੰਦੀ ਹੈ ਜਦੋਂ ਤੱਕ ਕਿ ਕਿਸੇ ਇਕ ਉਮੀਦਵਾਰਾਂ ਨੂੰ ਮਿਥੀ ਹੋਈ ਵੋਟਾਂ ਦੀ ਗਿਣਤੀ ਪ੍ਰਾਪਤ ਨਹੀਂ ਹੋ ਜਾਂਦੀ।

ਫਰਜ਼ ਕਰੋ ਰਾਸ਼ਟਰਪਤੀ ਦੀ ਚੋਣ ਲਈ ਚਾਰ ਉਮੀਦਵਾਰ ਹਨ ਅਤੇ ਕੁਲ ਵੋਟਾਂ 15000 ਹਨ ਇਸ ਤਰ੍ਹਾਂ ਜਿੱਤਣ ਵਾਲੇ ਉਮੀਦਵਾਰ ਨੂੰ ਘੱਟ ਤੋਂ ਘੱਟ 7501 ਵੋਟਾਂ ਦੀ ਜ਼ਰੂਰਤ ਹੋਵੇਗੀ, ਉਦਾਹਰਣ ਦੇ ਤੌਰ ਤੇ ਉਮੀਦਵਾਰ ਨੂੰ ਹੇਠ ਲਿਖੇ ਕ੍ਰਮ ਅਨੁਸਾਰ ਵੋਟਾਂ ਮਿਲਦੀਆਂ ਹਨ।

'ਓ' – 5250, 'ਅ' – 4800, 'ੲ' – 2700 ਅਤੇ 'ਸ' –2250। ਉਮੀਦਵਾਰ 'ਸ' ਨੂੰ ਚੋਣ ਵਿਚੋਂ ਕੱਢ ਦਿੱਤਾ ਜਾਵੇਗਾ ਕਿਉਂਕਿ ਉਸ ਨੂੰ ਸਭ ਤੋਂ ਘੱਟ ਵੋਟਾਂ ਮਿਲੀਆਂ ਹਨ। ਇਹ ਵੀ ਮੰਨ ਲਓ ਕਿ ਉਸ ਦੀਆਂ 2250 ਵੋਟਾਂ ਤੇ ਦੂਜੀ ਪਸੰਦ ਦੀਆਂ ਵੋਟਾਂ ਇਸ ਪ੍ਰਕਾਰ ਹਨ – 'ਓ'– 300, 'ਅ'– 1050 ਅਤੇ 'ੲ' – 900। ਇਹ ਵੋਟਾਂ ਕ੍ਰਮਕਾਰ 'ਓ', 'ਅ' ਅਤੇ 'ੲ' ਵਿਚ ਵੰਡ ਦਿੱਤੀਆਂ ਜਾਂਦੀਆਂ ਹਨ ਤੇ ਫਿਰ ਦੂਜੀ ਵਾਰੀ ਗਿਣਤੀ ਕੀਤੀ ਜਾਂਦੀ ਹੈ। ਦੂਜੀ ਗਿਣਤੀ ਤੇ ਪਤਾ ਲਗੇਗਾ ਕਿ ਕਿਸੇ ਉਮੀਦਵਾਰ ਨੂੰ ਲੋੜੀਂਦੀਆਂ ਅਰਥਾਤ 7501 ਵੋਟਾਂ ਨਹੀਂ ਮਿਲੀਆਂ ਕਿਉਂਕਿ ਦਲ ਵੋਟਾਂ 'ਓ' ਨੂੰ 5250+300=500, 'ਅ' ਨੂੰ 4800+1050=5800 ਅਤੇ 'ੲ' ਨੂੰ 2700+900=3600 ਮਿਲੀਆਂ। ਹੁਣ ਸਭ ਤੋਂ ਘੱਟ ਵੋਟਾਂ ਲੈਣ ਵਾਲੇ ਉਮੀਦਵਾਰ 'ੲ' ਨੂੰ ਕੱਢ ਦਿੱਤਾ ਜਾਂਦਾ ਹੈ। ਤੀਜੀ ਪਸੰਦ ਦੀਆਂ 3600 ਵੋਟਾਂ ਇਸ ਪ੍ਰਕਾਰ ਹਨ– 'ਓ' ਨੂੰ 1700 ਅਤੇ 'ਅ' ਨੂੰ 1900। ਤੀਜੀ ਗਿਣਤੀ ਵਿਚ ਵੋਟਾਂ ਤੋਂ ਉਮੀਦਵਾਰ 'ਅ' ਨੂੰ ਜਿੱਤ ਪ੍ਰਾਪਤ ਹੁੰਦੀ ਹੈ, ਕਿਉਂਕਿ 'ਓ' ਦੀਆਂ ਵੋਟਾਂ 5550+1700=7250 ਅਤੇ 'ਅ' ਦੀਆਂ ਵੋਟਾਂ 5850+1900=7750 ਹਨ। 1967 ਤੱਕ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਬਹੁ ਸੰਮਤੀ ਸੀ। ਇਸ ਕਾਰਨ ਰਾਸ਼ਟਰਪਤੀ ਦੀ ਚੋਣ ਦੇ ਨਤੀਜੇ ਦਾ ਫੈਸਲਾ ਪਹਿਲੀ ਵਿਚ ਹੀ ਹੁੰਦਾ ਰਿਹਾ ਸੀ। 1969 ਵਿਚ ਹੋਈ ਰਾਸ਼ਟਰਪਤੀ ਦੀ ਚੋਣ ਦਾ ਮੁਕਾਬਲਾ ਵੀ.ਵੀ. ਗਿਰੀ ਅਤੇ ਸੰਜੀਵਾ ਰੈਡੀ ਵਿਚ ਹੋਇਆ। ਕਾਂਗਰਸ ਵਿਚ ਫੁੱਟ ਪੈ ਜਾਣ ਕਾਰਣ ਕਾਂਗਰਸੀ ਮੈਂਬਰਾਂ ਦੀਆਂ ਵੋਟਾਂ ਦੋਹਾਂ ਉਮੀਦਵਾਰਾਂ ਵਿਚ ਵੰਡੀਆਂ ਗਈਆਂ। ਇਸ ਕਾਰਣ ਚੋਣ ਨਤੀਜੇ ਦਾ ਫੈਸਲਾ ਦੂਜੀ ਗਿਣਤੀ ਵਿਚ ਹੋਇਆ। ਵੀ.ਵੀ.ਗਿਰੀ ਨੇ ਕਾਂਗਰਸੀ ਉਮੀਦਵਾਰ ਸ੍ਰੀ ਸੰਜੀਵਾ ਰੇਡੀ ਨੂੰ 14650 ਵੋਟਾਂ ਨਾਲ ਹਰਾਇਆ। ਸ੍ਰੀ ਗਿਰੀ ਨੇ 420077 ਵੋਟਾਂ ਅਤੇ ਸ੍ਰੀ ਸੰਜੀਵਾ ਰੈਡੀ ਨੇ 405427 ਵੋਟਾਂ ਪ੍ਰਾਪਤ ਕੀਤੀਆਂ ਸਨ। ਪਹਿਲੀ ਗਿਣਤੀ ਵਿਚ ਸ੍ਰੀ ਸੰਜੀਵਾ ਰੈਡੀ 87967 ਵੋਟਾਂ ਅੱਗੇ ਸਨ ਪਰ ਉਹਨਾਂ ਨੂੰ 16655 ਹੋਰ ਵੋਟਾਂ ਚਾਹੀਦੀਆਂ ਸਨ ਤਾਂ ਜੋ ਘੱਟੋਂ ਘੱਟ 50 ਪ੍ਰਤੀਸ਼ਤ ਤੋਂ ਇਕ ਵੋਟ ਜਿਆਦਾ ਹੋ ਸਕੇ। ਇਹ ਘਾਟ ਦੂਜੀ ਗਿਣਤੀ ਵਿਚ ਦੇਸ਼ਮੁਖ ਨੂੰ ਮਿਲੀਆਂ ਵੋਟਾਂ ਨੂੰ ਬਦਲ ਕੇ ਸ੍ਰੀ ਰੈਡੀ ਅਤੇ ਸ੍ਰੀ ਵੀ.ਵੀ.ਗਿਰੀ ਨੂੰ ਦੇਣ ਬਾਦ ਪੂਰੀ ਕੀਤੀ ਗਈ। ਅਗਸਤ 1974 ਦੀ ਚੋਣ ਵਿਚ ਕਾਂਗਰਸ ਦੇ ਉਮੀਦਵਾਰ ਸ੍ਰੀ ਫਖਰੁਦੀਨ ਅਲੀ ਅਹਿਮਦ ਆਪਣੇ ਵਿਰੋਧੀ ਉਮੀਦਵਾਰ ਸ੍ਰੀ ਤ੍ਰਿਦੀਬ ਚੌਧਰੀ ਨੂੰ ਭਾਰੀ ਬਹੁ-ਗਿਣਤੀ ਨਾਲ ਹਰਾ ਕੇ ਸਫਲ ਹੋਏ। ਅਸਗਤ 1977 ਵਿਚ ਜਨਤਾ ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵਾ ਰੈਡੀ ਰਾਸ਼ਟਰਪਤੀ ਚੁਣੇ ਗਿਣਤੀ ਗਏ। ਜੁਲਾਈ, 1982 ਦੀਆਂ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰ ਗਿਆਨੀ ਜੈਲ ਸਿੰਘ ਵਿਰੋਧੀ ਐਚ.ਆਰ.ਖੰਨਾ ਨੂੰ ਹਰਾ ਕੇ ਇਸ ਪਦ ਲਈ ਚੁਣੇ ਗਏ। ਸ੍ਰੀ ਖੰਨਾ ਸਾਰੀਆਂ ਵਿਰੋਧੀ ਪਾਰਟੀਆਂ ਦੇ ਸਾਂਝੇ ਉਮੀਦਵਾਰ ਸਨ। ਸ੍ਰੀ ਜੈਲ ਸਿੰਘ ਨੇ ਆਪਣੇ ਇਸ ਵਿਰੋਧੀ ਉਮੀਦਵਾਰ ਤੋਂ 4,21,428 ਵੋਟਾਂ (value votes) ਜ਼ਿਆਦਾ ਪ੍ਰਾਪਤ ਕੀਤੀਆਂ। ਸ੍ਰੀ ਜੈਲ ਸਿੰਘ ਤੋਂ ਬਾਦ ਸ੍ਰੀ ਆਰ ਵੈਕਟਰਾਮਨ ਜੋ ਉਸ ਸਮੇਂ ਉਪ-ਰਾਸ਼ਟਰਪਤੀ ਸਨ, ਰਾਸ਼ਟਰਪਤੀ ਬਣਾਏ ਗਏ। ਇਹ ਭਾਰਤੀ ਸੰਵਿਧਾਨ ਦੀ ਪਰੰਪਰਾ ਹੈ। ਸੰਵਿਧਾਨ ਪਰੰਪਰਾ ਅਨੁਸਾਰ ਇਸੇ ਤਰਾਂ ਉਪ-ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾ ਨੂੰ ਰਾਸ਼ਟਰਪਤੀ ਪਦ ਲਈ ਚੁਣ ਲਿਆ ਗਿਆ। ਇਸ ਉਪਰੰਤ ਸ੍ਰੀ ਨਾਰਾਇਨਣ ਨੂੰ ਰਾਸ਼ਟਰਪਤੀ ਬਣਾਇਆ ਗਿਆ ਅਤੇ ਕ੍ਰਿਸ਼ਨ ਕਾਂਤ ਉਪ-ਰਾਸ਼ਟਰਪਤੀ ਚੁਣੇ

ਗਏ ਹਨ। ਫਿਰ ਏ.ਪੀ.ਜੇ. ਕਲਾਮ ਭਾਰਤ ਦੇ ਰਾਸ਼ਟਰਪਤੀ ਚੁਣੇ ਗਏ। ਸ੍ਰਿਮਤੀ ਲਕਸ਼ਮੀ ਸਹਿਗਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਉਪ-ਰਾਸ਼ਟਰਪਤੀ ਲਈ ਭੈਰੋਂ ਸਿੰਘ ਸੈਖਾਵਤ ਚੁਣੇ ਗਏ। ਮੌਜੂਦਾ ਸਮੇਂ ਸ੍ਰੀਮਤੀ ਪਰਤੀਭਾ ਪਾਟਿਲ ਅਤੇ ਸ੍ਰੀ ਹਾਮਿਦ ਅਨਸਾਰੀ ਕ੍ਰਮਵਾਰ ਰਾਸ਼ਟਰਪਤੀ ਅਤੇ ਉਪ-ਰਾਸ਼ਟਰੀਪਤੀ ਹਨ।

### ਸਵੈ-ਅਭਿਆਸ ਪ੍ਰਸ਼ਨਾਵਲੀ-।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਰਾਸ਼ਟਰਪਤੀ ਦੀ ਚੋਣ ਦਾ ਤਰੀਕਾ ਦੱਸੋ।

2) ਕੀ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ (ਯੂਨੀਅਨ ਟੈਰੇਟਰੀ) ਦੇ ਚੁਣਿੰਦਾ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਹਿੱਸਾ ਪਾਉਂਦੇ ਹਨ?

## 3.3 ਰਾਸ਼ਟਰਪਤੀ ਦੇ ਅਹੁਦੇ ਦੀ ਮਿਆਦ ਅਤੇ ਅਹੁਦੇ ਤੋਂ ਹਟਾਉਣ ਦੀ ਵਿਧੀ (Term of office and method of removal of President)

**ਰਾਸ਼ਟਰਪਤੀ ਪੰਜ ਸਾਲਾਂ ਲਈ ਚੁਣਿਆ ਜਾਂਦਾ ਹੈ,** ਪਰ ਉਹ ਮਿਆਦ ਖਤਮ ਹੋਣ ਤੋਂ ਪਹਿਲਾਂ ਵੀ ਜਦੋਂ ਚਾਹੇ ਆਪਣੇ ਹੱਥ ਨਾਲ ਅਸਤੀਫਾ ਲਿਖ ਕੇ ਉਪ-ਰਾਸ਼ਟਰਪਤੀ ਨੂੰ ਸੰਬੋਧਿਤ ਕਰਕੇ ਆਪਣੇ ਅਹੁਦੇ ਨੂੰ ਛੱਡ ਸਕਦਾ ਹੈ ਜਾਂ ਉਸ ਨੂੰ ਸੰਵਿਧਾਨ ਦੀ ਉਲੰਘਣਾ ਦੇ ਦੋਸ਼ ਵਿਚ ਮਹਾਂ-ਅਭਿਯੋਗ (impeachment) ਦੁਆਰਾ ਇਸ ਪਦ ਤੋਂ ਹਟਾਇਆ ਜਾ ਸਕਦਾ ਹੈ, ਦੋਸ਼ ਸੰਸਦ ਦੇ ਕਿਸੇ ਵੀ ਸਦਨ ਵਲੋਂ ਲਾਇਆ ਜਾ ਸਕਦਾ ਹੈ। ਇਹ ਦੋਸ਼ ਇਕ ਪ੍ਰਸਤਾਵ ਦੇ ਰੂਪ ਵਿਚ ਹੋਣਾ ਚਾਹੀਦਾ ਹੈ। ਜਿਸ ਲਈ 14 ਦਿਨ ਦਾ ਲਿਖਤੀ ਨੋਟਿਸ ਦੇਣਾ ਜ਼ਰੂਰੀ ਹੈ ਅਤੇ ਇਸ ਨੋਟਿਸ ਤੇ ਸਦਨ ਤੇ ਇਕ ਚੌਥਾਈ ਮੈਂਬਰਾਂ ਦੇ ਹਸਤਾਖਰ ਹੋਣੇ ਚਾਹੀਦੇ ਹਨ। ਅਜਿਹੇ ਪ੍ਰਸਤਾਵ ਨੂੰ ਪਾਸ ਕਰਨ ਲਈ ਸਦਨ ਨੂੰ ਕੁਲ ਮੈਂਬਰਾਂ ਦੀ ਘੱਟੋਂ ਘੱਟ ਦੋ ਤਿਹਾਈ ਦੀ ਅਨੁਮਤੀ ਜ਼ਰੂਰੀ ਹੈ। ਫਿਰ ਦੂਜਾ ਸਦਨ ਦੋਸ਼ ਦੀ ਪੜਤਾਲ ਕਰੇਗਾ। ਰਾਸ਼ਟਰਪਤੀ ਨੂੰ ਇਹੋ ਜਿਹੀ ਪੜਤਾਲ ਵੇਲੇ ਸਫ਼ਾਈ ਪੇਸ਼ ਕਰਨ ਦਾ ਪੂਰਾ ਅਧਿਕਾਰ ਪ੍ਰਾਪਤ ਹੋਵੇਗਾ। ਪੜਤਾਲ ਮਗਰੋਂ ਜੇ ਇਸ ਪ੍ਰਸਤਾਵ ਨੂੰ ਸਦਨ ਦੇ ਕੁੱਲ ਮੈਂਬਰਾਂ ਦੀ ਦੋ ਤਿਹਾਈ ਬਹੁ-ਸੰਮਤੀ ਨਾਲ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਆਪਣੇ ਅਹੁੱਦੇ ਤੋਂ ਹਟ ਜਾਵੇਗਾ।

ਸੰਵਿਧਾਨ ਵਿਚ ਲਿਖਿਆ ਹੈ ਕਿ ਰਾਸ਼ਟਰਪਤੀ ਦੇ ਪਦ ਦੇ ਖਾਲੀ ਹੋਣ ਤੇ ਨਵੀਂ ਚੋਣ ਜ਼ਰੂਰੀ ਹੈ। ਇਹ ਪਦ ਭਾਵੇਂ ਮੌਤ ਅਸਤੀਫ਼ਾ ਜਾਂ ਕਿਸੇ ਮਹਾਂ ਦੋਸ਼ ਲਗਣ ਕਾਰਣ ਖਾਲੀ ਹੋਇਆ ਹੋਵੇ। ਨਵਾਂ ਚੁਣਿਆ ਰਾਸ਼ਟਰਪਤੀ ਪੂਰੀ ਮਿਆਦ ਤੱਕ ਕੰਮ ਕਰੇਗਾ ਨਾ ਕਿ ਬਾਕੀ ਬਚੀ ਮਿਆਦ ਤੱਕ। ਪਰ ਜਿੰਨੀ ਦੇਰ ਤੱਕ ਰਾਸ਼ਟਰਪਤੀ ਦੀ ਚੋਣ ਨਹੀਂ ਕੀਤੀ ਜਾਂਦੀ ਉਦੋਂ ਤੱਕ ਉਪ-ਰਾਸ਼ਟਰਪਤੀ ਇਸ ਅਹੁਦੇ ਤੇ ਕੰਮ ਕਰਦਾ ਹੈ। ਉਪ-ਰਾਸ਼ਟਰਪਤੀ ਦੀ ਮੌਜੂਦ ਨਾ ਹੋਵੇ ਤਾਂ ਭਾਰਤ ਦੀ ਸੁਪਰੀਮ ਕੋਰਟ ਦਾ ਚੀਫ਼ ਜਸਟਿਸ ਉਤਨੇ ਸਮੇਂ ਲਈ ਰਾਸ਼ਟਰਪਤੀ ਦਾ ਕੰਮ ਸੰਭਾਲਦਾ ਹੈ। ਪਰ ਸੰਵਿਧਾਨ ਇਸ ਸਾਰੇ ਬਾਰੇ ਚੁਪ ਸੀ ਕਿ ਜੇਕਰ ਰਾਸ਼ਟਰਪਤੀ ਦਾ ਪਦ ਖਾਲੀ ਹੋਣ ਸਮੇਂ ਉਪ-ਰਾਸ਼ਟਰਪਤੀ ਤੇ ਚੀਫ਼ ਜਸਟਿਸ ਦਾ ਪਦ ਵੀ ਖਾਲੀ ਹੋਵੇ ਤਾਂ ਕੌਣ ਇਸ ਅਹੁਦੇ ਨੂੰ ਸੰਭਾਲੇ। 1969 ਵਿਚ ਪਾਰਲੀਮੈਂਟ ਨੇ ਰਾਸ਼ਟਰਪਤੀ ਐਕਟ ਪਾਸ ਕਰਕੇ ਇਹ ਸਪੱਸ਼ਟ ਕਰ ਦਿੱਤਾ ਕਿ ਰਾਸ਼ਟਰਪਤੀ ਦੀ ਗ਼ੈਰ-ਹਾਜ਼ਰੀ ਵਿਚ ਭਾਰਤ ਦਾ ਚੀਫ਼ ਜਸਟਿਸ ਤੇ ਉਸਦੀ ਗੈਰ-ਹਾਜ਼ਰੀ ਵਿਚ ਉਸ ਤੋਂ ਪਿੱਛੋਂ ਸੁਪਰੀਮ ਕੋਰਟ ਦਾ ਸਭ ਤੋਂ ਸੀਨੀਅਰ ਜੱਜ ਉਸ ਅਹੁਦੇ ਨੂੰ ਸੰਭਾਲੇਗਾ। ਗ੍ਰਹਿ ਮੰਤਰੀ ਨੇ ਪਾਰਲੀਮੈਂਟ ਵਿਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਇਹ ਐਕਟ ਕੇਵਲ ਰਾਸ਼ਟਰਪਤੀ ਦੀ ਖਾਲੀ ਥਾਂ ਪੂਰਾ ਕਰਨ ਲਈ ਬਣਾਇਆ ਗਿਆ ਹੈ।

## 3.4 ਰਾਸ਼ਟਰਪਤੀ ਦੇ ਪਦ ਲਈ ਯੋਗਤਾਵਾਂ ਅਤੇ ਉਸ ਦੀ ਤਨਖਾਹ ਤੇ ਭੱਤੇ (Qualifications Salary and Emoluments)

ਰਾਸ਼ਟਰਪਤੀ ਦੇ ਅਹੁਦੇ ਲਈ ਚੁਣੇ ਜਾਣ ਵਾਲੇ ਉਮੀਦਵਾਰ ਲਈ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਉਸਦੀ ਉਮਰ ਘੱਟੋ-ਘੱਟ ਪੈਂਤੀ (35) ਸਾਲ ਹੋਣੀ ਚਾਹੀਦੀ ਹੈ। ਉਹ ਲੋਕ ਸਭਾ ਦਾ ਮੈਂਬਰ ਚੁਣੇ ਜਾਣ ਦੇ ਯੋਗ ਹੋਣਾ ਚਾਹੀਦਾ ਹੈ। ਉਸ ਨੂੰ ਕੇਂਦਰੀ ਸਰਕਾਰ ਅਤੇ ਸਥਾਨਿਕ ਸਰਕਾਰ ਦੇ ਅਧੀਨ ਕਿਸੇ ਲਾਭ ਵਾਲੀ ਪਦਵੀ ਤੇ ਲਗਿਆ ਨਹੀਂ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਨੂੰ ਭਾਰਤੀ ਸੰਵਿਧਾਨ ਦੇ ਦੂਜੇ Schedule ਅਨੁਸਾਰ ਹੁਣ

ਤਨਖਾਹ (20,000) ਵੀਹ ਹਜ਼ਾਰ ਮਾਸਿਕ, ਤੋਂ ਵਧਾ ਕੇ 50,000 ਰੁਪਏ ਕਰ ਦਿੱਤੇ ਹਨ, ਅਤੇ ਇਸ ਤੋਂ ਇਲਾਵਾ ਇੱਕ ਲੱਖ ਵੀਹ ਹਜ਼ਾਰ (1,20,000) ਤੋਂ ਵਧਾ ਕੇ 3 ਲੱਖ ਰੁਪਏ ਸਾਲਾਨਾ ਪੈਨਸ਼ਨ ਵੀ ਮਿਲੇਗੀ। ਰਾਜ ਗਵਰਨਰ ਨੂੰ 36,000 ਰੁਪਏ ਮਾਸਿਕ ਮਿਲਣਗੇ ਅਤੇ ਇਸ ਤੋਂ ਇਲਾਵਾ, ਹੋਰ ਭੱਤੇ ਵੀ ਮਿਲਦੇ ਹਨ। ਰਾਸ਼ਟਰਪਤੀ ਨੂੰ ਰਹਿਣ ਲਈ ਬਿਨਾਂ ਕਿਰਾਏ ਤੋਂ ਤਿੰਨ ਸਰਕਾਰੀ ਨਿਵਾਸ-ਅਸਥਾਨ ਮਿਲਦੇ ਹਨ। ਉਨ੍ਹਾਂ ਦੀ ਤਨਖਾਹ ਅਤੇ ਭੱਤੇ ਉਨ੍ਹਾਂ ਦੇ ਪਦ ਦੀ ਮਿਆਦ ਦੌਰਾਨ ਘਟਾਏ ਨਹੀਂ ਜਾ ਸਕਦੇ। ਰਾਸ਼ਟਰਪਤੀ ਦੇ ਵਿਰੁੱਧ ਕਿਸੇ ਅਦਾਲਤ ਵਿਚ ਦੀਵਾਨੀ ਜਾਂ ਫੌਜਦਾਰੀ ਮੁਕੱਦਮੇ ਨਹੀਂ ਚਲਾਏ ਜਾ ਸਕਦੇ। ਰਾਸ਼ਟਰਪਤੀ ਆਪਣਾ ਪਦ ਗ੍ਰਹਿਣ ਤੋਂ ਪਹਿਲਾਂ ਭਾਰਤ ਦੇ ਚੀਫ ਜਸਟਿਸ ਸਾਹਮਣੇ ਇਕ ਪ੍ਰਤਿਗਿਆ ਧਾਰਨ ਕਰਦਾ ਹੈ ਕਿ ਉਹ ਆਪਣੀ ਪੂਰੀ ਯੋਗਤਾ ਨਾਲ ਵਿਧਾਨ ਸਭਾ ਦੇ ਕਾਨੂੰਨ ਦੀ ਰਖਿਆ ਕਰੇਗਾ ਅਤੇ ਭਾਰਤ ਦੀ ਜਨਤਾ ਦੀ ਸੇਵਾ ਅਤੇ ਕਲਿਆਣ ਵਿਚ ਆਪਣੇ ਆਪ ਨੂੰ ਅਰਪਣ ਕਰੇਗਾ।

## 3.5 ਰਾਸ਼ਟਰਪਤੀ ਦੀਆਂ ਸ਼ਕਤੀਆਂ
## (Powers of President)

### 3.5.1 ਕਾਰਜਕਾਰੀ ਸ਼ਕਤੀਆਂ (Executive Powers)

ਭਾਰਤੀ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਨੂੰ ਬਹੁਤ ਸਾਰੀਆਂ ਸ਼ਕਤੀਆਂ ਸੌਂਪੀਆਂ ਗਈਆਂ ਹਨ। ਸੰਵਿਧਾਨ ਦੇ ਅਨੁਛੇਦ 53 ਦੇ ਅਨੁਸਾਰ ਸੰਘ ਦੀਆਂ ਕਾਰਜਕਾਰੀ ਸ਼ਕਤੀਆਂ ਰਾਸ਼ਟਰਪਤੀ ਕੋਲ ਹਨ। ਉਹ ਜਾਂ ਤਾਂ ਖੁਦ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਦਾ ਹੈ ਜਾਂ ਕੰਮ ਕਰਨ ਵਾਲੇ ਅਫ਼ਸਰਾਂ ਦੇ ਰਾਹੀਂ ਇਨ੍ਹਾਂ ਦੀ ਵਰਤੋਂ ਕਰਦਾ ਹੈ। ਉਹ ਰਖਿਆ ਸੈਨਾਵਾਂ ਦਾ ਸੁਪਰੀਮ ਕਮਾਂਡਰ ਅਤੇ ਇਸ ਸ਼ਕਤੀ ਦੀ ਵਰਤੋਂ ਸੰਸਦ ਦੇ ਬਣਾਏ ਕਾਨੂੰਨਾਂ ਅਨੁਸਾਰ ਕਰਦਾ ਹੈ। ਉਹ ਗਵਰਨਰਾਂ, ਚੀਫ਼ ਕਮਿਸ਼ਨਰਾਂ, ਰਾਜਦੂਤਾਂ, ਸੁਪਰੀਮ ਕੋਰਟ ਦੇ ਜੱਜਾਂ, ਭਾਰਤ ਦੇ ਅਟਾਰਨੀ ਜਨਰਲ, ਕੰਪਟੋਰਲਰ ਅਤੇ ਆਡੀਟਰ ਜਨਰਲ, ਸੰਘੀ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਅਤੇ ਚੇਅਰਮੈਨ ਦੀ ਨਿਯੁਕਤੀ ਕਰਦਾ ਹੈ ਉਹ ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਦਾ ਹੈ, ਅਤੇ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਦੂਸਰੇ ਮੰਤਰੀਆਂ ਨੂੰ ਵੀ ਨਿਯੁਕਤ ਕਰਦਾ ਹੈ, ਜੋ ਆਪਣੇ ਪਦ ਤੇ ਰਾਸ਼ਟਰਪਤੀ ਦੀ ਖੁਸ਼ੀ ਦੌਰਾਨ ਹੀ ਰਹਿੰਦੇ ਹਨ। ਰਾਸ਼ਟਰਪਤੀ ਰਾਜ ਦੇ ਕਾਰ-ਵਿਹਾਰ ਨੂੰ ਠੀਕ ਤਰ੍ਹਾਂ ਚਲਾਉਣ ਲਈ ਨਿਯਮ ਬਣਾਉਂਦਾ ਹੈ। ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰਦਾ ਹੈ। ਉਸ ਦੇ ਨਾਂ ਤੇ ਪਾਸ ਕੀਤੇ ਆਦੇਸ਼ ਅਤੇ ਉਸ ਦੇ ਨਾਂ ਤੇ ਕੀਤੇ ਜਾਣ ਵਾਲਾ ਕੰਮ ਉਸ ਦੇ ਅਸੂਲਾਂ ਦੁਆਰਾ ਹੁੰਦਾ ਹੈ। ਉਹ ਕਿਸੇ ਵੀ ਅਪਰਾਧੀ ਦੀ ਸਜ਼ਾ ਮੁਆਫ਼ ਜਾਂ ਘੱਟ ਕਰ ਸਕਦਾ ਹੈ ਜਾਂ ਉਸ ਨੂੰ ਕੁਝ ਸਮੇਂ ਲਈ ਰੁਕਵਾ ਸਕਦਾ ਹੈ।

### 3.5.2 ਵਿਧਾਨਿਕ ਅਤੇ ਵਿੱਤੀ ਸ਼ਕਤੀਆਂ (Legislative and Financial Powers)

ਰਾਸ਼ਟਰਪਤੀ ਨੂੰ ਬਹੁਤ ਸਾਰੀਆਂ ਵਿਧਾਨਿਕ ਸ਼ਕਤੀਆਂ ਪ੍ਰਾਪਤ ਹਨ। ਉਹ ਸੰਸਦ ਦੀ ਇਕੱਤਰਤਾ ਬੁਲਾ ਸਕਦਾ ਹੈ ਅਤੇ ਇਸ ਨੂੰ ਮੁਲਤਵੀ ਜਾਂ ਵਿਸਰਜਿਤ ਕਰ ਸਕਦਾ ਹੈ। ਉਹ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ। ਉਹ ਸੰਸਦ ਦੇ ਸਦਨ ਨੂੰ ਅਲੱਗ-ਅਲੱਗ ਜਾਂ ਇਕੱਠਾ ਸੈਸ਼ਨ ਦੇ ਸ਼ੁਰੂ ਵਿਚ ਜਾਂ ਹੋਰ ਕਿਸੇ ਸਮੇਂ ਸੰਬੋਧਨ ਕਰ ਸਕਦਾ ਹੈ। ਉਹ ਦੋਹਾਂ ਸਦਨਾਂ ਨੂੰ ਜਾਂ ਦੋਹਾਂ ਵਿਚੋਂ ਕਿਸੇ ਇਕ ਨੂੰ ਸੰਦੇਸ਼ ਭੇਜ ਸਕਦਾ ਹੈ ਅਤੇ ਐਸੇ ਸੰਦੇਸ਼ ਤੇ ਵਿਚਾਰ ਜ਼ਰੂਰ ਕੀਤੀ ਜਾਂਦੀ ਹੈ। ਦੋਹਾਂ ਸਦਨਾਂ ਤੋਂ ਪਾਸ ਕੀਤੇ ਬਿਲ ਨੂੰ ਕਾਨੂੰਨ ਦੀ ਸ਼ਕਲ ਦੇਣ ਲਈ ਉਸ ਦੇ ਹਸਤਾਖਰ ਜ਼ਰੂਰੀ ਹੈ। ਉਹ ਧਨ-ਬਿਲ ਤੋਂ ਇਲਾਵਾ, ਕਿਸੇ ਵੀ ਬਿਲ ਨੂੰ ਦੁਬਾਰਾ ਵਿਚਾਰਨ ਲਈ ਵਾਪਸ ਭੇਜ ਸਕਦਾ ਹੈ। ਪਰ ਜੇਕਰ ਸੰਸਦ ਦੇ ਦੋਨੋਂ ਸਦਨ ਉਸ ਨੂੰ ਦੁਬਾਰਾ ਸੰਸੋਧਨ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਨੂੰ ਉਸਦੀ ਮਨਜ਼ੂਰੀ ਦੇਣੀ ਪੈਂਦੀ ਹੈ। ਰਾਸ਼ਟਰਪਤੀ ਲੋਕ ਸਭਾ ਦੇ ਪਾਸ ਕੀਤੇ ਹੋਏ ਧਨ ਬਿਲ ਨੂੰ ਰੱਦ ਨਹੀਂ ਕਰ ਸਕਦਾ। ਅਸਲ ਵਿਚ ਧਨ ਬਿਲ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਜਦੋਂ ਸੰਸਦ ਸੈਸ਼ਨ ਵਿਚ ਨਾ ਹੋਵੇ ਅਤੇ ਇਸ ਸਮੇਂ ਵਿਚ ਕਾਨੂੰਨ ਦੀ ਜ਼ਰੂਰਤ ਹੋਵੇ ਤਾਂ ਰਾਸ਼ਟਰਪਤੀ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਜਦੋਂ ਸੰਸਦ ਸੈਸ਼ਨ ਵਿਚ ਨਾ ਹੋਵੇ ਅਤੇ ਇਸ ਸਮੇਂ ਵਿਚ ਕਾਨੂੰਨ ਦੀ ਜ਼ਰੂਰਤ ਹੋਵੇ ਤਾਂ ਰਾਸ਼ਟਰਪਤੀ ਅਧਿਆਦੇਸ਼ (Ordinance) ਜਾਰੀ ਕਰ ਸਕਦਾ ਹੈ। ਰਾਸ਼ਟਰਪਤੀ ਵਲੋਂ ਜਾਰੀ ਕੀਤੇ ਹੋਏ ਅਧਿਆਦੇਸ਼ ਕਾਨੂੰਨ ਵਾਂਗੂ ਹੀ ਲਾਗੂ ਹੁੰਦੇ ਹਨ ਪਰ ਇਨ੍ਹਾਂ ਨੂੰ ਸੰਸਦ ਦਾ ਅਧਿਵੇਸ਼ਨ ਸ਼ੁਰੂ ਹੋਣ ਤੋਂ ਛੇ ਹਫ਼ਤਿਆਂ ਦੇ ਅੰਦਰ-ਅੰਦਰ ਸੰਸਦ ਤੋਂ ਪਾਸ ਕਰਾਉਣਾ ਜ਼ਰੂਰੀ ਹੈ ਨਹੀਂ ਤਾਂ ਇਹ ਆਪਣੇ ਆਪ ਖਤਮ ਹੋ ਜਾਂਦੇ ਹਨ। ਸੰਸਦ ਨੂੰ ਇਕ ਮਤੇ ਰਾਹੀਂ ਪਹਿਲਾਂ ਵੀ ਨਾ ਮਨਜ਼ੂਰ ਕਰਕੇ ਸਮਾਪਤ ਕਰ ਸਕਦੀ ਹੈ।

### 3.5.3 ਸੰਕਟਕਾਲੀਨ ਸ਼ਕਤੀਆਂ (Emergency Powers)

#### 3.5.3.1 ਬਾਹਰੋਂ ਹਮਲਾ ਜਾਂ ਅੰਦਰੂਨੀ ਹਥਿਆਰ ਵਿਦਰੋਹ ਕਾਰਨ ਉਤਪੰਨ ਸੰਕਟ (Emergency caused by war or internal armed rebellion)

ਜਦੋਂ ਭਾਰਤ ਜਾਂ ਇਸ ਦੇ ਕਿਸੇ ਵੀ ਹਿੱਸੇ ਨੂੰ ਲੜਾਈ ਦਾ ਖਤਰਾ ਹੋਵੇ ਜਾਂ ਬਾਹਰੋਂ ਹਮਲੇ ਜਾਂ ਵਿਦਰੋਹ ਦੇ ਕਾਰਨ ਸੰਕਟ ਉਤਪੰਨ ਹੋ ਜਾਵੇ ਤਾਂ ਰਾਸ਼ਟਰਪਤੀ ਦੇਸ਼ ਵਿਚ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ। (ਅਨੁਛੇਦ 352) ਜੇਕਰ ਰਾਸ਼ਟਰਪਤੀ ਨੂੰ ਇਹ ਯਕੀਨ ਹੋਵੇ ਕਿ ਭਾਰਤ ਦੀ ਸੁਰਖਿਆ ਨੂੰ ਬਾਹਰੋਂ ਖਤਰਾ ਹੈ ਤਾਂ ਰਾਸ਼ਟਰਪਤੀ ਵਲੋਂ ਕੀਤੀ ਗਈ ਸੰਕਟ ਕਾਲ ਦੀ ਘੋਸ਼ਣਾ ਦਾ ਫੈਸਲਾ ਦੇਸ਼ ਦੀ ਕਿਸੇ ਕਾਨੂੰਨੀ ਅਦਾਲਤ ਵਿਚ ਵੰਗਾਰਿਆ ਨਹੀਂ ਜਾ ਸਕਦਾ। ਸੰਕਟਕਾਲ ਦੀ ਸਥਿਤੀ ਦੇ ਖਤਮ ਹੋਣ ਬਾਰੇ ਰਾਸ਼ਟਰਪਤੀ ਦਾ ਫੈਸਲਾ ਹੀ ਅੰਤਮ ਹੁੰਦਾ ਹੈ। ਰਾਸ਼ਟਰਪਤੀ ਨੂੰ ਇਹ ਘੋਸ਼ਣਾ ਸੰਸਦ ਦੇ ਦੋਨਾਂ ਸੰਦਨਾਂ ਦੇ ਸਾਹਮਣੇ ਰਖਣੀ ਪੈਂਦੀ ਹੈ ਅਤੇ ਜੇਕਰ ਇਕ ਮਹੀਨੇ ਦੇ ਅੰਦਰ-ਅੰਦਰ ਸੰਸਦ ਦੇ ਦੋਨੋਂ ਸਦਨ ਘੋਸ਼ਣਾ ਨੂੰ ਪ੍ਰਸਤਾਵ ਦੁਆਰਾ ਪਾਸ ਕਰ ਦੇਣ ਤਾਂ ਇਹ ਆਪਣੇ ਆਪ ਖਤਮ ਹੋ ਜਾਂਦੀ ਹੈ ਜੇਕਰ ਘੋਸ਼ਣਾ ਹੋਣ ਸਮੇਂ ਜਾਂ ਉਸਤੋਂ ਬਾਅਦ ਲੋਕ ਸਭਾ ਨੂੰ ਭੰਗ ਕਰ ਦਿੱਤਾ ਜਾਵੇ ਅਤੇ ਘੋਸ਼ਣਾ ਬਾਰੇ ਮਨਜ਼ੂਰੀ ਨਾ ਲਈ ਗਈ ਹੋਵੇ, ਤਾਂ ਰਾਜ ਸਭਾ ਤੋਂ ਇਸਦੀ ਮਨਜ਼ੂਰੀ ਲਈ ਜਾਂਦੀ ਹੈ ਅਤੇ ਆਮ ਚੋਣਾਂ ਤੋਂ ਬਾਅਦ ਨਵੀਂ ਲੋਕ ਸਭਾ ਦੀ ਇਕੱਤ੍ਰਤਾ ਦੇ 30 ਦਿਨਾਂ ਦੇ ਅੰਦਰ ਅੰਦਰ ਇਸ ਸਦਨ ਤੋਂ ਘੋਸ਼ਣਾ ਸੰਬੰਧੀ ਮਨਜ਼ੂਰੀ ਲੈਣੀ ਜ਼ਰੂਰੀ ਹੈ ਨਹੀਂ ਤਾਂ ਘੋਸ਼ਣਾ ਸਮਾਪਤ ਸਮਝੀ ਜਾਵੇਗੀ। ਸੰਵਿਧਾਨ ਦੀ 44 ਵੀ ਸੋਧ ਰਾਹੀਂ ਇਹ ਵਿਵਸਥਾ ਕੀਤੀ ਗਈ ਹੈ ਕਿ ਇਸ ਦੀ ਪ੍ਰਵਾਨਗੀ ਲਈ ਸੰਸਦ ਦੇ ਕੁਲ ਮੈਂਬਰਾਂ ਦਾ ਬਹੁਮਤ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦਾ 2/3 ਬਹੁਮਤ ਪ੍ਰਾਪਤ ਹੋਣਾ ਚਾਹੀਦਾ ਹੈ। ਸੰਕਟਕਾਲ ਸ਼ਕਤੀਆਂ ਦੀ ਗਲਤ ਵਰਤੋਂ ਨੂੰ ਰੋਕਣ ਲਈ ਸੰਵਿਧਾਨ ਵਿਚ ਇਹ ਸੰਸੋਧਨ ਕੀਤਾ ਗਿਆ ਹੈ ਕਿ ਸੰਕਟ ਦੀ ਘੋਸ਼ਣਾ ਕਰਨ ਦੀ ਸਲਾਹ ਪ੍ਰਧਾਨ ਮੰਤਰੀ, ਰਾਸ਼ਟਰਪਤੀ ਨੂੰ ਮੰਤਰੀ ਮੰਡਲ ਦੇ ਫੈਸਲੇ ਉਪਰੰਤ ਲਿਖਤੀ ਰੂਪ ਵਿਚ ਦੇਵੇਗਾ।

ਸੰਕਟਕਾਲ ਘੋਸ਼ਣਾ ਦੇ ਸਿੱਟੇ ਬਹੁਤ ਗੰਭੀਰ ਨਿਕਲਦੇ ਹਨ ਕਿਉਂਕਿ ਦੇਸ਼ ਦਾ ਸਾਰਾ ਸੰਘੀ ਢਾਂਚਾ ਮੁਅੱਤਲ ਹੋ ਜਾਂਦਾ ਹੈ। ਕੇਂਦਰੀ ਸਰਕਾਰ ਰਾਜ ਸਰਕਾਰਾਂ ਨੂੰ ਆਦੇਸ਼ ਜਾਰੀ ਕਰ ਸਕਦੀ ਹੈ। ਸੰਕਟਕਾਲੀਨ ਸਮੇਂ ਵਿਚ ਰਾਸ਼ਟਰਪਤੀ ਸੰਘ ਅਤੇ ਰਾਜਾਂ ਵਿਚ ਸਰਕਾਰੀ ਆਮਦਨ ਦੀ ਵੰਡ ਸੰਬੰਧੀ ਸਾਰੇ ਉਪਬੰਧ ਮੁਅੱਤਲ ਕਰ ਸਕਦਾ ਹੈ। ਕੇਂਦਰੀ ਅਤੇ ਰਾਜ ਵਿਚਕਾਰ ਆਮਦਨੀ ਦੀ ਵੰਡ ਨੂੰ ਮੁਅੱਤਲ ਕਰਨ ਦੇ ਆਦੇਸ਼ ਨੂੰ ਸੰਸਦ ਦੇ ਸਾਹਮਣੇ ਪੇਸ਼ ਕਰਨਾ ਪੈਂਦਾ ਹੈ ਅਤੇ ਇਹੋ ਜਿਹੇ ਆਦੇਸ਼ ਸੰਕਟਕਾਲ ਸਥਾਪਤ ਹੋਣ ਵਾਲੇ ਮਾਲੀ ਸਾਲ ਦੇ ਅੰਤ ਵਿਚ ਖਤਮ ਹੋ ਜਾਵੇਗਾ। ਇਸ ਸਮੇਂ ਦੌਰਾਨ ਸੰਸਦ ਨੂੰ ਰਾਜ ਸੂਚੀ ਵਿਚ ਦਰਜ ਕਿਸੇ ਵੀ ਵਿਸ਼ੇ ਤੇ ਟੈਕਸ ਲਾਉਣ ਦ ਅਧਿਕਾਰ ਮਿਲ ਜਾਂਦਾ ਹੈ। ਸੰਕਟਕਾਲ ਦੇ ਦੌਰਾਨ ਰਾਸ਼ਟਰਪਤੀ, ਲੋਕ ਸਭਾ ਦੀ ਮਿਆਦ ਇਕ ਸਾਲ ਲਈ ਵਧਾ ਸਕਦਾ ਹੈ।

ਸੰਕਟਕਾਲ ਦੀ ਘੋਸ਼ਣਾ ਦੇ ਨਾਲ ਨਾਗਰਿਕਾਂ ਨੂੰ ਅਨੁਛੇਦ 19 ਅਧੀਨ ਮਿਲੀਆਂ ਭਾਸ਼ਣ ਦੇਣ, ਵਿਚਾਰ ਪ੍ਰਗਟ ਕਰਨ ਅਤੇ ਜਲਸੇ ਆਦਿ ਕਰਨ ਦੀਆਂ ਸੁੰਤਤਰਤਾਵਾਂ ਮੁਅੱਤਲ ਕਰ ਦਿੱਤੀਆਂ ਜਾਂਦੀਆਂ ਹਨ। ਰਾਸ਼ਟਰਪਤੀ ਦੇ ਆਦੇਸ਼ ਅਨੁਸਾਰ ਦੂਸਰੇ ਮੌਲਿਕ ਅਧਿਕਾਰ, ਜਿੰਨ੍ਹਾਂ ਵਿੱਚ ਅਦਾਲਤ ਕੋਲ ਅਪੀਲ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ, ਨੂੰ ਮੁਅੱਤਲ ਕੀਤਾ ਜਾ ਸਕਦਾ ਹੈ। 44ਵੀਂ ਸੰਵਿਧਾਨਕ ਸਸ਼ੋਧਨ ਦੁਆਰਾ ਇਕ ਨਵੀਂ ਵਿਵਸਥਾ ਕੀਤੀ ਗਈ, ਜਿਸ ਵਿਚ ਅਨੁਛੇਦ 19 ਵਿਚ ਦਿੱਤੇ ਅਧਿਕਾਰਾਂ ਨੂੰ ਕੇਵਲ ਯੁੱਧ ਜਾਂ ਬਾਹਰੀ ਹਮਲੇ ਸਮੇਂ ਹੀ ਮੁਅੱਤਲ ਕੀਤਾ ਜਾ ਸਕਦਾ ਹੈ। ਇਹੋ ਜਿਹੀਆਂ ਜ਼ਬਰਦਸਤ ਧਾਰਾਵਾਂ ਸੰਸਾਰ ਦੇ ਦੂਜੇ ਸੰਵਿਧਾਨਾਂ, ਜਿਹਾ ਕਿ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿਚ ਨਹੀਂ ਮਿਲਦੀਆਂ। ਉਨ੍ਹਾਂ ਦੇਸ਼ਾਂ ਵਿਚ ਅਦਾਲਤ ਕੋਲ ਅਧਿਕਾਰ ਹੁੰਦਾ ਹੈ ਕਿ ਉਹ ਕੇਂਦਰੀ ਸਰਕਾਰ ਦੇ ਸੰਕਟਕਾਲੀਨ ਸਮੇਂ ਦੇ ਕੰਮਾਂ ਉੱਤੇ ਅੰਤਮ ਫੈਸਲਾ ਦੇ ਸਕਣ। ਭਾਰਤ ਵਿਚ ਸੰਕਟਕਾਲ ਦੇ ਦੌਰਾਨ ਕੇਂਦਰੀ ਸਰਕਾਰ ਦੀਆਂ ਤਾਕਤਾਂ ਦੀ ਵਰਤੋਂ ਦੀ ਅਦਾਲਤੀ ਪੜਤਾਲ ਨਹੀਂ ਕੀਤੀ ਜਾ ਸਕਦੀ। ਇਸ ਤੋਂ ਇਲਾਵਾ ਦੂਜੇ ਸੰਘੀ ਰਾਜਾਂ ਵਿਚ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਇਤਨੀਆਂ ਜ਼ਿਆਦਾ ਨਹੀਂ ਹੁੰਦੀਆਂ, ਜਿੰਨੀਆਂ ਭਾਰਤ ਦੀ ਕੇਂਦਰੀ ਸਰਕਾਰ ਕੋਲ ਹਨ। ਭਾਰਤ ਉਤੇ ਚੀਨੀ ਅਤੇ ਪਾਕਿਸਤਾਨੀ ਹਮਲੇ ਸਮੇਂ ਦੇਸ਼ ਵਿਚ ਅਜਿਹੇ ਸੰਕਟਕਾਲ ਦੀ ਘੋਸ਼ਣਾ ਕੀਤੀ ਗਈ। ਜੂਨ 1975 ਵਿਚ ਇਸ ਧਾਰਾ ਅਧੀਨ ਅੰਦਰੂਨੀ ਸੰਕਟਕਾਲ ਦੀ ਘੋਸ਼ਣਾ ਕੀਤੀ ਗਈ, ਜਿਸ ਨੂੰ ਮਾਰਚ 1977 ਵਿਚ ਖਤਮ ਕੀਤਾ ਗਿਆ।

### 3.5.3.2 ਰਾਜਾਂ ਵਿਚ ਵਿਧਾਨਿਕ ਪ੍ਰਬੰਧ ਅਸਫ਼ਲ ਹੋਣ ਕਾਰਣ ਉਤਪੰਨ ਸੰਕਟ (Emergency caused by Failure of Constitutional Machinery of States)

ਦੂਜੇ ਪ੍ਰਕਾਰ ਦਾ ਸੰਕਟ ਉਦੋਂ ਉਤਪੰਨ ਹੁੰਦਾ ਹੈ, ਜਦੋਂ ਕਿਸੇ ਰਾਜ ਵਿਚ ਵਿਧਾਨਿਕ ਪ੍ਰਬੰਧ ਅਸਫਲ ਹੋ ਜਾਵੇ। ਅਨੁਛੇਦ 356 ਅਨੁਸਾਰ ਜੇਕਰ ਰਾਸ਼ਟਰਪਤੀ ਨੂੰ ਰਾਜਪਾਲ ਜਾਂ ਕਿਸੇ ਹੋਰ ਜ਼ਰੀਏ ਤੋਂ ਮਿਲੀ ਰਿਪੋਰਟ ਤੇ ਇਹ ਵਿਸ਼ਵਾਸ ਹੋ ਜਾਵੇ ਕਿ ਰਾਜ ਵਿਚ ਸਰਕਾਰ ਸੰਵਿਧਾਨ ਅਨੁਸਾਰ ਨਹੀਂ ਚਲਾਈ ਜਾ ਸਕਦੀ ਤਾਂ ਰਾਸ਼ਟਰਪਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ ਅਤੇ ਰਾਜ ਸਰਕਾਰ ਦੇ ਸਾਰੇ ਜਾਂ ਕੁਝ ਕਾਰਜਾਂ ਅਤੇ ਰਾਜਪਾਲ ਦੀਆਂ ਕੁਝ ਜਾਂ ਸਾਰੀਆਂ ਸ਼ਕਤੀਆਂ ਨੂੰ ਆਪਣੇ ਹੱਥ ਵਿਚ ਲੈ ਸਕਦਾ ਹੈ। ਰਾਸ਼ਟਰਪਤੀ ਅਜਿਹੀ ਹਾਲਤ ਵਿਚ ਰਾਜ ਵਿਧਾਨ ਪਾਲਿਕਾ ਦੀਆਂ ਸਾਰੀਆਂ ਸ਼ਕਤੀਆਂ ਦੇ ਅਧੀਨ ਕਰ ਸਕਦਾ ਹੈ। ਸੰਕਟਕਾਲੀਨ ਘੋਸ਼ਣਾ ਲਾਗੂ ਰੱਖਣ ਲਈ ਉਹ ਕੋਈ ਨਿਯਮ ਬਣਾ ਸਕਦਾ ਹੈ ਪਰ ਰਾਸ਼ਟਰਪਤੀ ਰਾਜ ਦੀ ਹਾਈਕੋਰਟ ਦੀਆਂ ਸ਼ਕਤੀਆਂ ਆਪ ਗ੍ਰਹਿਣ ਨਹੀਂ ਕਰ ਸਕਦਾ ਹੈ ਅਤੇ ਨਾ ਹੀ ਇਸ ਪ੍ਰਬੰਧ ਵਿਚ ਸੰਵਿਧਾਨਕ ਧਾਰਾਵਾਂ ਨੂੰ ਬਦਲ ਸਕਦਾ ਹੈ। ਇਹ ਘੋਸ਼ਣਾ ਇਕ ਮਹੀਨੇ ਤੋਂ ਜ਼ਿਆਦਾ ਅਰਸੇ ਤੱਕ ਲਾਗੂ ਨਹੀਂ ਰਹਿ ਸਕਦੀ, ਜੇਕਰ ਇਸ ਸਮੇਂ ਦੇ ਅੰਦਰ ਸੰਸਦ ਦੇ ਦੋਨੋਂ ਸਦਨਾਂ ਦੀ ਪ੍ਰਵਾਨਗੀ ਨਾ ਮਿਲ ਜਾਵੇ। ਪਹਿਲਾਂ ਇਹ ਘੋਸ਼ਣਾ ਸੰਸਦ ਦੀ ਪ੍ਰਵਾਨਗੀ ਪਿਛੋਂ ਛੇ ਮਹੀਨੇ ਤੱਕ ਲਾਗੂ ਰਹਿ ਸਕਦੀ ਹੈ। 42ਵੀਂ ਸੋਧ ਅਨੁਸਾਰ ਹੁਣ ਇਹ ਮਿਆਦ ਇਕ ਸਾਲ ਤੱਕ ਕਰ ਦਿੱਤੀ ਗਈ ਸੀ ਜੋ 44ਵੀਂ ਸੰਸੋਧਨ ਦੁਆਰਾ ਘਟਾ ਕੇ ਫਿਰ ਛੇ ਮਹੀਨੇ ਕਰ ਦਿੱਤੀ ਗਈ। ਭਾਵੇਂ ਹੁਣ ਵੀ ਅਜਿਹਾ ਸੰਕਟ ਛੇ ਛੇ ਮਹੀਨੇ ਕਰਕੇ ਤਿੰਨ ਸਾਲ ਤੱਕ ਲਾਗੂ ਰਹਿੰਦਾ ਹੈ ਪਰ ਇਕ ਸਾਲ ਤੋਂ ਵੱਧ ਦੇ ਸਮੇਂ ਲਈ ਜਾਰੀ ਰੱਖਣ ਲਈ ਕੁਝ ਖਾਸ ਸ਼ਰਤਾਂ ਰੱਖੀਆਂ ਗਈਆਂ ਹਨ। ਭਾਰਤ ਦੇ ਕਈ ਰਾਜਾਂ ਵਿਚ ਸੰਵਿਧਾਨਕ ਪ੍ਰਬੰਧ ਦੇ ਅਸਫ਼ਲ ਹੋਣ ਕਾਰਨ ਸੰਕਟਕਾਲ ਦੀ ਘੋਸ਼ਣਾ ਕੀਤੀ ਜਾ ਚੁੱਕੀ ਹੈ। ਕੇਰਲਾ ਵਿਚ ਕਈ ਵਾਰ ਰਾਸ਼ਟਰਪਤੀ ਰਾਜ ਦੀ ਸਥਾਪਨਾ ਹੁੰਦੀ ਹੈ। 1967 ਦੀਆਂ ਆਮ ਚੋਣਾਂ ਤੋਂ ਬਾਅਦ ਭਾਰਤ ਦੇ ਕਈ ਰਾਜਾਂ ਵਿਚ ਇਕੋ ਪਾਰਟੀ ਦੀ ਬਹੁ-ਸੰਮਤੀ ਨਾ ਹੋਣ ਕਾਰਨ ਰਾਜਨੀਤਿਕ ਅਸਥਿਤਰਾ ਵੇਖਣ ਵਿਚ ਆਈ ਜਿਹਾ ਕਿ ਪੰਜਾਬ, ਹਰਿਆਣਾ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਬਿਹਾਰ ਅਤੇ ਰਾਜਸਥਾਨ ਆਦਿ ਵਿਚ। ਇਸ ਕਾਰਣ ਇਨ੍ਹਾਂ ਰਾਜਾਂ ਵਿਚ ਰਾਸ਼ਟਰਪਤੀ ਰਾਜ ਦੀ ਘੋਸ਼ਣਾ ਕੀਤੀ ਗਈ। ਇਸੇ ਤਰ੍ਹਾਂ 1977 ਅਤੇ 1980 ਦੀਆਂ ਆਮ ਚੋਣਾਂ ਤੋਂ ਬਾਅਦ ਬਹੁਤ ਸਾਰੇ ਰਾਜਾਂ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਗਿਆ ਸੀ। ਆਮ ਤੌਰ ਤੇ ਇਹ ਸੰਕਟਕਾਲੀਨ ਘੋਸ਼ਣਾ ਨੂੰ ਰਾਜਨੀਤਿਕ ਉਦੇਸ਼ਾਂ ਲਈ ਵਰਤੀ ਜਾਂਦੀ ਹੈ। ਇਹ ਘੋਸ਼ਣਾ ਹੁਣ ਤੱਕ ਸਮੁੱਚੇ ਭਾਰਤ ਦੇ ਰਾਜਾਂ ਵਿਚ 80 ਵਾਰ ਤੋਂ ਵੱਧ ਵਰਤੀ ਜਾ ਚੁੱਕੀ ਹੈ। ਜਿਨ੍ਹਾਂ ਵਿਚ ਜ਼ਿਆਦਾਤਰ ਇਹ ਰਾਜਨੀਤਿਕ ਵਿਦੇਸ਼ਾਂ ਨੂੰ ਮੁੱਖ ਰਖ ਕੇ ਵਰਤੀ ਗਈ ਹੈ। ਇਸ ਕਰਕੇ ਸੰਵਿਧਾਨ ਦਾ 356 ਆਰਟੀਕਲ ਚਰਚਾ ਦਾ ਵਿਸ਼ਾ ਬਣ ਗਿਆ ਹੈ।

### 3.5.3.3 ਆਰਥਿਕ ਸੰਕਟ (Financial Emergency)

ਤੀਜੇ ਪ੍ਰਕਾਰ ਦਾ ਸੰਕਟ ਆਰਥਿਕ ਸਕੰਟ ਕਾਰਣ ਉਤਪੰਨ ਹੁੰਦਾ ਹੈ। ਸੰਵਿਧਾਨ ਦੇ ਅਨੁਛੇਦ 360 ਅਨੁਸਾਰ ਜੇਕਰ ਰਾਸ਼ਟਰਪਤੀ ਨੂੰ ਯਕੀਨ ਹੋ ਜਾਏ ਕਿ ਇਹੋ ਜਿਹੀ ਦਸ਼ਾ ਪੈਦਾ ਹੋ ਗਈ ਹੈ ਜਿਸ ਨਾਲ ਭਾਰਤ ਜਾਂ ਉਸ ਦੇ ਕਿਸੇ ਹਿੱਸੇ ਦੀ ਆਰਥਿਕ ਮਜ਼ਬੂਤੀ ਜਾਂ ਸਾਂਖ ਖਤਰੇ ਵਿਚ ਹੈ ਤਾਂ ਉਹ ਆਰਥਿਕ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ ਅਤੇ ਸੰਘ ਦੇ ਰਾਜਾਂ ਦੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਿਚ ਘਟਾ ਸਕਦਾ ਹੈ। ਇਨ੍ਹਾਂ ਸਰਕਾਰੀ ਕਰਮਚਾਰੀਆਂ ਵਿਚ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਜੱਜ ਵੀ ਸ਼ਾਮਲ ਹੁੰਦੇ ਹਨ। ਰਾਸ਼ਟਰਪਤੀ ਆਦੇਸ਼ ਜਾਰੀ ਕਰ ਸਕਦਾ ਹੈ ਕਿ ਆਪਣੇ ਆਪ ਧਨ ਬਿਲਾਂ ਸੰਬੰਧੀ ਪਹਿਲਾਂ ਤੋਂ ਹੀ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣ। ਇਸ ਤੋਂ ਇਲਾਵਾ ਵਿੱਤੀ ਹਾਲਤ ਮਜ਼ਬੂਤ ਕਰਨ ਲਈ ਰਾਸ਼ਟਰਪਤੀ ਕੋਈ ਕਦਮ ਚੁਕ ਸਕਦਾ ਹੈ। ਅਜੇ ਤੱਕ ਇਸ ਕਿਸਮ ਦੇ ਸੰਕਟ ਦੀ ਭਾਰਤ ਵਿਚ ਘੋਸ਼ਣਾ ਨਹੀਂ ਕੀਤੀ ਗਈ।

### 3.5.3.4 ਸੰਕਟਕਾਲੀਨ ਦੀਆਂ ਸ਼ਕਤੀਆਂ ਦਾ ਮੁਲਾਂਕਣ (Appraisal of the Emergency Powers)

ਰਾਸ਼ਟਰਪਤੀ ਦੀਆਂ ਸੰਕਟਕਾਲੀਆਂ ਸ਼ਕਤੀਆਂ ਇਤਨੀਆਂ ਵਿਸ਼ਾਲ ਅਤੇ ਵਿਆਪਕ ਹਨ ਕਿ ਇਨ੍ਹਾਂ ਦਾ ਕਿਸੇ ਵੇਲੇ ਵੀ ਦੁਰਉਪਯੋਗ ਹੋ ਸਕਦਾ ਹੈ, ਜਿਸ ਨਾਲ ਦੇਸ਼ ਵਿਚ ਲੋਕਤੰਤਰ ਨੂੰ ਢਾਹ ਲਗ ਸਕਦੀ ਹੈ। ਬਹੁਤ ਸਾਰੇ ਦੂਜੇ ਲੋਕਤੰਤਰੀ ਦੇਸ਼ਾਂ ਵਿਚ ਸੰਕਟ ਦੀ ਸਥਿਤੀ ਵਿਚ ਕਾਰਜਕਾਰਨੀ ਨੂੰ ਵਿਧਾਨ ਪਾਲਿਕਾ ਵਲੋਂ ਕਾਨੂੰਨ ਦੁਆਰਾ ਵਿਸ਼ੇ

ਸ਼ ਸ਼ਕਤੀਆਂ ਦਿੱਤੀਆਂ ਜਾਂਦੀਆਂ ਹਨ, ਪਰ ਭਾਰਤ ਵਿਚ ਰਾਸ਼ਟਰਪਤੀ ਨੂੰ ਇਹ ਸ਼ਕਤੀਆਂ ਸੰਵਿਧਾਨ ਵਲੋਂ ਮਿਲੀਆਂ ਹੋਈਆਂ ਹਨ ਅਤੇ ਇਹਨਾਂ ਦੀ ਖੂਬੀ ਇਹ ਹੈ ਕਿ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਅਸਲੀ ਸੰਕਟ ਪੈਦਾ ਹੋਣ ਤੋਂ ਪਹਿਲਾਂ ਵੀ ਕੀਤਾ ਜਾ ਸਕਦਾ ਹੈ। ਦੇਸ਼ ਉਤੇ ਹਮਲਾ ਹੋਵੇ ਜਾਂ ਨਾ ਹੋਵੇ ਪਰ ਰਾਸ਼ਟਰਪਤੀ ਦੇ ਵਿਚਾਰ ਵਿਚ ਦੇਸ਼ ਉੱਤੇ ਹਮਲੇ ਦਾ ਡਰ ਹੈ ਤਾਂ ਉਹ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ। ਰਾਸ਼ਟਰਪਤੀ ਦਾ ਇਹ ਵਿਚਾਰ ਸਹੀ ਹੈ ਜਾਂ ਨਹੀਂ ਕਿਸੇ ਅਦਾਲਤ ਵਿਚ ਵੰਗਾਰਿਆ ਨਹੀਂ ਜਾ ਸਕਦਾ।

ਸੰਵਿਧਾਨ ਵਿਚ ਦਿੱਤੀਆਂ ਸੰਕਟ-ਕਾਲੀਨ ਸ਼ਕਤੀਆਂ ਦੀ ਆਲੋਚਨਾ ਕਈ ਪੱਖਾਂ ਤੋਂ ਕੀਤੀ ਜਾਂਦੀ ਹੈ:

(1) ਇਹ ਸ਼ਕਤੀਆਂ ਸੰਘਾਤਮਕ ਪ੍ਰਣਾਲੀ ਦੇ ਵਿਰੁੱਧ ਹਨ ਕਿਉਂਕਿ ਇਨ੍ਹਾਂ ਦੁਆਰਾ ਰਾਜਾਂ ਦੀ ਖੁਦਮੁਖਤਾਰੀ ਖੋਹੀ ਜਾ ਸਕਦੀ ਹੈ। (2) ਇਹ ਲੋਕਤੰਤਰ ਦੇ ਵਿਰੁੱਧ ਹਨ ਕਿਉਂਕਿ ਇਨ੍ਹਾਂ ਨਾਲ ਲੋਕਾਂ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਖੋਹੇ ਜਾ ਸਕਦੇ ਹਨ ਅਤੇ (3) ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦਾ ਸਹਾਰਾ ਲੈ ਕੇ ਦੇਸ਼ ਵਿਚ ਡਿਕਟੇਟਰਸ਼ਾਹੀ ਹਕੂਮਤ ਕਰ ਸਕਦਾ ਹੈ।

ਉਪਰੋਕਤ ਆਲੋਚਨਾ ਵਿਚ ਕਾਫ਼ੀ ਹੱਦ ਤਕ ਸਚਾਈ ਹੈ। ਇਹ ਆਮ ਕਿਹਾ ਜਾ ਸਕਦਾ ਹੈ ਕਿ ਸੰਕਟ-ਕਾਲੀਨ ਸ਼ਕਤੀਆਂ ਭਾਰਤ ਦੇ ਸੰਘਾਤਮਕ ਢਾਂਚੇ ਨੂੰ ਸੱਟ ਮਾਰਦੀਆਂ ਹਨ ਪਰ ਸਭ ਕੁਝ ਕੇਂਦਰੀ ਸਰਕਾਰ ਦੇ ਰਵੱਈਏ ਤੇ ਨਿਰਭਰ ਕਰਦਾ ਹੈ। ਅਸੀਂ ਦੇਖਿਆ ਹੈ ਕਿ ਚੀਨ ਤੇ ਪਾਕਿਸਤਾਨ ਦੇ ਹਮਲੇ ਸਮੇਂ ਰਾਸ਼ਟਰਪਤੀ ਨੇ ਰਾਜਾਂ ਦੀ ਖੁਦਮੁਖਤਾਰੀ ਨੂੰ ਖਤਮ ਨਹੀਂ ਸੀ ਕੀਤਾ ਤੇ ਭਾਰਤ ਦਾ ਸੰਘਾਤਮਕ ਢਾਂਚਾ ਕਾਇਮ ਰਿਹਾ ਸੀ, ਜਿਥੋਂ ਤਕ 17ਵੀਂ ਧਾਰਾ ਰਾਹੀਂ ਦਿੱਤੀਆਂ ਗਈਆਂ ਸੁਤੰਤਰਤਾਵਾਂ ਦਾ ਸੰਬੰਧ ਹੈ ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿਚ ਸੁਰੱਖਿਆ ਇਕ ਵਿਅਕਤੀ ਦੀ ਨਾਗਰਿਕ ਆਜ਼ਾਦੀ ਨਾਲੋਂ ਵਧੇਰੇ ਪਵਿੱਤਰ ਹੈ। ਨਾਗਰਿਕ ਅਧਿਕਾਰ ਤਦ ਤਕ ਹੀ ਮਾਣੇ ਜਾ ਸਕਦੇ ਹਨ ਜਦ ਤਕ ਦੇਸ਼ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਹੁੰਦਾ। ਇਸ ਲਈ ਇਨ੍ਹਾਂ ਸ਼ਕਤੀਆਂ ਨੂੰ ਲੋਕਤੰਤਰ ਦੇ ਵਿਰੁੱਧ ਨਹੀਂ ਕਿਹਾ ਜਾ ਸਕਦਾ। ਜਿਥੋਂ ਤੱਕ ਰਾਸ਼ਟਰਪਤੀ ਵੱਲੋਂ ਇਨ੍ਹਾਂ ਸ਼ਕਤੀਆਂ ਦੀ ਗਲਤ ਵਰਤੋਂ ਕਰਕੇ ਡਿਕਟੇਟਰ ਬਣਨ ਦਾ ਸੁਆਲ ਹੈ, ਇਸ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਸੰਸਦੀ ਪ੍ਰਣਾਲੀ ਦੀ ਸਰਕਾਰ ਹੈ ਜਿਸ ਵਿਚ ਅਸਲੀ ਸ਼ਕਤੀ ਰਾਸ਼ਟਰਪਤੀ ਪਾਸ ਨਹੀਂ ਸਗੋਂ ਮੰਤਰੀ ਮੰਡਲ ਪਾਸ ਹੈ ਜੋ ਸੰਸਦ ਪ੍ਰਤੀ ਜ਼ਿੰਮੇਵਾਰ ਹੈ। ਰਾਸ਼ਟਰਪਤੀ ਸੰਸਦ ਦੀ ਇੱਛਾ ਵਿਰੁੱਧ ਨਹੀਂ ਜਾ ਸਕਦਾ ਕਿਉਂਕਿ ਸੰਕਟ-ਕਾਲੀਨ ਘੋਸ਼ਣਾ ਦੀ ਮਨਜ਼ੂਰੀ ਪਾਰਲੀਮੈਂਟ ਤੋਂ ਇਕ ਮਹੀਨੇ ਦੇ ਅੰਦਰ ਲੈਣੀ ਜ਼ਰੂਰੀ ਹੈ, ਨਹੀਂ ਤਾਂ ਘੋਸ਼ਣਾ ਆਪਣੇ ਆਪ ਖਤਮ ਹੋ ਜਾਂਦੀ ਹੈ। ਪਰ 1975 ਵਿਚ ਲਾਗੂ ਹੋਈ ਐਮਰਜੈਂਸੀ ਤੋਂ ਇਹ ਤਜਰਬਾ ਹੋ ਗਿਆ ਹੈ ਕਿ ਸੰਕਟਕਾਲ ਵਿਚ ਰਾਸ਼ਟਰਪਤੀ ਆਪ ਤਾਂ ਨਹੀਂ ਪਰ ਇਸ ਆਲੋਚਨਾ ਵਿਚ ਕਾਫ਼ੀ ਸਚਾਈ ਨਜ਼ਰ ਆਉਂਦੀ ਹੈ ਕਿ ਇਸ ਦੀ ਵਰਤੋਂ ਹਮੇਸ਼ਾਂ ਉੱਚਿਤ ਨਿਰਪੱਖ ਢੰਗ ਨਾਲ ਨਹੀਂ ਕੀਤੀ ਗਈ। ਕਈ ਰਾਜਾਂ ਵਿਚ ਕਾਂਗਰਸੀ ਸਰਕਾਰਾਂ ਦੀ ਸਥਾਪਤੀ ਤੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਲਾਹੁਣ ਵਿਚ ਇਸ ਸ਼ਕਤੀ ਦੀ ਵਰਤੋਂ ਕੀਤੀ ਗਈ ਹੈ।

## ਸਵੈ-ਅਭਿਆਸ ਪ੍ਰਸ਼ਨਾਵਲੀ-।।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਰਾਸ਼ਟਰਪਤੀ ਦੇ ਅਹੁਦੇ ਲਈ ਨਿਰਧਾਰਿਤ ਯੋਗਤਾਵਾਂ ਦੱਸੋ।
2) ਰਾਸ਼ਟਰਪਤੀ ਕਿੰਨੇ ਸਮੇਂ ਲਈ ਆਪਣੇ ਅਹੁਦੇ 'ਤੇ ਬਿਰਾਜਮਾਨ ਰਹਿ ਸਕਦਾ ਹੈ?
3) ਰਾਸ਼ਟਰਪਤੀ ਦੀ ਕੋਈ ਇੱਕ ਐਮਰਜੈਂਸੀ ਸ਼ਕਤੀ ਦਾ ਉਲੇਖ ਕਰੋ।

## 3.6 ਰਾਸ਼ਟਰਪਤੀ ਦੀ ਸਥਿਤੀ (Position of President)

ਭਾਰਤ ਦੇ ਰਾਸ਼ਟਰਪਤੀ ਦੀ ਸਥਿਤੀ ਬਾਰੇ ਡਾ.ਅੰਬੇਦਕਰ ਨੇ ਇਸ ਪ੍ਰਕਾਰ ਲਿਖਿਆ ਹੈ ਕਿ ਭਾਰਤ ਵਿਚ ਰਾਸ਼ਟਰਪਤੀ ਦੀ ਸਥਿਤੀ ਦਾ ਉਹ ਸਥਾਨ ਹੈ ਜੋ ਇੰਗਲੈਂਡ ਵਿਚ ਬਾਦਸ਼ਾਹ ਦਾ ਹੈ। ਰਾਸ਼ਟਰਪਤੀ ਰਾਜ ਦਾ ਮੁੱਖੀ

---

1. "The President occupies the same position as the king under British constitution. He is the head of nation but not the Executive. He represents the nation but does not rule the nation. He will be generally bound by the advice of the Ministers. He can do nothing contrary to their advice nor can do anything without their". We have not given our President any power but we have accorded him one of greatest authority and dignity" Nehru.

ਹੈ। ਉਹ ਦੇਸ਼ ਦੀ ਪ੍ਰਤੀਨਿਧਤਾ ਕਰਦਾ ਹੈ ਪਰੰਤੂ ਸ਼ਾਸਕ ਨਹੀਂ। ਸਾਧਾਰਣ ਤੌਰ ਤੇ ਉਹ ਮੰਤਰੀਆਂ ਦੀ ਸਲਾਹ ਨੂੰ ਮੰਨਣ ਲਈ ਪਾਬੰਦ ਹੋਵੇਗਾ। ਉਹ ਨਾ ਤਾਂ ਉਨ੍ਹਾਂ ਦੀ ਸਲਾਹ ਦੇ ਵਿਰੁੱਧ ਅਤੇ ਨਾ ਹੀ ਉਨ੍ਹਾਂ ਦੀ ਸਲਾਹ ਦੇ ਬਿਨਾਂ ਕੰਮ ਕਰ ਸਕਦਾ ਹੈ। ਇਸ ਤਰ੍ਹਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਵਿਚਾਰ ਅਨੁਸਾਰ ਅਸੀਂ ਆਪਣੇ ਰਾਸ਼ਟਰਪਤੀ ਨੂੰ ਅਸਲ ਵਿਚ ਕੋਈ ਵੀ ਤਾਕਤ ਨਹੀਂ ਦਿੱਤੀ ਪਰੰਤੂ ਅਸੀਂ ਉਸਦੀ ਸਥਿਤੀ ਨੂੰ ਮਹਾਨ ਸ਼ਕਤੀਸ਼ਾਲੀ ਅਤੇ ਸਤਿਕਾਰ ਵਾਲੀ ਬਣਾਇਆ ਹੈ।[1]

ਰਾਸ਼ਟਰਪਤੀ ਦੀਆਂ ਉਪਰੋਕਤ ਸ਼ਕਤੀਆਂ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਮਹਾਨ ਸ਼ਕਤੀ ਦਾ ਮਾਲਕ ਹੈ ਅਤ ਕੋਈ ਵੀ ਨਿਡਰ ਅਤੇ ਅਭੌਤਿਕ ਭਾਵ ਵਾਲਾ ਵਿਅਕਤੀ, ਜੋ ਇਸ ਪਦ ਤੇ ਹੋਵੇ ਇਨ੍ਹਾਂ ਸ਼ਕਤੀਆਂ ਦਾ ਦੁਰ ਉਪਯੋਗ ਕਰ ਸਕਦਾ ਹੈ। ਕਾਨੂੰਨੀ ਰੂਪ ਵਿਚ ਇਹ ਚਰਚਾ ਹੁੰਦੀ ਰਹੀ ਹੈ ਰਾਸ਼ਟਰਪਤੀ ਆਪਣੀ ਸ਼ਕਤੀਆਂ ਦੀ ਵਰਤੋਂ ਕਿਸ ਢੰਗ ਨਾਲ ਕਰੇ ਇਸ ਪ੍ਰਸ਼ਨ ਸੰਬੰਧੀ ਦੋ ਕਿਸਮ ਦੇ ਵਿਚਾਰ ਹਨ ਅਤੇ ਇਨ੍ਹਾਂ ਦਾ ਆਧਾਰ ਲਿਖਤੀ ਸੰਵਿਧਾਨ ਦੀ ਵਿਆਖਿਆ ਤੇ ਸੀ। ਕੁਝ ਕਾਨੂੰਨਦਾਨਾਂ ਦਾ ਇਹ ਵਿਚਾਰ ਸੀ ਕਿ ਰਾਸ਼ਟਰਪਤੀ ਨੂੰ ਅਸਲੀ ਸ਼ਕਤੀਆਂ ਮਿਲੀਆਂ ਹੋਈਆਂ ਹਨ ਅਤੇ ਮੰਤਰੀ ਦੀ ਸਲਾਹ ਅਤੇ ਸਹਿਮਤੀ ਦਾ ਉਸ ਤੇ ਕੋਈ ਬੰਧਨ ਨਹੀਂ। ਗਲੇਡਗਿਲ ਅਨੁਸਾਰ, ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਸੰਵਿਧਾਨ ਰਾਸ਼ਟਰਪਤੀ ਨੂੰ ਤਾਨਾਸ਼ਾਹ ਬਣਨ ਤੋਂ ਪੂਰੀ ਤਰ੍ਹਾਂ ਨਹੀਂ ਰੋਕ ਸਕਦਾ। ਸੰਵਿਧਾਨ ਵਿਚ ਕੁਝ ਹੋਏ ਸੰਸੋਧਨਾਂ ਕਾਰਨ ਰਾਸ਼ਟਰਪਤੀ ਦੀ ਸਥਿਤੀ ਵਿਚ ਕੁਝ ਪਰਿਵਰਤਨ ਆਇਆ ਹੈ। ਪਹਿਲਾ ਅਨੁਛੇਦ 74(1) ਵਿਚ 42ਵੀਂ ਸੋਧ ਅਨੁਸਾਰ ਇਹ ਸਪੱਸ਼ਟ ਵਿਵਸਥਾ ਕੀਤੀ ਗਈ ਕਿ ਰਾਸ਼ਟਰਪਤੀ ਨੂੰ ਉਸਦੇ ਕੰਮਾਂ ਵਿਚ ਸਹਾਇਤਾ ਅਤੇ ਸਲਾਹ ਦੇਣ ਲਈ ਮੰਤਰੀ ਪ੍ਰੀਸ਼ਦ ਹੋਵੇਗੀ। ਜਿਸਦਾ ਮੁਖੀ ਪ੍ਰਧਾਨ ਮੰਤਰੀ ਹੋਵੇਗਾ ਅਤੇ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਸਮੇਂ ਉਸ ਦੀ ਸਲਾਹ ਅਨੁਸਾਰ ਹੀ ਕੰਮ ਕਰੇਗਾ। ਫਿਰ 1978 ਵਿਚ 94ਵੀਂ ਸੰਵਿਧਾਨ ਸੋਧ ਅਨੁਸਾਰ ਇਹ ਵਿਵਸਥਾ ਕੀਤੀ ਗਈ ਕਿ ਰਾਸ਼ਟਰਪਤੀ ਮੰਤਰੀ ਮੰਡਲ ਦੁਆਰਾ ਦਿੱਤੀ ਸਲਾਹ ਨੂੰ ਮੁੜ ਵਿਚਾਰ ਕਰਨ ਲਈ ਭੇਜ ਸਕਦਾ ਹੈ ਪਰ ਦੁਬਾਰਾ ਵਿੱਤੀ ਸਲਾਹ ਨੂੰ ਪ੍ਰਵਾਨਗੀ ਦੇਣੀ ਪਵੇਗੀ। ਇਸ ਸ਼ੰਕੇ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਦੁਬਾਰਾ ਵਰਤੋਂ ਕਰ ਸਕਦਾ ਹੈ, 44ਵੇਂ ਸੰਸੋਧਨ ਰਾਹੀਂ ਉਸ ਤੇ ਪਾਬੰਧੀ ਲਾਈ ਕਿ ਉਹ ਸੰਕਟ ਕਾਲ ਦੀ ਘੋਸ਼ਣਾ ਉਦੋਂ ਹੀ ਕਰੇਗਾ ਜਦੋਂ ਇਸ ਨੂੰ ਇਸ ਬਾਰੇ ਕੈਬਨਿਟ ਦਾ ਲਿਖਤੀ ਰੂਪ ਵਿਚ ਨਿਰਣਾ ਭੇਜਿਆ ਜਾਵੇਗਾ। ਸੰਵਿਧਾਨ ਸਭਾ ਦੇ ਪ੍ਰਧਾਨ ਡਾ.ਰਾਜਿੰਦਰ ਪ੍ਰਸਾਦ ਦੇ ਵਿਚਾਰ ਅਨੁਸਾਰ, ਅਨੁਛੇਦ 74 (1) ਰਾਸ਼ਟਰਪਤੀ ਉਤੇ ਸਲਾਹ ਮੰਨਣ ਲਈ ਬੰਧਨ ਨਹੀਂ ਲਾਉਂਦਾ। ਉਨ੍ਹਾਂ ਨੇ ਆਪਣੀ ਰਾਏ ਦਿੱਤੀ ਸੀ ਕਿ ਸੰਵਿਧਾਨ ਵਿਚ ਇਹੋ ਜਿਹੀ ਧਾਰਣਾ ਹੋਣੀ ਚਾਹੀਦੀ ਹੈ ਕਿ ਜਿਸ ਦੁਆਰਾ ਰਾਸ਼ਟਰਪਤੀ ਲਈ ਮੰਤਰੀਆਂ ਦੀ ਸਲਾਹ ਨੂੰ ਮੰਨਣਾ ਜ਼ਰੂਰੀ ਹੋਵੇ। ਸੰਵਿਧਾਨ ਸਭਾ ਨੇ ਉਨ੍ਹਾਂ ਦੀ ਸਲਾਹ ਨੂੰ ਨਾ ਮੰਨਿਆ। ਦੂਜੇ ਪੱਖ ਦੇ ਵਿਚਾਰ ਅਨੁਸਾਰ ਸੰਸਦੀ ਸਰਕਾਰ ਵਿਚ ਰਾਸ਼ਟਰਪਤੀ ਕੇਵਲ ਸੰਵਿਧਾਨਕ ਮੁਖੀ ਹੁੰਦਾ ਹੈ ਅਤੇ ਇਸੇ ਕਾਰਣ ਆਮ ਤੌਰ ਤੇ ਉਸ ਨੂੰ ਮੰਤਰੀਆਂ ਦੀ ਸਲਾਹ ਨੂੰ ਜ਼ਰੂਰੀ ਮੰਨਣਾ ਪੈਂਦਾ ਹੈ ਜੇਕਰ ਰਾਸ਼ਟਰਪਤੀ ਮੰਤਰੀਆਂ ਦੀ ਸਲਾਹ ਨੂੰ ਨਹੀਂ ਮੰਨਦਾ ਤਾਂ ਉਸ ਦਾ ਕਾਰਜ ਅਸੰਵਿਧਾਨਕ ਸਮਝਿਆ ਜਾਵੇਗਾ ਅਤੇ ਉਸ ਉਤੇ ਮਹਾਂਦੋਸ਼ ਦਾ ਆਰੋਪ ਲਗਾਇਆ ਜਾ ਸਕਦਾ ਹੈ। ਅਨੁਛੇਦ 74 ਅਤੇ 75 (3) ਨੂੰ ਇਕੱਠਾ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸੰਘ ਸਰਕਾਰ ਵਿਚ ਮੰਤਰੀ ਪਰੀਸ਼ਦ ਦੀ ਹੋਂਦ ਲਾਜ਼ਮੀ ਹੈ ਜਿਸ ਦਾ ਮੁਖੀਆ ਪ੍ਰਧਾਨ ਮੰਤਰੀ ਹੈ ਜੋ ਕਿ ਸਮੂਹਿਕ ਤੌਰ ਤੇ ਲੋਕ ਸਭਾ ਪ੍ਰਤੀ ਉਤਰਦਾਈ ਹੈ। ਮਤਲਬ ਸਾਫ਼ ਹੈ, ਜਿਵੇਂ ਦੇਸ਼ ਲਈ ਰਾਸ਼ਟਰਪਤੀ ਜ਼ਰੂਰੀ ਹੈ ਇਸੇ ਤਰ੍ਹਾਂ ਰਾਸ਼ਟਰਪਤੀ ਮੰਤਰੀ ਮੰਡਲ ਤੋਂ ਬਿਨਾਂ ਕੰਮ ਨਹੀਂ ਕਰ ਸਕਦਾ। ਦੇਸ਼ ਵਿਚ ਅਜਿਹਾ ਸਮਾਂ ਨਹੀਂ ਆ ਸਕਦਾ ਜਦੋਂ ਇਨ੍ਹਾਂ ਦੋਹਾਂ ਵਿਚ ਰਾਸ਼ਟਰਪਤੀ ਅਤੇ ਮੰਤਰੀ ਪਰਿਸ਼ਦ ਵਿਚੋਂ ਇਕੱਲਾ ਹੋਵੇ। ਜਿਹੜਾ ਰਾਸ਼ਟਰਪਤੀ ਮੰਤਰੀ ਪਰਿਸ਼ਦ ਜਿਸ ਨੂੰ ਲੋਕ ਸਭਾ ਦਾ ਦ੍ਰਿੜ ਵਿਸ਼ਵਾਸ ਪ੍ਰਾਪਤ ਹੈ, ਦੀ ਸਲਾਹ ਨੂੰ ਰੱਦ ਕਰੇਗਾ, ਉਸਨੂੰ ਅੜਿੱਕੇ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਸ ਤਰ੍ਹਾਂ ਉਹ ਆਪਣੇ ਆਪ ਨੂੰ ਮਹਾਂ ਦੋਸ਼ ਆਰੋਪ ਵਿਚ ਫਸਾਣ ਲਈ ਆਪ ਹੀ ਰਾਹ ਤਿਆਰ ਕਰ ਰਿਹਾ ਹੋਵੇਗਾ। ਪਰ ਇਸ ਬਹਿਸ ਨੂੰ ਸੰਵਿਧਾਨ ਦੇ 42ਵੇ ਸੰਸੋਧਨ ਨੇ ਖਤਮ ਕਰ ਦਿੱਤਾ ਹੈ ਕਿਉਂਕਿ ਇਸ ਰਾਹੀਂ ਸੰਵਿਧਾਨ ਵਿਚ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕਰੇਗਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਰਾਸ਼ਟਰਪਤੀ ਕੇਵਲ ਨਾਂ ਮਾਤਰ ਦਾ ਹੀ ਮੁੱਖੀ ਹੈ ਅਤੇ ਆਪਣੀ ਮਰਜ਼ੀ ਅਨੁਸਾਰ ਕੋਈ ਕੰਮ ਨਹੀਂ ਕਰਦਾ। ਰਾਸ਼ਟਰਪਤੀ ਦੀ ਅਸਲੀ ਪੋਜ਼ੀਸ਼ਨ ਦਾ ਪਤਾ ਸੰਕਟ ਸਮੇਂ ਲਗਦਾ ਹੈ। ਦੇਸਾਈ ਸਰਕਾਰ ਤੇ ਅਸਤੀਫੇ ਤੋਂ ਬਾਅਦ ਰਾਸ਼ਟਰਪਤੀ ਦਨੇ ਜੋ ਰੋਲ ਅਦਾ ਕੀਤਾ ਹੈ, ਉਸ

ਤੋਂ ਉਸਦੀਆਂ ਸ਼ਕਤੀਆਂ ਦਾ ਪਤਾ ਲਗਦਾ ਹੈ। ਦੇਸਾਈ ਦੇ ਮੁਕਾਬਲੇ ਤੇ ਚੌਧਰੀ ਸਿੰਘ ਨੂੰ ਮੰਤਰੀ ਮੰਡਲ ਬਣਾਉਣ ਲਈ ਸੱਦਾ ਦੇ ਕੇ ਉਸ ਨੇ ਆਪਣੀਆਂ ਵਿਵੇਕੀ ਸ਼ਕੀਤਆਂ ਦਾ ਸਬੂਤ ਦਿੱਤਾ। ਵੀ.ਪੀ.ਸਿੰਘ ਸਰਕਾਰ ਸਮੇਂ ਵੀ ਜਦੋਂ ਇਹ ਲੋਕ ਸਭਾ ਵਿਚ ਭਰੋਸਾ ਦਾ ਵੋਟ ਪ੍ਰਾਪਤ ਨਾ ਕਰ ਸਕੀ ਤਦ ਰਾਸ਼ਟਰਪਤੀ ਨੇ ਚੰਦਰ ਸ਼ੇਖਰ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਜੋ ਕਿ ਘੱਟ ਗਿਣਤੀ ਸਰਕਾਰ ਸੀ। ਇਸ ਤੋਂ ਬਾਅਦ ਦਸਵੀਂ ਲੋਕ ਸਭਾ ਵਿਚ ਭਾਰਤ ਦੇ ਰਾਸ਼ਟਰਪਤੀ ਨੇ ਚੋਣਾਂ ਤੋਂ ਬਾਅਦ ਜਦੋਂ ਕਿ ਉਸ ਨੂੰ ਮਹਿਸੂਸ ਹੋਇਆ ਕਿ ਕਾਂਗਰਸ ਆਈ ਦੋ ਤਿਹਾਈ ਸੀਟਾਂ ਹਾਸਿਲ ਕਰਨ ਦੇ ਨੇੜੇ ਤੇੜੇ ਹੈ ਉਸ ਨੇ ਝਟ ਪਟ ਹੀ ਸ੍ਰੀ ਨਰਸਿਮਾ ਰਾਉ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿਤਾ। ਇਸ ਤੋਂ ਬਾਅਦ 11ਵੀਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਨੇ ਬੀ.ਜੇ.ਪੀ. ਜੋ ਕਿ ਇਕੱਠੀ ਵੱਡੀ ਪਾਰਟੀ ਸੀ ਦੇ ਨੇਤਾ ਏ.ਬੀ.ਵਾਜਪਾਈ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਅਤੇ ਜਦ ਇਹ ਲੋਕ ਸਭਾ ਵਿਚ ਆਪਣਾ ਬਹੁਮਤ ਸਿੱਧ ਨਾ ਕਰ ਸਕਿਆ ਤਦ ਇਸ ਨੇ ਸ੍ਰੀ ਦੇਵੀਗੋੜਾ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਅਤੇ ਇਸ ਤੋਂ ਬਾਅਦ ਜਦ ਇਹ ਹਾਊਸ ਵਿਚ ਆਪਣਾ ਬਹੁਮਤ ਸਾਬਿਤ ਨਾ ਕਰ ਸਕਿਆ ਤਦ ਇਸ ਨੇ ਆਈ.ਕੇ. ਗੁਜਾਰਲ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਬਣਾ ਦਿੱਤਾ। ਬੀ.ਜੇ.ਪੀ. ਭਾਵੇਂ ਪੂਰਣ ਬਹੁਮਤ ਨਹੀਂ ਕਰ ਸਕੀ ਪਰ ਸਭ ਤੋਂ ਵੱਧ ਸੀਟਾਂ ਹਾਸਲ ਕਰਕੇ ਅਤੇ ਹੋਰਨਾਂ ਪਾਰਟੀਆਂ ਦਾ ਸਮਰਥਨ ਪਾ ਕੇ ਸਰਕਾਰ ਬਣਾਈ। ਪਰ ਉਸ ਨੂੰ ਫਿਰ ਲੋਕ ਸਭਾ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ।

### 3.6.1 ਰਾਸ਼ਟਰਪਤੀ ਅਤੇ ਮੰਤਰੀ ਪਰਿਸ਼ਦ (President and Council of Ministers)

ਹੁਣ ਤਕ ਰਾਸ਼ਟਰਪਤੀ ਅਤੇ ਮੰਤਰੀ ਮੰਡਲ ਦੇ ਪਰਸਪਰ ਸੰਬੰਧ ਚੰਗੇ ਰਹੇ ਹਨ ਕਿਉਂਕਿ ਦੋਵੇਂ ਇਕੋ ਪਾਰਟੀ ਨਾਲ ਸਬੰਧਿਤ ਰਹੇ ਹਨ। ਪਰ ਦੇਸ਼ ਵਿਚ ਬਹੁਦਲੀ ਪ੍ਰਣਾਲੀ ਹੋਣ ਕਾਰਣ ਇਹ ਸਥਿਤੀ ਕਿਸੇ ਵੇਲੇ ਵੀ ਬਦਲ ਸਕਦੀ ਹੈ ਸੰਸਦ ਵਿਚ ਕਿਸੇ ਪਾਰਟੀ ਦਾ ਵੀ ਸਪੱਸ਼ਟ ਬਹੁਮਤ ਨਹੀਂ। ਮਿਲੀਜੁਲੀ ਸਰਕਾਰ ਹੋਂਦ ਵਿਚ ਆਈ। ਇਹ ਸਰਕਾਰ ਕਮਜ਼ੋਰ ਤੇ ਅੰਦਰੂਨੀ ਤੌਰ ਤੇ ਫੱਟੀ ਹੁੰਦੀ ਹੈ। ਸੋ ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਪੱਖਪਾਤੀ ਹੋਵੇ ਤਾਂ ਉਸ ਨੂੰ ਮੰਤਰੀ ਮੰਡਲ ਬਣਾਉਣ ਜਾਂ ਇਸ ਦੇ ਕੰਮਾਂ ਵਿਚ ਦਖਲ ਦੇਣ ਦਾ ਮੌਕਾ ਮਿਲ ਸਕਦਾ ਹੈ। ਇਹ ਸਿਧ ਵੀ ਹੋ ਸਕਦਾ ਹੈ ਕਿ ਰਾਸ਼ਟਰਪਤੀ ਅਤੇ ਮੰਤਰੀ ਮੰਡਲ ਇਕੋ ਪਾਰਟੀ ਦੇ ਨਾ ਰਹਿਣ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਸੰਬੰਧ ਚੰਗੇ ਨਾ ਰਹਿਣ।

ਬ੍ਰਿਟਿਸ਼ ਸੰਵਿਧਾਨ ਵਿੱਚ ਉਦਾਹਰਣ ਮਿਲਦੀ ਹੈ ਕਿ ਬਾਦਸ਼ਾਹ ਜਾਰਜ ਪੰਚਮ ਨੂੰ 1931 ਦੇ ਵਿੱਤੀ ਸੰਕਟ ਨੂੰ ਦੂਰ ਕਰਨ ਲਈ ਨੈਸ਼ਨਲ ਸਰਕਾਰ ਦੇ ਕੰਮਾਂ ਵਿਚ ਦਖਲ-ਅੰਦਾਜ਼ੀ ਕਰਨੀ ਪਈ ਸੀ। ਇਸ ਵਿਸ਼ੇ ਤੇ ਸਿਧਾਂਤਵਾਦੀਆਂ ਅਤੇ ਖਾਸ ਤੌਰ ਤੇ ਲਾਸਕੀ ਅਤੇ ਕੀਥ ਵਿਚ ਕਾਫ਼ੀ ਵਾਦ ਵਿਵਾਦ ਹੋਇਆ ਕਠਿਨ ਰਾਜਨੀਤਿਕ ਅਤੇ ਆਰਥਿਕ ਹਾਲਤ ਨੂੰ ਠੀਕ ਕਰਨ ਲਈ ਜਾਰਜ ਪੰਚਮ ਨੇ ਲਿਬਰਲ ਲੇਬਰ ਅਤੇ ਕਨਜ਼ਰਵੇਟਿਵ ਪਾਰਟੀਆਂ ਦੇ ਨੇਤਾਵਾਂ ਨਾਲ ਸਲਾਹ ਮਸ਼ਵਰਾ ਕਰਕੇ ਮੈਕਦਾਨਲਡ ਹੇਠਾਂ ਇਕ ਮਿਲੀਜੁਲੀ ਸਰਕਾਰ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ। ਪ੍ਰੋਫੈਸਰ ਕੀਥ ਦੇ ਬਾਦਸ਼ਾਹ ਦੇ ਕੰਮਾਂ ਨੂੰ ਸੰਵਿਧਾਨ ਦਾ ਰਖਿਅਕ ਹੋਣ ਨਾਤੇ ਠੀਕ ਦਰਸਾਇਆ। ਪ੍ਰੋਫੈਸਰ ਲਾਸਕੀ ਦੇ ਵਿਚਾਰ ਅਨੁਸਾਰ ਇਹ ਬਾਦਸ਼ਾਹ ਦੀਆਂ ਸ਼ਕਤੀਆਂ ਤੋਂ ਜ਼ਿਆਦਾ ਵਰਤੋਂ ਸੀ। ਇਸੇ ਤਰ੍ਹਾਂ ਭਾਰਤ ਵਿਚ ਕਈ ਹਾਲਤਾਂ ਵਿਚ ਰਾਸ਼ਟਰਪਤੀ ਦੀ ਨਿਜੀ ਦਖਲ-ਅੰਦਾਜ਼ੀ ਦੀ ਸੰਭਾਵਨਾ ਪੈਦਾ ਹੋ ਸਕਦੀ ਸੀ, ਜਿਵੇਂ ਕੋਈ ਵੀ ਪਾਰਟੀ ਮੰਤਰੀ ਮੰਡਲ ਬਣਾਉਣ ਦੀ ਸਥਿਤੀ ਵਿਚ ਨਾ ਹੋਵੇ, (2) ਜਦੋਂ ਮੰਤਰੀ ਮੰਡਲ ਜਾਣ ਬੁਝ ਕੇ ਕਾਨੂੰਨ ਅਤੇ ਸੰਵਿਧਾਨ ਦੀ ਉਲੰਘਣਾ ਕਰੇ। (3) ਜਦੋਂ ਮੰਤਰੀ ਮੰਡਲ ਦੇ ਵਿਰੁੱਧ ਭ੍ਰਿਸ਼ਟਾਚਾਰ ਸਾਬਿਤ ਹੋ ਜਾਵੇ। ਇਹੋ ਜਿਹੇ ਮੌਕਿਆਂ ਤੇ ਰਾਸ਼ਟਰਪਤੀ ਨੂੰ ਪੂਰਾ ਅਧਿਕਾਰ ਹੈ ਕਿ ਉਹ ਆਪਣੀ ਮਰਜ਼ੀ ਨਾਲ ਮੰਤਰੀ ਮੰਡਲ ਨਿਯੁਕਤ ਕਰ ਸਕਦਾ ਹੈ ਜਾਂ ਹਟਾ ਸਕਦਾ ਹੈ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ ਕਿ ਦੇਸਾਈ ਵਜ਼ਾਰਤ ਦੇ ਅਸਤੀਫੇ ਤੋਂ ਬਾਅਦ ਦੇਸਾਈ ਦੇ ਮੁਕਾਬਲੇ ਚਰਣ ਸਿੰਘ ਨੇ ਮੰਤਰੀ ਮੰਡਲ ਬਣਾਉਣ ਦਾ ਸੱਦਾ ਦੇ ਕੇ ਰਾਸ਼ਟਰਪਤੀ ਨੇ ਆਪਣੀ ਨਿੱਜੀ ਸੂਝ ਤੇ ਵਿਵੇਕ ਦੀ ਵਰਤੋਂ ਕੀਤੀ ਹਾਲਾਂ ਕਿ ਲੋਕ ਸਭਾ ਵਿਚ ਸਭ ਤੋਂ ਵੱਡੀ ਪਾਰਟੀ ਦਾ ਨੇਤਾ ਮੁਰਾਰਜੀ ਦੇਸਾਈ ਸੀ। ਵੀ.ਪੀ. ਸਿੰਘ ਸਰਕਾਰ ਦੇ ਡਿੱਗਣ ਕਾਰਣ ਰਾਸ਼ਟਰਪਤੀ ਨੇ ਆਪਣੀਆਂ ਵਿਵੇਕੀ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸ੍ਰੀ ਚੰਦਰ ਸ਼ੇਖਰ ਜੋ ਕਿ ਘੱਟ ਗਿਣਤੀ ਵਿਚ ਸੀ, ਨੂੰ ਪ੍ਰਧਾਨ ਮੰਤਰੀ ਦੀ ਸੌਂਹ ਦਿੱਤੀ ਅਤੇ ਇਸ ਤੋਂ ਬਾਅਦ ਦਸਵੀਂ ਲੋਕ ਸਭਾ ਦੀਆਂ ਚੋਣਾਂ ਕੇ ਆ ਰਹੇ ਨਤੀਜਿਆਂ ਤੋਂ ਪ੍ਰਭਾਵਿਤ ਹੋਕੇ ਰਾਸ਼ਟਰਪਤੀ ਵੈਂਕਟਾਰਾਮਨ ਨੇ ਝੱਟ ਸ੍ਰੀ ਨਰਸਿਮਾ ਰਾਉ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਹਾਲਾਂਕਿ ਇਕ ਬਹੁਮਤ ਸਰਕਾਰ ਨਹੀਂ ਸੀ। ਗਿਆਰਵੀਂ ਅਤੇ ਬਾਹਰਵੀਂ ਲੋਕ ਸਭਾ ਚੋਣਾਂ ਤੋਂ ਬਾਅਦ ਵੀ ਇਸੇ ਤਰ੍ਹਾਂ ਵਾਪਰਿਆ।

ਮੰਤਰੀ ਮੰਡਲ ਦੀ ਸਲਾਹ ਮੰਨ ਲੈਣ ਤੋਂ ਇਹ ਭਾਵ ਨਹੀਂ ਕਿ ਰਾਸ਼ਟਰਪਤੀ ਮੰਤਰੀ ਮੰਡਲ ਦੇ ਹਰ ਵਿਚਾਰ ਨੂੰ ਤੁਰੰਤ ਮੰਨ ਲਵੇ। ਕਿਸੇ ਵੀ ਮਸਲੇ ਤੇ ਰਾਸ਼ਟਰਪਤੀ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਮੰਤਰੀ ਮੰਡਲ ਨੂੰ ਕਿਸੇ ਮਸਲੇ ਤੇ ਮੁੜ ਵਿਚਾਰ ਕਰਨ ਲਈ ਕਿਹਾ ਜਾ ਸਕਦਾ ਹੈ। ਸਲਾਹ ਦੇਣ ਅਤੇ ਚੇਤਾਵਨੀ ਦੇਣ ਦਾ ਰਾਸ਼ਟਰਪਤੀ ਨੂੰ ਪੂਰਾ ਅਧਿਕਾਰ ਹੈ। ਰਾਸ਼ਟਰਪਤੀ ਦੇ ਵਿਚਾਰਾਂ ਵਿੱਚ ਵਜ਼ਨ ਹੁੰਦਾ ਹੈ, ਅਤੇ ਹੋ ਸਕਦਾ ਹੈ ਕਿ ਉਸ ਦੀ ਰਾਏ ਮੰਤਰੀ ਮੰਡਲ ਦੇ ਪਹਿਲੇ ਫੈਸਲੇ ਨੂੰ ਬਦਲ ਦੇਵੇ।

ਸੰਵਿਧਾਨ ਵਿਚ ਕੁਝ ਅਜਿਹੀਆਂ ਧਾਰਾਵਾਂ ਵੀ ਹਨ ਜੋ ਕਿ ਰਾਸ਼ਟਰਪਤੀ ਨੂੰ ਕੁਝ ਹਾਲਤਾਂ ਵਿਚ ਸੁਤੰਤਰ ਕਰਦੀਆਂ ਹਨ। ਅਨੁਛੇਦ 78 ਰਾਸ਼ਟਰਪਤੀ ਨੂੰ ਅਧਿਕਾਰ ਦਿੰਦਾ ਹੈ ਜਿਸ ਰਾਹੀਂ ਉਹ ਮੰਤਰੀ ਮੰਡਲ ਕੋਲੋਂ ਸੂਚਨਾ ਲੈ ਸਕਦਾ ਹੈ ਅਤੇਕੋਈ ਵੀ ਮਸਲਾ ਮੰਤਰੀ ਮੰਡਲ ਕੋਲ ਭੇਜ ਸਕਦਾ ਹੈ। ਧਾਰਾ 73 ਦੀ ਇਸ ਵਿਵਸਥਾ ਨੇ ਮਾਰਚ 1987 ਵਿਚ ਬਹੁਤ ਵਾਦ-ਵਿਵਾਦ ਉਤਪੰਨ ਕੀਤਾ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਸੰਬੰਧੀ ਠੱਕਰ ਕਮਿਸ਼ਨ (Thakkar Commission) ਨੇ ਜਾਂਚ ਪੜਤਾਲ ਕੀਤੀ ਸੀ ਕਿ ਪਰ ਕਮਿਸ਼ਨ ਦੀ ਰਿਪੋਰਟ ਉਸ ਸਮੇਂ ਦੇ ਰਾਸ਼ਟਰਪਤੀ ਸ੍ਰੀ ਜੈਲ ਸਿੰਘ ਨੂੰ ਦਿਖਾਈ ਨਹੀਂ ਸੀ ਗਈ। ਉਸ ਸਮੇਂ ਰਾਸ਼ਟਰਪਤੀ ਨੇ ਧਾਰਾ 78 ਦੇ ਹਵਾਲਾ ਦਿੰਦਿਆ ਹੋਇਆ ਮੰਗ ਕੀਤੀ ਸੀ ਕਿ ਠੱਕਰ ਕਮਿਸ਼ਨ ਦੀ ਰਿਪੋਰਟ ਉਹਨਾਂ ਅੱਗੇ ਪੇਸ਼ ਕਰਨ ਦਾ ਪ੍ਰਧਾਨ ਮੰਤਰੀ ਦਾ ਅਸੰਵਿਧਾਨਕ ਕਰਤਵ ਹੈ ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਹ ਵਿਚਾਰ ਪੇਸ਼ ਕੀਤਾ ਕਿ ਧਾਰਾ 78 ਦੀ ਵਿਵਸਥਾ ਅਨੁਸਾਰ ਪ੍ਰਧਾਨ ਮੰਤਰੀ ਲਈ ਕੋਈ ਬੰਧਨ ਨਹੀਂ ਕਿ ਉਹ ਪ੍ਰਸ਼ਾਸਨ ਸੰਬੰਧੀ ਹਰ ਤਰ੍ਹਾਂ ਦੀ ਰਿਪੋਰਟ ਜਾਂ ਸੂਚਨਾ ਰਾਸ਼ਟਰਪਤੀ ਨੂੰ ਦੇਵੇ। ਉਸ ਸਮੇਂ ਦੇ ਪ੍ਰਧਾਨ ਮੰਤਰੀ ਨੇ ਇਹ ਪੱਖ ਲਿਆ ਸੀ ਕਿ ਰਾਸ਼ਟਰਪਤੀ ਮੰਤਰੀ ਪਰੀਸ਼ਦ ਦੀ ਸਲਾਹ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ ਅਤੇ ਇਹ ਵੀ ਮੰਤਰੀ ਪਰਿਸ਼ਦ ਤੇ ਨਿਰਭਰ ਕਰਦਾ ਹੈ ਕਿ ਉਹ ਰਾਸ਼ਟਰਪਤੀ ਵਲੋਂ ਮੰਗੀ ਸੂਚਨਾ ਉਸ ਨੂੰ ਭੇਜੇ ਜਾਂ ਨਾ। ਕਾਫੀ ਵਾਦ ਵਿਵਾਦ ਦੇ ਬਾਵਜੂਦ ਵੀ ਰਾਸ਼ਟਰਪਤੀ ਨੂੰ ਇਹ ਰਿਪੋਰਟ ਦਿਖਾਈ ਨਹੀਂ ਸੀ ਗਈ ਅਤੇ ਪ੍ਰਧਾਨ ਮੰਤਰੀ ਬੇਵਜਹ ਹੀ ਆਪਣੇ ਪੱਖ ਤੇ ਅੜ੍ਹਿਆ ਰਿਹਾ। ਅਨੁਛੇਦ 111 ਅਨੁਸਾਰ ਰਾਸ਼ਟਰਪਤੀ ਵਿਧਾਨ ਪਾਲਿਕਾ ਦਾ ਪਾਸ ਕੀਤਾ ਹੋਇਆ ਕਾਨੂੰਨ ਰੋਕ ਸਕਦਾ ਹੈ। ਅਨੁਛੇਦ 143 ਅਨੁਸਾਰ ਰਾਸ਼ਟਰਪਤੀ ਐਸੇ ਮਾਮਲੇ ਨੂੰ ਜਿਸ ਵਿਚ ਕੋਈ ਕਾਨੂੰਨੀ ਨੁਕਤਾ ਹੋਵੇ, ਜਾਂ ਉਹ ਲੋਕ ਹਿੱਤ ਸੰਬੰਧੀ ਹੋਵੇ, ਸੁਪਰੀਮ ਕੋਰਟ ਕੋਲ ਉਸ ਦੀ ਸਲਾਹ ਭੇਜ ਸਕਦਾ ਹੈ। ਸੰਕਟ ਦੀ ਘੋਸ਼ਣਾ ਰਾਸ਼ਟਰਪਤੀ ਦੀ ਆਪਣੀ ਤਸੱਲੀ ਨੂੰ ਛੱਡ ਦਿੱਤੀ ਗਈ। ਸੰਵਿਧਾਨ ਦੀ 42ਵੀਂ ਸੋਧ ਦੇ ਪਾਸ ਹੋਣ ਤੋਂ ਪਹਿਲਾਂ ਇਹ ਖਿਆਲ ਕੀਤਾ ਜਾਂਦਾ ਸੀ ਕਿ ਸੰਕਟਕਾਲੀਨ ਸਮੇਂ ਵਿਚ ਕਿਸੇ ਮੌਕੇਪ੍ਰਸਤ ਤੇ ਉੱਚੇ ਇਰਾਦੇ ਵਾਲੇ ਰਾਸ਼ਟਰਪਤੀ ਦੀ ਤਾਨਾਸ਼ਾਹ ਬਣਨ ਦੀ ਸੰਭਾਵਨਾ ਹੋ ਸਕਦੀ ਹੈ। 42ਵੀਂ ਸੋਧ ਤੋਂ ਬਾਅਦ ਇਹ ਸੰਭਾਵਨਾ ਖਤਮ ਹੋ ਗਈ ਹੈ ਕਿਉਂਕਿ ਹੁਣ ਰਾਸ਼ਟਰਪਤੀ ਲਈ ਮੰਤਰੀ ਮੰਡਲ ਦੀ ਰਾਏ ਅਨੁਸਾਰ ਕੰਮ ਕਰਨਾ ਜ਼ਰੂਰੀ ਹੋ ਗਿਆ।

### 3.6.2 ਰਾਸ਼ਟਰਪਤੀ ਦੀ ਬ੍ਰਿਟਿਸ਼ ਬਾਦਸ਼ਾਹ ਅਤੇ ਅਮਰੀਕਨ ਪ੍ਰਧਾਨ ਨਾਲ ਤੁਲਨਾ (Distinction between the President of India, British Monarch and the U.S. President)

ਭਾਰਤ ਦੇ ਰਾਸ਼ਟਰਪਤੀ ਅਤੇ ਬ੍ਰਿਟਿਸ਼ ਬਾਦਸ਼ਾਹ ਦੋਵੇਂ ਹੀ ਚੁਣੀ ਹੋਈ ਕਾਰਜ-ਪਾਲਿਕਾ ਦੇ ਮੁੱਖੀ ਹਨ, ਪਰ ਭਾਰਤ ਦੇ ਰਾਸ਼ਟਰਪਤੀ ਦੀ ਪੋਜੀਸ਼ਨ ਬ੍ਰਿਟਿਸ਼ ਬਾਦਸ਼ਾਹ ਦੇ ਪ੍ਰਤੀ ਰੂਪ ਨਹੀਂ। ਭਾਰਤ ਦੇ ਰਾਸ਼ਟਰਪਤੀ ਦਾ ਜੋ ਕਿ ਭਾਰਤ ਸੰਘ ਦਾ ਮੁਕਾਬਲਾ ਬ੍ਰਿਟੇਨ ਦੇ ਬਾਦਸ਼ਾਹ ਜੋ ਕਿ ਇਕਾਤਮਿਕ ਰਾਜ ਦਾ ਮੁੱਖੀ ਹੈ ਨਾਲ ਨਹੀਂ ਕੀਤਾ ਜਾ ਸਕਦਾ। ਬ੍ਰਿਟੇਨ ਦਾ ਸੰਸਦ ਸਬਵਉੱਚ ਸੰਸਦ ਹੈ ਅਤੇ ਆਪਣੇ ਬਣਾਏ ਕਾਨੂੰਨਾਂ ਦੁਆਰਾ ਬਾਦਸ਼ਾਹ ਤੇ ਬੰਧਨ ਲਾ ਸਕਦੀ ਹੈ। ਵਾਲਟਰ ਬੇਜਹਾਤ ਦੇ ਸ਼ਬਦਾਂ ਵਿਚ ਸੰਸਦ ਦੇ ਦੋਨੋਂ ਸਦਨਾਂ ਵਲੋਂ ਪਾਸ ਕੀਤੇ ਗਏ ਮਲਕਾ ਦੀ ਮੌਤ ਦਾ ਵਾਰੰਟ ਤੇ ਵੀ ਮਲਕਾ ਨੂੰ ਦਸਤਖਤ ਕਰਨ ਪੈਣਗੇ। ਭਾਰਤ ਦੀ ਸੰਸਦ ਦੀਆਂ ਸ਼ਕਤੀਆਂ ਸੀਮਾ ਦੇ ਅੰਦਰ ਰਾਸ਼ਟਰਪਤੀ ਨੂੰ ਸੰਵਿਧਾਨ ਵੱਲੋਂ ਦਿੱਤੀਆਂ ਗਈਆਂ ਸ਼ਕਤੀਆਂ ਖੋਹੀਆਂ ਨਹੀਂ ਜਾ ਸਕਦੀਆਂ। ਬਾਦਸ਼ਾਹ ਦਾ ਪਦ ਪੁਸ਼ਤ ਦਰ ਪੁਸ਼ਤ ਚਲਦਾ ਹੈ। ਭਾਰਤ ਰਾਸ਼ਟਰਪਤੀ ਅਪ੍ਰੱਖ ਰੂਪ ਨਾਲ ਚੋਣ ਮੰਡਲ ਰਾਹੀਂ ਚੁਣਿਆ ਜਾਂਦਾ ਹੈ ਅਤੇ ਇਸ ਚੋਣ-ਮੰਡਲ ਵਿਚ ਕੇਂਦਰ ਅਤੇ ਰਾਜਾਂ ਦੇ ਚੋਣਕਾਰ ਹੁੰਦੇ ਹਨ।

ਭਾਰਤ ਦੇ ਰਾਸ਼ਟਰਪਤੀ ਨੂੰ ਸੰਵਿਧਾਨ ਰਾਹੀਂ ਕਈ ਉਹ ਸ਼ਕਤੀਆਂ ਮਿਲੀਆਂ ਹੋਈਆਂ ਹਨ ਜੋ ਬ੍ਰਿਟੇਨ ਦੇ ਬਾਦਸ਼ਾਹ ਨੂੰ ਪ੍ਰਾਪਤ ਹਨ। ਜਿਵੇਂ ਕਿ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ, ਉਤਸ਼ਾਹ ਦੇਣ ਦੇ ਅਧਿਕਾਰ ਅਤੇ ਚਿਤਾਵਨੀ ਦੇਣ ਦਾ ਅਧਿਕਾਰ ਇਕ ਸਥਾਪਤ ਪ੍ਰਥਾ ਅਨੁਸਾਰ ਬਾਦਸ਼ਾਹ ਮੰਤਰੀ ਮੰਡਲ ਦੀ ਸਲਾਹ ਨੂੰ ਨਹੀਂ ਮੋੜ

ਸਕਦਾ ਅਤੇ 42ਵੀਂ ਸੋਧ ਅਨੁਸਾਰ ਭਾਰਤ ਤੇ ਰਾਸ਼ਟਰਪਤੀ ਲਈ ਵੀ ਮੰਤਰੀ ਮੰਡਲ ਦੀ ਸਲਾਹ ਨੂੰ ਮੰਨਣਾ ਜ਼ਰੂਰੀ ਹੋ ਗਿਆ। ਇੰਗਲੈਂਡ ਵਿਚ ਬਾਦਸ਼ਾਹ ਦੇ ਕੀਤੇ ਹੋਏ ਕੰਮਾਂ ਤੇ ਸੰਬੰਧਤ ਮੰਤਰੀ ਹਸਤਾਖਰ ਕਰਦੇ ਹਨ। ਅਨੁਛੇਦ 72(2) ਅਨੁਸਾਰ ਰਾਸ਼ਟਰਪਤੀ ਖੁਦ ਇਹੋ ਜਿਹੇ ਨਿਯਮ ਬਣਾਉਂਦਾ ਹੈ, ਜਿਨ੍ਹਾਂ ਅਨੁਸਾਰ ਉਸ ਦੇ ਆਦੇਸ਼ ਪ੍ਰਮਾਣਿਕ ਕੀਤੇ ਜਾ ਸਕਣ। ਰਾਸ਼ਟਰਪਤੀ ਦੇ ਆਦੇਸ਼ ਵਿਭਾਗ ਦੇ ਸਕੱਤਰ ਰਾਹੀਂ ਪ੍ਰਮਾਣਿਤ ਕੀਤੇ ਜਾਂਦੇ ਹਨ ਨਾ ਕਿ ਮੰਤਰੀ ਰਾਹੀਂ। ਇੰਗਲੈਂਡ ਵਿਚ ਇਕ ਪ੍ਰਥਾ ਅਨੁਸਾਰ ਬਾਦਸ਼ਾਹ ਕੋਈ ਗਲਤੀ ਨਹੀਂ ਕਰ ਸਕਦਾ ਅਤੇ ਬਾਦਸ਼ਾਹ ਦੇ ਕੰਮਾਂ ਦੀ ਕਾਨੂੰਨੀ ਜ਼ਿੰਮੇਵਾਰੀਆਂ ਮੰਤਰੀਆਂ ਦੀ ਹੁੰਦੀ ਹੈ। ਇਸ ਦੇ ਉਲਟ ਭਾਰਤ ਦੇ ਰਾਸ਼ਟਰਪਤੀ ਤੇ ਗਲਤ ਕੰਮਾਂ ਲਈ ਮਹਾਂ ਆਰੋਪ ਲਾਇਆ ਜਾ ਸਕਦਾ ਹੈ। ਬ੍ਰਿਟੇਨ ਦੇ ਬਾਦਸ਼ਾਹ ਕੋਲ ਵਿਧਾਨਿਕ ਕੰਮਾਂ ਤੇ ਵੀਟੋ ਸ਼ਕਤੀ ਨਹੀਂ ਰਹੀ ਅਤੇ ਨਾ ਹੀ ਉਸਦੇ ਸੰਸਦ ਨੂੰ ਕੋਈ ਸੰਦੇਸ਼ ਭੇਜ ਸਕਦਾ ਹੈ ਪਰ ਰਾਸ਼ਟਰਪਤੀ ਵੀਟੋ ਦੀ ਸ਼ਕਤੀ ਦੀ ਵਰਤੋਂ ਕਰ ਸਕਦਾ ਹੈ ਅਤੇ ਅਨੁਛੇਦ 86(2) ਅਨੁਸਾਰ ਸੰਸਦ ਨੂੰ ਸੰਦੇਸ਼ ਭੇਜ ਸਕਦਾ ਹੈ। ਉਹ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ ਅਤੇ ਸਾਰੀ ਪ੍ਰਸਾਸ਼ਕੀ ਸ਼ਕਤੀ ਆਪਣੇ ਹੱਥ ਵਿਚ ਲੈ ਸਕਦਾ ਹੈ।

ਭਾਰਤ ਦੇ ਰਾਸ਼ਟਰਪਤੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਵਿਚ ਨਾਵਾਂ ਤੋਂ ਸਿਵਾ ਹੋਰ ਕੋਈ ਵੀ ਸਮਾਨਤਾ ਨਹੀਂ ਹੈ। ਅਮਰੀਕਾ ਦਾ ਰਾਸ਼ਟਰਪਤੀ ਸਿਰਫ਼ ਰਾਜ ਦਾ ਮੁੱਖੀ ਹੀ ਨਹੀਂ ਬਲਕਿ ਕਾਰਜ ਪਾਲਿਕਾ ਦੇ ਫੈਸਲਿਆਂ ਦਾ ਅੰਤਮ ਸੋਮਾ ਹੈ ਉਹ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ। ਭਾਰਤ ਦਾ ਰਾਸ਼ਟਰਪਤੀ ਭਾਵੇਂ ਸੰਸਦ ਦਾ ਮੈਂਬਰ ਨਹੀਂ ਪਰ ਫਿਰ ਵੀ ਉਹ ਇਸਦਾ ਅਟੁੱਟ ਹਿੱਸਾ ਹੈ। ਅਮਰੀਕਨ ਰਾਸ਼ਟਰਪਤੀ ਵਿਧਾਨ ਪਾਲਿਕਾ ਨੂੰ ਭੰਗ ਨਹੀਂ ਕਰ ਸਕਦਾ। ਰਾਸ਼ਟਰਪਤੀ ਆਪਣੀ ਲੋਕ ਸਭਾ ਦੀ ਇਕੱਤ੍ਰਤਾ ਬੁਲਾ, ਉਠਾ ਅਤੇ ਭੰਗ ਕਰ ਸਕਦਾ ਹੈ। ਦੋਹਾਂ ਰਾਸ਼ਟਰਪਤੀਆਂ ਨੂੰ ਮਹਾਂ-ਆਰੋਪ ਦੋਸ਼ ਰਾਹੀਂ ਆਪਣੇ ਅਹੁਦਿਆਂ ਤੋਂ ਹਟਾਇਆ ਜਾ ਸਕਦਾ ਹੈ।

ਅਮਰੀਕਾ ਦਾ ਰਾਸ਼ਟਰਪਤੀ ਪ੍ਰਧਾਨਾਤਮਕ ਕਾਰਜ-ਪਾਲਿਕਾ ਦਾ ਮੁਖੀ ਅਤੇ ਅਸਲੀ ਕਾਰਜਕਾਰੀ ਵੀ। ਸਰਕਾਰ ਦੀ ਅਸਲੀ ਸ਼ਕਤੀ ਉਸ ਕੋਲ ਹੁੰਦੀ। ਭਾਰਤ ਦਾ ਰਾਸ਼ਟਰਪਤੀ ਸੰਸਦੀ ਕਾਰਜ ਪਾਲਿਕਾ ਦਾ ਮੁੱਖੀ ਹੈ ਇਸ ਕਾਰਣ ਇਕ ਸੰਵਿਧਾਨਕ ਮੁਖੀ ਹੈ। ਅਸਲੀ ਸ਼ਕਤੀ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਕੋਲ ਹੁੰਦੀ ਹੈ। ਅਮਰੀਕਾ ਦਾ ਰਾਸ਼ਟਰਪਤੀ ਆਪਣੇ ਸਕੱਤਰਾਂ (ਮੰਤਰੀਆਂ) ਦੀ ਸਲਾਹ ਨੂੰ ਨਾ ਮਨਜ਼ੂਰ ਕਰ ਸਕਦਾ ਹੈ ਕਿਉਂਕਿ ਉਹ ਰਾਸ਼ਟਰਪਤੀ ਨੂੰ ਉੱਤਰਦਾਈ ਹੁੰਦੇ ਹਨ, ਵਿਧਾਨ ਪਾਲਿਕਾ ਕਾਂਗਰਸ ਨੂੰ ਨਹੀਂ। ਭਾਰਤ ਦਾ ਰਾਸ਼ਟਰਪਤੀ ਆਮ ਤੌਰ ਤੇ ਮੰਤਰੀ ਮੰਡਲ ਦੀ ਸਲਾਹ ਨਾਲ ਕੰਮ ਕਰਦਾ ਹੈ। ਜਨਤਾ ਦੇਸ਼ ਦੀ ਨੀਤੀ ਲਈ ਪ੍ਰਧਾਨ ਮੰਤਰੀ ਵੱਲ ਵੇਖਦੀ ਹੈ, ਰਾਸ਼ਟਰਪਤੀ ਵੱਲ ਨਹੀਂ। ਇਸ ਤਰ੍ਹਾਂ ਰਾਸ਼ਟਰਪਤੀ ਦੀ ਪੋਜੀਸ਼ਨ ਮੰਤਰੀ ਮੰਡਲ ਦੇ ਸਹਾਇਕ ਦੀ ਬਣ ਜਾਂਦੀ ਹੈ।

## ਸਵੈ-ਅਭਿਆਸ ਪ੍ਰਸ਼ਨਾਵਲੀ-।।।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਰਾਸ਼ਟਰਪਤੀ ਦੀ ਤੁਲਨਾ ਪ੍ਰਧਾਨ ਮੰਤਰੀ ਦੇ ਨਾਲ 5-7 ਪੰਕਤੀਆਂ ਵਿੱਚ ਕਰੋ।

2) ਭਾਰਤ ਦੇ ਰਾਸ਼ਟਰਪਤੀ ਦੀ ਤੁਲਨਾ ਅਮਰੀਕਾ ਦੇ ਰਾਸ਼ਟਰਪਤੀ ਨਾਲ (ਅੱਠ ਸਤਰਾਂ ਵਿੱਚ) ਕਰੋ।

## 3.7 ਸਾਰਾਂਸ਼ :

ਇਸ ਪਾਠ ਵਿਚ ਰਾਸ਼ਟਰਪਤੀ ਦੀ ਚੋਣ, ਉਸ ਦੀ ਸਥਿਤੀ ਅਤੇ ਉਸ ਦੀਆਂ ਸ਼ਕਤੀਆਂ ਬਾਰੇ ਪੜ੍ਹਿਆ ਹੈ। ਅਸੀਂ ਦੇਖਿਆ ਹੈ ਕਿ ਭਾਰਤ ਦੇ ਰਾਸ਼ਟਰਪਤੀ ਨੂੰ ਦੋ ਮਹਾਨ ਸ਼ਕਤੀਆਂ ਪ੍ਰਾਪਤ ਹਨ। ਸੰਕਟ ਕਾਲ ਦੇ ਸਮੇਂ ਤਾਂ ਉਹ ਦੇਸ਼ ਦਾ ਢਾਂਚਾ ਹੀ ਬਦਲ ਸਕਦਾ ਹੈ। ਇਸ ਦੇ ਸੰਘਾਤਮਕ ਰੂਪ ਨੂੰ ਬਦਲ ਕੇ ਇਕਾਤਮਕ ਬਣਾ ਸਕਦਾ ਹੈ। ਸੰਵਿਧਾਨ ਦੀ 42ਵੀਂ ਸੋਧ ਪਾਸ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਦੀ ਪੋਜੀਸ਼ਨ ਬਾਰੇ ਕੁਝ ਮੱਤਭੇਦ ਸਨ ਪਰ ਸੰਵਿਧਾਨ ਵਿਚ ਸਪੱਸ਼ਟ ਕਰ ਦਿੱਤਾ ਗਿਆ ਕਿ ਉਹ ਮੰਤਰੀ ਮੰਡਲ ਦੀ ਰਾਏ ਅਨੁਸਾਰ ਕੰਮ ਕਰੇਗਾ ਫਿਰ ਵੀ ਕੁਝ ਕਾਨੂੰਨ ਦਾਨ ਕਹਿੰਦੇ ਹਨ ਕਿ ਰਾਸ਼ਟਰਪਤੀ ਸੰਵਿਧਾਨ ਦਾ ਰਾਖਾ ਹੈ ਅਤੇ ਜੇ ਉਹ ਸਮਝੇ ਕਿ ਮੰਤਰੀ ਪਰੀਸ਼ਦ ਦਾ ਕੋਈ ਫੈਸਲਾ ਸੰਵਿਧਾਨ ਨੂੰ ਭੰਗ ਕਰਦਾ ਹੈ, ਤਾਂ ਉਹ ਸੁਤੰਤਰ ਰੂਪ ਵਿਚ ਕਾਰਵਾਈ ਕਰ ਸਕਦੇ ਹਨ। ਰਾਸ਼ਟਰਪਤੀ ਦੀਆਂ ਸ਼ਕਤੀਆਂ ਦਾ ਅਸਲੀ ਰੂਪ ਅਜੇ ਤਕ ਪਤਾ ਨਹੀਂ ਲੱਗਾ ਕਿਉਂਕਿ ਦੇਸ਼ ਦੀ ਰਾਜਨੀਤਿਕ ਸਥਿਤੀ ਸਥਿਰ ਹੈ। ਇਹੋ ਕਾਰਣ ਹੈ ਕਿ ਰਾਸ਼ਟਰਪਤੀ ਦੇ ਕਿਸੇ ਕਾਰਜ ਬਾਰੇ ਕੋਈ ਵਾਦਵਿਵਾਦ ਨਹੀਂ ਛਿੜਿਆ ਦੇਸ਼ ਵਿਚ ਰਾਜਨੀਤਿਕ ਸਥਿਤੀ ਵਿਚ ਅਸਥਿਰਤਾ ਪੈਦਾ ਹੋਣ ਤੇ ਹੀ ਰਾਸ਼ਟਰਪਤੀ ਦੀਆਂ ਵਿਵੇਕੀ ਸ਼ਕਤੀਆਂ ਦਾ ਅਸਲ ਰੂਪ ਪਤਾ ਲੱਗ ਸਕਦਾ ਹੈ। ਭਾਰਤ ਦੇ ਉਦੋਂ ਰਾਸ਼ਟਰਪਤੀ ਸ੍ਰੀ ਨੀਲਮ ਸੰਜੀਵਾ ਰੈਡੀ ਨੇ 10 ਦਸੰਬਰ 1978 ਨੂੰ ਸ੍ਰੀ ਰਾਜ ਗੋਪਾਲ ਅਚਾਰੀਆਂ ਦੀ ਜਨਮ ਸਤਾਬਦੀ ਮਨਾਉਣ ਸਮੇਂ ਆਪਣੇ ਕੁੰਜੀਵਤ

ਭਾਸ਼ਣ ਵਿਚ ਰਾਸ਼ਟਰਪਤੀ ਦੀ ਪੋਜੀਸ਼ਨ ਬਾਰੇ ਇਸ ਤਰ੍ਹਾਂ ਕਿਹਾ, "ਕਿ ਮੈਂ ਰਾਸ਼ਟਰਪਤੀ ਭਵਨ ਵਿਚ ਮਹੀਨੇ ਗਿਣ ਰਿਹਾ ਹਾਂ ਜੋ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਦੇ ਤੌਰ ਤੇ ਰਹਿਣਾ ਸਾਧਾਰਣ ਜੇਲ ਤੋਂ ਵੱਧ ਕੁਝ ਨਹੀਂ।"[1]

## 3.8 ਸ਼ਬਦਾਵਲੀ

ਚੋਣ ਮੰਡਲ - ਰਾਸ਼ਟਰਪਤੀ ਨੂੰ ਅਪ੍ਰੱਤਖ ਰੂਪ ਵਿੱਚ ਚੁਣਨ ਦਾ ਤਰੀਕਾ। ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣਿੰਦਾ ਮੈਂਬਰ ਅਤੇ ਸੰਸਦ ਦੇ ਸਾਰੇ ਚੁਣੇ ਹੋਏ ਮੈਂਬਰ ਇਸ ਚੋਣ ਪ੍ਰਕਿਰਿਆ ਵਿੱਚ ਭਾਗ ਲੈਂਦੇ ਹਨ।

ਧਾਰਾ 352 - ਐਮਰਜੈਂਸੀ ਦੀ ਸਥਿਤੀ ਵਿੱਚ ਪੂਰੇ ਦੇਸ਼ ਉਪਰ ਲਾਗੂ ਕੀਤੀ ਜਾਂਦੀ ਹੈ।

ਧਾਰਾ 356 - ਕਿਸੇ ਇੱਕ ਜਾਂ ਵਧੇਰੇ ਰਾਜਾਂ ਵਿੱਚ, ਉਨ੍ਹਾਂ ਦੀ ਸੰਵਿਧਾਨਿਕ ਮਸ਼ੀਨਰੀ ਅਸਫ਼ਲ ਹੋਣ ਦੀ ਸੂਰਤ ਵਿੱਚ।

ਧਾਰਾ 360 - ਵਿੱਤੀ ਐਮਰਜੈਂਸੀ - ਪੂਰੇ ਦੇਸ਼ ਵਿੱਚ ਜਾਂ ਕਿਸੇ ਇੱਕ ਰਾਜ ਵਿੱਚ ਲਾਗੂ ਕੀਤੀ ਜਾ ਸਕਦੀ ਹੈ। ਅੱਜ ਤੱਕ ਇਸ ਦੀ ਕਦੇ ਵੀ ਵਰਤੋਂ ਨਹੀਂ ਕੀਤੀ ਗਈ।

## 3.9 ਸੁਝਾਈਆਂ ਪੁਸਤਕਾਂ

| | | |
|---|---|---|
| ਅਵਸਥੀ ਮਹੇਸ਼ਵਰੀ | : | ਭਾਰਤੀ ਪ੍ਰਸ਼ਾਸਨ |
| ਹਰਬੀਰ ਸਿੰਘ | : | ਭਾਰਤੀ ਪ੍ਰਸ਼ਾਸਨ |
| ਪੂਰੀ ਕੇ.ਕੇ. | : | ਭਾਰਤੀ ਪ੍ਰਸ਼ਾਸਨ |
| ਪਾਂਡੇ ਜਵਾਹਰ ਲਾਲ | : | ਭਾਰਤੀ ਸੰਵਿਧਾਨ |
| ਬਾਸੂ ਡੀ.ਡੀ. | : | ਭਾਰਤੀ ਸੰਵਿਧਾਨ |
| ਸਾਹਿਬ ਸਿੰਘ ਸੰਵਿਦਰ ਸਿੰਘ | : | ਭਾਰਤੀ ਪ੍ਰਸ਼ਾਸਨ |

## 3.10 ਚੋਣਵੇਂ ਉੱਤਰ :

### ਪ੍ਰਸ਼ਨਾਵਲੀ-।

(1) ਭਾਰਤ ਦਾ ਰਾਸ਼ਟਰਪਤੀ ਚੋਣ ਮੰਡਲ ਰਾਹੀਂ ਅਪ੍ਰੱਤਖ ਰੂਪ ਵਿੱਚ ਅਨੁਪਾਤਿਕ ਪ੍ਰਤੀਨਿਧਤਾ ਢੰਗ (Proportional Representation) ਦੇ ਅਨੁਸਾਰ ਇਕਹਿਰੀ ਬਦਲਵੀਂ ਵੋਟ (Single Transferable Vote) ਅਤੇ ਗੁਪਤ ਬੈਲਟ (Secret Ballot) ਦੁਆਰਾ ਚੁਣਿਆ ਜਾਂਦਾ ਹੈ।

(2) ਨਹੀਂ

### ਪ੍ਰਸ਼ਨਾਵਲੀ-।।

(1) ਇਸ ਪ੍ਰਸ਼ਨ ਦਾ ਉੱਤਰ ਪਾਠ ਵਿੱਚ 3.4 ਨੰਬਰ ਉਪਰ ਦਿੱਤਾ ਗਿਆ ਹੈ।

(2) ਪੰਜ ਸਾਲਾਂ ਲਈ

(3) ਪਾਠ ਵਿੱਚ 3.5.3.1, 3.5.3.2, 3.5.3.3 ਵਿੱਚ ਦਿੱਤੀਆਂ ਐਮਰਜੈਂਸੀ ਸ਼ਕਤੀਆਂ ਵਿੱਚੋਂ ਕਿਸੇ ਇੱਕ ਦਾ ਉਲੇਖ ਕਰੋ।

### ਪ੍ਰਸ਼ਨਾਵਲੀ-।।।

(1) ਭਾਰਤ ਦਾ ਰਾਸ਼ਟਰਪਤੀ ਸੰਵਿਧਾਨਿਕ ਅਤੇ ਨਾ-ਮਾਤਰ ਮੁਖੀ ਹੈ। ਪ੍ਰਧਾਨ ਮੰਤਰੀ ਅਸਲ ਵਿੱਚ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਦਾ ਹੈ। ਰਾਸ਼ਟਰਪਤੀ ਦੇਸ਼ ਦਾ ਪਹਿਲਾ ਨਾਗਰਿਕ ਮੰਨਿਆ ਜਾਂਦਾ ਹੈ। ਉਹ ਆਪਣਾ ਕਾਰਜ ਮੰਤਰੀ ਪਰਿਸ਼ਦ ਦੀ ਸਲਾਹ ਨਾਲ ਕਰਦਾ ਹੈ, ਪਰੰਤੂ ਮੌਜੂਦਾ ਸਮੇਂ ਵਾਂਗ ਜੇਕਰ ਕੁਲੀਸ਼ਨ (Coalition) ਸਰਕਾਰ ਹੋਵੇ ਤਾਂ ਉਹ ਕੁਝ ਕੁ ਪ੍ਰਸਥਿਤੀਆਂ ਵਿੱਚ ਆਪਣੀ ਮਨ-ਮਰਜ਼ੀ ਨਾਲ ਨਿਰਣੇ ਲੈ ਸਕਦਾ ਹੈ।

(2) ਪਾਠ ਵਿੱਚ 3.6.2 ਵਿੱਚ ਤੀਜੇ ਅਤੇ ਚੌਥੇ ਪੈਰ੍ਹੇ ਵਿੱਚ ਦੱਸੇ ਗਏ ਵਿਚਾਰ ਅਨੁਸਾਰ ਉਤਰ ਦੇਵੋ।

---

1. "I am Counting my months in Rashtrapati Bhawan and living in Rashtrapati Bhawan as a President is nothing but simple imprisonment, "N.Sanjiva Reddy, Times of India, Dec. 10. 1978, p.1.

ਪਾਠ ਨੰਬਰ - 1.4 ਰੂਪਾਂਤਰਤ ਕਰਤਾ : ਰਵਨੀਤ ਕੌਰ

# ਭਾਰਤ ਦਾ ਪ੍ਰਧਾਨ ਮੰਤਰੀ
## (Prime Minister of India)

ਰੂਪ-ਰੇਖਾ :


4.0 ਉਦੇਸ਼
4.1 ਭੂਮਿਕਾ
4.2 ਪ੍ਰਧਾਨ ਮੰਤਰੀ ਦੀ ਨਿਯੁਕਤੀ
4.3 ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ
4.4 ਪ੍ਰਧਾਨ ਮੰਤਰੀ ਦਫ਼ਤਰ (P.M.O.)
4.5 ਪ੍ਰਧਾਨ ਮੰਤਰੀ ਦੀ ਸਥਿਤੀ
4.6 ਭਾਰਤ ਦੇ ਪ੍ਰਧਾਨ ਮੰਤਰੀ ਦੀ ਬ੍ਰਿਟਿਸ਼ ਪ੍ਰਧਾਨ ਮੰਤਰੀ ਨਾਲ ਤੁਲਨਾ
4.7 ਸਾਰਾਂਸ਼
4.8 ਸ਼ਬਦਾਵਲੀ
4.9 ਸੁਝਾਈਆਂ ਗਈਆਂ ਪੁਸਤਕਾਂ
4.10 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉਤਰ


### 4.0 ਉਦੇਸ਼

ਪਾਠ ਦੇ ਅਧਿਐਨ ਉਪਰੰਤ ਤੁਸੀਂ :

- ਪ੍ਰਧਾਨ ਮੰਤਰੀ ਦੀ ਚੋਣ ਕਰਨ ਦੇ ਤਰੀਕੇ ਸਬੰਧੀ ਗਿਆਨ ਹਾਸਿਲ ਕਰੋਗੇ,
- ਪ੍ਰਧਾਨ ਮੰਤਰੀ ਦੀ ਸਥਿਤੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨਾਲ ਉਸਦੀ ਤੁਲਨਾ ਕਰਨ ਦੇ ਸਮਰੱਥ ਹੋਵੋਗੇ।

### 4.1 ਭੂਮਿਕਾ

ਭਾਰਤ ਸੰਵਿਧਾਨ ਦੇ ਮੁੱਖ ਲੱਛਣਾਂ ਬਾਰੇ ਜ਼ਿਕਰ ਕਰਦਿਆਂ ਅਸੀਂ ਤੁਹਾਨੂੰ ਇਹ ਦਸਿਆ ਸੀ ਕਿ ਭਾਰਤ ਵਿਚ ਸੰਸਦ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਸਦੀ ਪ੍ਰਣਾਲੀ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਇਸ ਵਿਚ ਰਾਜ ਦੇ ਮੁਖੀ ਦੀਆਂ ਸ਼ਕਤੀਆਂ ਨਾ-ਮਾਤਰ ਹੁੰਦੀਆਂ ਹਨ ਅਤੇ ਅਸਲੀ ਸ਼ਕਤੀ ਮੰਤਰੀ ਮੰਡਲ ਪਾਸ ਹੁੰਦੀ ਹੈ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਪਾਠ ਵਿਚ ਅਸੀਂ ਭਾਰਤ ਵਿਚ ਪ੍ਰਧਾਨ ਮੰਤਰੀ ਦੀ ਨਿਯੁਕਤੀ, ਉਸ ਦੀਆਂ ਸ਼ਕਤੀਆਂ ਅਤੇ ਉਸ ਦੀ ਮਹੱਤਤਾ ਬਾਰੇ ਵਿਚਾਰ ਕਰਾਂਗੇ। ਭਾਰਤ ਵਿਚ ਪ੍ਰਧਾਨ ਮੰਤਰੀ ਸਭ ਤੋਂ ਮਹੱਤਵਪੂਰਣ ਅਤੇ ਸ਼ਕਤੀਸ਼ਾਲੀ ਅਧਿਕਾਰੀ ਹੈ। ਇਸ ਦਾ ਸਰਕਾਰ ਪਾਰਲੀਮੈਂਟ ਅਤੇ ਦੇਸ਼ ਵਿਚ ਇਕ ਅਹਿਮ ਸਥਾਨ ਹੈ। ਇੰਗਲੈਂਡ ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਪਰਸਥਿਤੀਆਂ ਦਾ ਨਤੀਜਾ ਹੈ। ਭਾਰਤ ਵਿਚ ਇਸ ਅਹੁਦੇ ਦੀ ਵਿਵਸਥਾ ਸੰਵਿਧਾਨ ਦੁਆਰਾ ਕੀਤੀ ਗਈ ਹੈ ਜਿਸ ਦਾ ਮੁੱਖ ਮੰਤਵ ਰਾਸ਼ਟਰਪਤੀ ਨੂੰ ਰਾਜ ਪ੍ਰਬੰਧ ਵਿਚ ਸਹਾਇਤਾ ਅਤੇ ਸਲਾਹ ਦੇਣਾ ਹੈ। ਪਰ ਅਸਲ ਵਿਚ ਦੇਸ਼ ਦੀ ਅਮਲੀ ਕਾਰਜ ਪਾਲਿਕਾ ਮੰਤਰੀ ਮੰਡਲ ਹੀ ਹੈ। ਪ੍ਰਧਾਨ ਮੰਤਰੀ ਕਾਰਜ ਪਾਲਿਕਾ ਦਾ ਮੁਖੀਆ ਹੈ।

### 4.2 ਪ੍ਰਧਾਨ ਮੰਤਰੀ ਦੀ ਨਿਯੁਕਤੀ (Appointment of the Prime Minister) :

ਭਾਵੇਂ ਸੰਵਿਧਾਨ ਦੀ ਧਾਰਾ 75 ਦੁਆਰਾ ਪ੍ਰਧਾਨ ਮੰਤਰੀ ਦੀ ਨਿਯੁਕਤੀ ਦਾ ਅਧਿਕਾਰ ਰਾਸ਼ਟਰਪਤੀ ਨੂੰ ਦਿੱਤਾ ਗਿਆ ਹੈ, ਪਰ ਸੰਵਿਧਾਨ ਇਸ ਬਾਰੇ ਬਿਲਕੁਲ ਚੁਪ ਹੈ ਕਿ ਰਾਸ਼ਟਰਪਤੀ ਇਹ ਨਿਯੁਕਤੀ ਕਿਵੇਂ ਕਰੇ। ਸੰਵਿਧਾਨ ਵਿਚ ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਜ਼ਰੂਰੀ ਹੀ ਲੋਕ ਸਭਾ ਦਾ ਮੈਂਬਰ ਹੋਵੇ ਪਰ ਹਕੀਕਤ

ਇਹ ਹੈ ਕਿ ਇੰਗਲੈਂਡ ਵਾਂਗ ਭਾਰਤ ਦਾ ਪ੍ਰਧਾਨ ਮੰਤਰੀ ਵੀ ਹੇਠਲੇ ਸਦਨ ਅਰਥਾਤ ਲੋਕ ਸਭਾ ਦਾ ਮੈਂਬਰ ਹੁੰਦਾ ਹੈ। ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਮੌਤ ਪਿਛੋਂ ਜਦੋਂ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਤਾਂ ਉਹ ਰਾਜ ਸਭਾ ਦੀ ਮੈਂਬਰ ਸੀ, ਪਰ 1967 ਦੀ ਚੋਣ ਵਿਚ ਉਸ ਨੇ ਚੋਣ ਲੜ ਕੇ ਲੋਕ ਸਭਾ ਦੀ ਮੈਂਬਰੀ ਪ੍ਰਾਪਤ ਕਰ ਲਈ ਸੀ। ਜੇਕਰ ਸੰਵਿਧਾਨ ਦਾ ਸ਼ਬਦੀ ਅਰਥ ਲਿਆ ਜਾਵੇ ਤਾਂ ਰਾਸ਼ਟਰਪਤੀ ਛੇ ਮਹੀਨੇ ਲਈ ਕਿਸੇ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ ਜੋ ਪਾਰਲੀਮੈਂਟ ਦਾ ਮੈਂਬਰ ਨਾ ਹੋਵੇ। ਪਰ ਅਜਿਹਾ ਕਰਨਾ ਸੰਸਦੀ ਸਰਕਾਰ ਦੀਆਂ ਪ੍ਰਚਲਿਤ ਰਵਾਇਤਾਂ ਵਿਰੁੱਧ ਹੋਵੇਗਾ। ਇਸ ਸੰਬੰਧ ਵਿਚ ਪ੍ਰਚਲਿਤ ਰੀਤ ਇਹ ਹੈ ਕਿ ਆਮ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਲੋਕ ਸਭਾ ਦੇ ਬਹੁਮਤ ਦਲ ਦੇ ਨੇਤਾ ਨੂੰ ਬਲਾ ਕੇ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ। ਜੇਕਰ ਕਿਸੇ ਵੀ ਦਲ ਦਾ ਸਪੱਸ਼ਟ ਬਹੁਮਤ ਨਾ ਹੋਵੇ ਤਾਂ ਰਾਸ਼ਟਰਪਤੀ ਆਪਣੀ ਸੂਝ ਬੂਝ ਤੋਂ ਕੰਮ ਲੈ ਕੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਕੇ ਸਰਕਾਰ ਬਣਾਉਣ ਲਈ ਕਹਿ ਸਕਦਾ ਹੈ, ਜਿਸ ਨੂੰ ਬਹੁਮਤ ਪ੍ਰਾਪਤ ਹੋਣ ਦੀ ਆਸ ਹੋਵੇ, ਪਰ ਜੇ ਕੁਝ ਪਾਰਟੀਆਂ ਆਪਸ ਵਿਚ ਸਮਝੌਤਾ ਕਰਕੇ ਇਕ ਵਿਅਕਤੀ ਨੂੰ ਆਪਣਾ ਨੇਤਾ ਚੁਣ ਲੈਣ ਜਿਸ ਨੂੰ ਲੋਕ ਸਭਾ ਦੀ ਬਹੁ ਗਿਣਤੀ ਦੀ ਹਮਾਇਤ ਪ੍ਰਾਪਤ ਹੋਵੇ ਤਾਂ ਵੀ ਰਾਸ਼ਟਰਪਤੀ ਆਪਣੀ ਮਨਮਰਜ਼ੀ ਨਹੀਂ ਕਰ ਸਕਦਾ। ਸੰਘ ਸਰਕਾਰ ਦੇ ਕੇਸ ਵਿਚ ਅਜਿਹਾ ਮੌਕਾ ਸਿਰਫ ਇਕ ਵਾਰ ਆਇਆ ਹੈ ਜਦੋਂ ਜਨਤਾ ਸਰਕਾਰ ਵਿਚ ਫੁੱਟ ਪੈਣ ਕਰਕੇ ਮੁਰਾਰਜੀ ਦੇਸਾਈ ਨੇ ਅਸਤੀਫਾ ਦੇ ਦਿੱਤਾ ਤਾਂ ਰਾਸ਼ਟਰਪਤੀ ਨੇ ਆਪਣੇ ਵਿਵੇਕ ਨਾ ਸਾਬਿਤ ਕਰ ਸਕਣ ਤੇ ਰਾਸ਼ਟਰਪਤੀ ਨੇ ਸ੍ਰੀ ਚੰਦਰ ਸ਼ੇਖਰ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਅਤੇ ਇਸ ਤੋਂ ਪਿਛੋਂ ਦਸਵੀਂ ਲੋਕ ਸਭਾ ਨਤੀਜਿਆਂ ਨੂੰ ਦੇਖ ਕੇ ਜਦੋਂ ਰਾਸ਼ਟਰਪਤੀ ਨੇ ਮਹਿਸੂਸ ਕੀਤਾ ਕਿ ਕਾਂਗਰਸ ਆਈ ਬਹੁਮਤ ਦੇ ਨੇੜੇ ਤੇੜੇ ਹੈ, ਉਹਨਾਂ ਨੇ ਝਟਪਟ ਹੀ ਸ੍ਰੀ ਨਰਸਿਮਹਾ ਰਾਉ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਪਰ ਹੁਣ 11ਵੀਂ ਲੋਕ ਸਭਾ ਦੇ ਨਤੀਜਿਆਂ ਨੂੰ ਦੇਖ ਕੇ ਬੀ.ਜੇ.ਪੀ ਜੋ ਕਿ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਰਾਸ਼ਟਰਪਤੀ ਨੇ ਸ੍ਰੀ ਅਟਲ ਬਿਹਾਰੀ ਵਾਜਪਾਈ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਅਤੇ 15 ਦਿਨਾਂ ਦੇ ਅੰਦਰ ਲੋਕ ਸਭਾ ਵਿਚ ਆਪਣਾ ਵਿਸ਼ਵਾਸ ਮੱਤ ਸਾਬਤ ਕਰਨ ਲਈ ਕਿਹਾ ਪਰ ਸ੍ਰੀ ਵਾਜਪਾਈ ਨੇ 28 ਮਈ ਨੂੰ ਬਹੁਮਤ ਸਿੱਧ ਕਰਨ ਤੋਂ ਗੁਰੇਜ ਕਰਕੇ ਰਾਸ਼ਟਰਪਤੀ ਨੂੰ ਆਪਣਾ ਅਸਤੀਫਾ ਦੇ ਗਏ। ਰਾਸ਼ਟਰਪਤੀ ਨੇ ਇਹ ਅਸਤੀਫ਼ਾ ਤੁਰੰਤ ਪ੍ਰਵਾਨ ਕਰ ਲਿਆ ਪਰ ਸ੍ਰੀ ਵਾਜਪਾਈ ਨੂੰ ਬਦਲਵੇਂ ਪ੍ਰਬੰਧ ਤਕ ਸਰਕਾਰ ਚਲਾਉਣ ਦੀ ਆਗਿਆ ਦਿੱਤੀ ਇਸ ਦੇ ਬਾਅਦ ਰਾਸ਼ਟਰਪਤੀ ਨੇ ਯੂਨਾਇਟਿਡ ਫਰੰਟ ਦੇ ਨੇਤਾ ਸ੍ਰੀ ਦੇਵਗੋੜਾ ਨੂੰ ਸਰਕਾਰ ਬਣਾਉਣ ਲਈ ਸੱਦਾ ਦੇ ਦਿੱਤਾ ਹੈ ਅਤੇ ਦੇਵਗੋੜਾ ਪ੍ਰਧਾਨ ਮੰਤਰੀ ਯੂਨਾਇਟਿਡ ਫਰੰਟ ਦੀ ਸਰਕਾਰ ਬਣੀ। ਪਰ 11 ਮਹੀਨੇ ਤੋਂ ਬਾਦ ਸ੍ਰੀ ਦੇਵਗੋੜਾ ਹਾਊਸ ਵਿਚ ਆਪਣਾ ਬਹੁਮਤ ਸਾਬਿਤ ਨਹੀਂ ਕਰ ਸਕੇ ਅਤੇ ਉਹਨਾਂ ਨੂੰ ਅਸਤੀਫਾ ਦੇਣਾ ਪਿਆ। ਫਿਰ ਸ੍ਰੀ ਇੰਦਰ ਕੁਮਾਰ ਗੁਜਰਾਲ ਭਾਰਤ ਦੇ ਪ੍ਰਧਾਨ ਮੰਤਰੀ ਬਣੇ। ਆਪਣੇ ਪਹਿਲੇ ਪੰਜ ਸਾਲਾਂ ਦੌਰਾਨ ਡਾ. ਮਨਮੋਹਨ ਸਿੰਘ ਨੂੰ ਵੀ ਅਵਿਸ਼ਵਾਸ ਮਤੇ ਦਾ ਸਾਹਮਣਾ ਕਰਨਾ ਪਿਆ ਸੀ। ਸੋ ਅਸੀਂ ਕਹਿ ਸਕਦੇ ਹਾਂ ਕਿ ਕੋਈ ਅਜਿਹਾ ਮੌਕਾ ਆ ਸਕਦਾ ਹੈ ਜਦੋਂ ਇਸ ਦਲ ਦਾ ਬਹੁਮਤ ਨਾ ਰਹੇ ਅਤੇ ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਦੀ ਨਿਯੁਕਤੀ ਵਿਚ ਮਨਮਾਨੀ ਦਾ ਮੌਕਾ ਮਿਲ ਜਾਵੇ ਭਾਵੇਂ ਅਜਿਹੀ ਸਥਿਤੀ ਚਿੰਤਾਜਨਕ ਹੁੰਦੀ ਹੈ ਪਰ ਆਸ ਰੱਖਣੀ ਚਾਹੀਦੀ ਹੈ ਕਿ ਰਾਸ਼ਟਰਪਤੀ ਅਜਿਹੇ ਸਮੇਂ ਤੇ ਪੱਖਪਾਤ ਤੇ ਪਾਰਟੀਬਾਜ਼ੀ ਤੋਂ ਕੰਮ ਨਹੀਂ ਲਵੇਗਾ ਅਤੇ ਰਾਸ਼ਟਰਪਤੀ ਰਾਸ਼ਟਰ ਹਿੱਤਾਂ ਨੂੰ ਮੁੱਖ ਰੱਖ ਕੇ ਅਜਿਹੇ ਵਿਅਕਤੀ ਨੂੰ ਮੰਤਰੀ ਮੰਡਲ ਬਣਾਉਣ ਲਈ ਕਹੇਗਾ, ਜਿਸ ਦਾ ਲੋਕ ਸਦਨ ਵਿਚ ਬਹੁਮਤ ਹੋਵੇ ਤਾਂ ਜੋ ਪਾਇਦਾਰ ਸਰਕਾਰ ਬਣ ਸਕੇ।

### ਸਵੈ-ਅਭਿਆਸ ਪ੍ਰਸ਼ਨਾਵਲੀ-।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਕੀ ਪ੍ਰਧਾਨ ਮੰਤਰੀ ਪ੍ਰਤੱਖ ਰੂਪ ਵਿੱਚ ਜਨਤਾ ਦੁਆਰਾ ਚੁਣਿਆ ਜਾਂਦਾ ਹੈ?

2) ਕੀ ਰਾਸ਼ਟਰਪਤੀ ਆਪਣੀ ਮਨ-ਮਰਜ਼ੀ ਨਾਲ ਕਿਸੇ ਨੂੰ ਵੀ ਪ੍ਰਧਾਨ ਮੰਤਰੀ ਨਿਯੁਕਤ ਕਰ ਸਕਦਾ ਹੈ?

## 4.3 ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ (Powers of Prime Minister) :

ਪ੍ਰਧਾਨ ਮੰਤਰੀ ਕੈਬਨਿਟ ਦਾ ਨੀਂਹ ਪੱਥਰ ਹੁੰਦਾ ਹੈ। ਉਸ ਦੇ ਅਨੇਕਾਂ ਕਰਤੱਵ ਅਤੇ ਸ਼ਕਤੀਆਂ ਹਨ। ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਕਦੇ ਕਦੇ 'ਤਾਨਾਸ਼ਾਹ' ਕਿਹਾ ਜਾਂਦ ਹੈ। ਇਹ ਭਾਵੇਂ ਅਤਿਕਥਨੀ ਹੀ ਹੋਵੇ, ਫਿਰ ਵੀ

ਇਸ ਕਥਨ ਤੋਂ ਸੰਸਦੀ ਸਰਕਾਰ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਤੇ ਸ਼ਕਤੀਆਂ ਦਾ ਅੰਦਾਜ਼ਾ ਜਰੂਰ ਲੱਗ ਜਾਂਦਾ ਹੈ ਅਤੇ ਭਾਰਤ ਵਿਚ ਵੀ ਸੰਸਦੀ ਸਰਕਾਰ ਹੋਣ ਕਰਕੇ ਇਹ ਕਥਨ ਭਾਰਤ ਦੇ ਪ੍ਰਧਾਨ ਮੰਤਰੀ ਤੇ ਵੀ ਲਾਗੂ ਹੁੰਦਾ ਹੈ। ਸੰਵਿਧਾਨ ਸਭਾ ਵਿਚ ਕੇ.ਟੀ. ਸ਼ਾਹ (K.T. Shah) ਨੇ ਕਿਹਾ ਸੀ, "ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਨੂੰ ਦੇਖ ਕੇ ਮੈਨੂੰ ਡਰ ਹੈ ਕਿ ਜੇਕਰ ਉਹ ਚਾਹੇ ਤਾਂ ਕਿਸੇ ਵੇਲੇ ਵੀ ਤਾਨਾਸ਼ਾਹ ਬਣ ਸਕਦਾ ਹੈ।" ਪਿਛਲੇ ਸਮੇਂ ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਜੈਲ ਸਿੰਘ ਸੰਬੰਧ ਚਰਚਾ ਦਾ ਵਿਸ਼ਾ ਬਣੇ ਰਹੇ। ਉੱਘੇ ਕਾਨੂੰਨਦਾਨ ਇਸ ਗੱਲ ਤੇ ਹੀ ਕਲਪਨਾ ਕਰਦੇ ਰਹੇ ਕਿ ਰਾਸ਼ਟਰਪਤੀ ਪ੍ਰਧਾਨ ਮੰਤਰੀ ਨੂੰ ਡਿਸਮਿਸ ਕਰ ਸਕਦਾ ਹੈ ਜਾਂ ਨਹੀਂ ? ਨਿਰਸੰਦੇਹ ਹੀ ਪ੍ਰਧਾਨ ਮੰਤਰੀ ਦੀ ਸਥਿਤੀ ਉਸ ਨੂੰ ਬੜਾ ਸ਼ਕਤੀਸ਼ਾਲੀ ਤੇ ਮਹੱਤਵਪੂਰਣ ਬਣਾ ਦਿੰਦੀ ਹੈ। ਉਸਦੀਆਂ ਸ਼ਕਤੀਆਂ ਹੇਠ ਲਿਖੀਆਂ ਹਨ:

(1) **ਮੰਤਰੀ ਪਰੀਸ਼ਦ ਦੀ ਰਚਨਾ (Formation of the Council of Ministers)** :- ਭਾਵੇਂ ਸੰਵਿਧਾਨ ਦੁਆਰਾ ਸਰਕਾਰ ਬਣਾਉਣ ਦਾ ਕੰਮ ਰਾਸ਼ਟਰਪਤੀ ਨੂੰ ਸੌਂਪਿਆ ਗਿਆ ਹੈ, ਪਰ ਪ੍ਰਧਾਨ ਮੰਤਰੀ ਦੀ ਚੋਣ ਨਾਲ ਹੀ ਰਾਸ਼ਟਰਪਤੀ ਦਾ ਸਰਕਾਰ ਬਣਾਉਣ ਸੰਬੰਧੀ ਮਹੱਤਵਪੂਰਣ ਕੰਮ ਖਤਮ ਹੋ ਜਾਂਦਾ ਹੈ, feT[e fJj gqXkB wzsoh dk ezw j? fe T[ nkgD/ ;fj:'rhnK ~ uD e/ TBQ dh f;cko F okFNogsh gk; eo/ ;ftXkBe oki ftu wzsohnK dh fB:[esh okFNogsh eodk j? go fJj fB:[esh fJe o;wh fijh rZb j? feT[fe n;b c?bk gqXkB wzsoh d/ jZE ftu jh jZdk j?

nkgD/ ;kEhnK dh uD eoB s/ fco TBQ ftu wfjew/ tzvD ftu gqXkB wzsoh ~ g{oh nkiaZdh j? wzsoh wzvb dk nkeko eh j't/ ns/ fej V/ ft nesh wzsoh wzvb ftu oZy/ ikD, fJj th gqXkB wzsoh dh woih T[s/ j? T[ nkgDh gkoNh s'I pkjo ob/ b'eK ~ th wzsoh wzvb ftu b? ;edk j? fijk fe itkjo bkb Bfjo{ B/ gfjbK wzsoh wzvb pDkT[D tb/ ehsk ;h

fJ; ftu e'Jh Fe Bjhl fe nkgD/ wzsoh ;kEhnK dh uD ftu gqXkB wzsoh T[s/ ;ftXkB tb'l e'Jh gkpzXh Bjhl ns/ T[ fitl uki/ eo ;edk j? go jehes fJj j?fe fJj ezw ;yk Bjhl feT[fe nfijk eoB ;wl T[ ~ eJh rZbK dk fynkb oZyDk gIdk j? T[ ~ gkoNh d/ gqwy wpoK d/ dkn ftnK ns/ TBQ dh okJ/ ~ wjZsk dDh gIdh j? gkoNh ftu tZy tZy XfVnK dk th fynkb oZyDk gIdk j? ns/ fJj th d/yDk gIdk j? fe tX okiK ~ wzsoh wzvb ftu gqsfBXsk fwb ;e/ ns/ jo fcoe/ ftu'l wzsoh bJ/ ikD. ;' wzsoh wzvb pDkT[D dk ezw pjs efmB j? ns/ gqXkB wzsoh dh Bhsh jokw eo fdzdk j?

wfj efwnK dh tzv ftu gqXkB wzsoh dh wBwoih ubdh j? go gkoNh d/ eM e[ XZb'dko s/ gpkD/ wpo nkgDh j?lns s'I xZN bZD tkb/ wfj ew/ ;zGkbD s'I fJBeko eo fdzd/ jB fi tl fe ;odko gNb rfj wzsokfbnK oki K Bkb ;pzXs ns/ ;{uBk s/ gqko wfj ew/ s'I SN e'Jh j'b wfj ewk bD bJh fsnko Bjhl ;B. fJ; soQ NhNhNhH feqBkuloh B/ 1962 dhnK nkw uDK s'I pknd T[d'l sZe wzsoh wzvb ftu Bk Fkwb j'D dh fid ehsh id'l se T[ ~ ftZ ftGkr Bk ;'fgnk fr nk wpkoih d/ kJh ~ jwFk wjZt g{oD wfj ewk fwbdk fojk j? id'l gqXkB wzsoh fJdok rKXh B/ T[ s'I ftGkr b? fbnk sK T[ B/ fsnkr gZo d/ fdZk iBsk ;oeko pDkT[D ;wl th gkoNh d/ T[x/ B/sktK ~ wkBsk dDh gJh ;h fi; d/ f;ZN/ ti'l uXoh uoB f;x ns/ pkp{ irihtB okw ~ T[g-gqXkB wzsoh pDkfJnk fr nk ;h fJ; s'I pkd iBsk ;oeko ;wl thtjhf;x B/ uXoh d/ h bkb ~ T[g gqXkB wzsoh pDkfJnk

;oekoh wFhBoh d/ ;[ r Yr Bkb ubD bJh fJj iaophj? fe gqXkB wzsoh eb wzsohnK dh fB:[esh d/ Bkb TBQ d/ ftGkr K ftu ndbk-pdbh eoB dk ns/ TBQ ~ jNkT[D dk fJe wkso nfXeko j't/ fJj d/yDk gqXkB wzsoh dk coi aj? fe jo wfj ewk ;pzXh wzsoh nXhB uzh soQ ezw foj k j? i K fe TBQ ftu ndbk pdbh eoB dh b'V j? ;' gqXkB wzsoh id'l uki/ ftGkr K

ਦੀ ਮੁੜ ਵੰਡ ਕਰ ਸਕਦਾ ਹੈ। ਪ੍ਰਧਾਨ ਮੰਤਰੀ ਕਿਸੇ ਵੀ ਮੰਤਰੀ ਨੂੰ ਜਿਸ ਦੀ ਮੌਜੂਦਗੀ ਨੂੰ ਉਹ ਸਰਕਾਰ ਦੀ ਨਿਪੁਨਤਾ ਅਤੇ ਪਕਿਆਈ ਲਈ ਹਾਨੀਕਾਰਕ ਸਮਝੇ, ਪਦਵੀ ਤੋਂ ਹਟਾ ਸਕਦਾ ਹੈ। ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਕਿਸੇ ਮੰਤਰੀ ਨੂੰ ਹਟਾਉਣ ਲਈ ਸਲਾਹ ਵੀ ਦੇ ਸਕਦਾ ਹੈ, ਕਿਉਂਕਿ ਸੰਵਿਧਾਨ ਅਨੁਸਾਰ ਮੰਤਰੀ ਰਾਸ਼ਟਰਪਤੀ ਦੀ ਖੁਸ਼ੀ ਉਪਰੰਤ ਹੀ ਅਹੁੱਦੇ ਤੇ ਰਹਿੰਦੇ ਹਨ ਅਤੇ ਰਾਸ਼ਟਰਪਤੀ ਜਦੋਂ ਵੀ ਚਾਹੇ ਕਿਸੇ ਵੀ ਮੰਤਰੀ ਨੂੰ ਹਟਾ ਸਕਦਾ ਹੈ। ਪਰ ਇਹ ਵੀ ਸੰਸਦ ਸਰਕਾਰ ਦੀ ਪ੍ਰਥਾ ਬਣ ਗਈ ਕਿ ਰਾਸ਼ਟਰਪਤੀ ਆਪਣੇ ਇਸ ਅਧਿਕਾਰ ਦੀ ਵਰਤੋਂ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਕਰੇਗਾ। ਕਿਸੇ ਮੰਤਰੀ ਨੂੰ ਬਰਖਾਸ਼ਤ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਆਮ ਕਰਕੇ ਉਸ ਨੂੰ ਅਸਤੀਫ਼ਾ ਦੇਣ ਲਈ ਕਹਿ ਦਿੰਦਾ ਹੈ ਮੰਤਰੀ ਆਮ ਕਰਕੇ ਇਹ ਸੁਝਾ ਨੂੰ ਮੰਨ ਹੀ ਲੈਂਦਾ ਹੈ। ਇਕ ਹੋਰ ਤਰੀਕਾ ਇਹ ਵੀ ਅਪਣਾਇਆ ਜਾਂਦਾ ਹੈ ਕਿ ਅਜਿਹੇ ਮੰਤਰੀ ਨੂੰ ਰਾਜਦੂਤ ਜਾਂ ਗਵਰਨਰ ਬਣਾ ਕੇ ਭੇਜ ਦਿੱਤਾ ਜਾਂਦਾ ਹੈ ਜਿਸ ਨਾਲ ਸੰਬੰਧ ਵਿਗੜੇ ਬਗੈਰ ਹੀ ਮਕਸਦ ਹੱਲ ਹੋ ਸਕਦਾ ਹੈ।

(2) **ਪ੍ਰਧਾਨ ਮੰਤਰੀ ਲੋਕ ਸਭਾ ਦਾ ਨੇਤਾ (Prime Minister as Leader of Lok Sabha) :-** ਪ੍ਰਧਾਨ ਮੰਤਰੀ ਲੋਕ ਸਭਾ ਦਾ ਮੈਂਬਰ ਹੋਣ ਦੇ ਨਾਲ ਪਾਰਟੀ ਨੇਤਾ ਵੀ ਹੈ। 1966 ਵਿਚ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੇ ਤਾਂ ਉਹ ਲੋਕ ਸਭਾ ਦੀ ਮੈਂਬਰ ਸੀ। ਸਾਡੇ ਸੰਵਿਧਾਨ ਵਿਚ ਪ੍ਰਧਾਨ ਮੰਤਰੀ ਦੇ ਉਪਰਲੇ ਸਦਨ ਦੇ ਮੈਂਬਰ ਹੋਣ ਬਾਰੇ ਕੋਈ ਰੁਕਾਵਟ ਨਹੀਂ ਜਦ ਕਿ ਇੰਗਲੈਂਡ ਇਹ ਇਕ ਪ੍ਰਥਾ ਬਣ ਚੁੱਕੀ ਹੈ ਕਿ ਪ੍ਰਧਾਨ ਮੰਤਰੀ ਹੇਠਲੇ ਸਦਨ ਵਿਚ ਹੀ ਹੋਵੇਗਾ ਅਤੇ 1902 ਤੋਂ ਬਾਅਦ ਉਥੇ ਦੇ ਸਾਰੇ ਪ੍ਰਧਾਨ ਮੰਤਰੀ ਲੋਕ ਸਦਨ ਦੇ ਮੈਂਬਰ ਹੀ ਰਹੇ ਹਨ। ਇਸ ਲਈ ਰਦ ਕਿ ਇੰਗਲੈਂਡ ਵਿਚ ਪ੍ਰਧਾਨ ਮੰਤਰੀ ਦੀ ਲਾਰਡ ਸਭਾ ਤਕ ਕੋਈ ਪਹੁੰਚ ਨਹੀਂ, ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦੋਹਾਂ ਸਦਨਾਂ ਵਿਚ ਬੋਲਣ ਦਾ ਅਤੇ ਉਹਨਾਂ ਦੀਆਂ ਕਾਰਵਾਈਆਂ ਵਿਚ ਹਿੱਸਾ ਲੈਣ ਦਾ ਅਧਿਕਾਰ ਹੈ। ਹਰ ਨੀਤੀ ਦਾ ਐਲਾਨ ਪ੍ਰਧਾਨ ਮੰਤਰੀ ਦੁਆਰਾ ਹੀ ਕੀਤਾ ਜਾਂਦਾ ਹੈ ਅਤੇ ਸਾਰੇ ਗੈਰ ਵਿਭਾਗੀ ਅਤੇ ਨਾਜ਼ੁਕ ਮਾਮਲਿਆਂ ਬਾਰੇ ਪ੍ਰਧਾਨ ਮੰਤਰੀ ਨੂੰ ਸਵਾਲ ਪੁੱਛੇ ਜਾਂਦੇ ਹਨ। ਸਾਰੇ ਸਰਵਜਨਿਕ ਮਹੱਤਵ ਵਾਲੇ ਮਾਮਲਿਆਂ ਉਤੇ ਕਾਰਵਾਈ ਪ੍ਰਧਾਨ ਮੰਤਰੀ ਦੁਆਰਾ ਹੀ ਆਰੰਭ ਕੀਤੀਆਂ ਜਾਂਦੀਆਂ ਹਨ। ਪ੍ਰਧਾਨ ਮੰਤਰੀ ਆਪਣੇ ਸਹਿਯੋਗੀਆਂ ਵਲੋਂ ਕੀਤੀਆਂ ਗਲਤੀਆਂ ਸਬੰਧੀ ਆਸਵਾਸ਼ਨ ਦੇ ਕੇ ਲੋਕ ਸਭਾ ਨੂੰ ਸੰਤੁਸ਼ਟ ਕਰ ਸਕਦਾ। ਇਸ ਤਰ੍ਹਾਂ ਇਹ ਮੰਤਰੀ ਮੰਡਲ ਦੇ ਨਾਲ ਨਾਲ ਲੋਕ ਸਭਾ ਦੇ ਨੇਤਾ ਵੀ ਹਨ। ਪ੍ਰਧਾਨ ਮੰਤਰੀ ਹੀ ਲੋਕ ਸਭਾ ਦਾ ਪ੍ਰੋਗਰਾਮ ਨਿਸ਼ਚਿਤ ਕਰਦਾ ਹੈ ਅਤੇ ਉਸ ਨੂੰ ਮੁਲਤਵੀ ਜਾਂ ਭੰਗ ਕਰਨ ਬਾਰੇ ਆਪਣੀ ਸਿਫਾਰਿਸ਼ ਕਰਦਾ ਹੈ। ਲੋਕ ਸਭਾ ਦੀਆਂ ਕਮੇਟੀਆਂ ਬਣਾਉਣ ਵਿਚ ਉਸ ਦਾ ਪੂਰਾ ਹੱਥ ਹੁੰਦਾ ਹੈ।

(3) **ਪ੍ਰਧਾਨ ਮੰਤਰੀ ਮੰਤਰੀ-ਮੰਡਲ ਦੇ ਚੇਅਰਮੈਨ ਦੇ ਤੌਰ ਤੇ (Prime Minister as Chairman of the Council of Ministers)** :- ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਪ੍ਰਧਾਨ ਵੀ ਹੈ। ਮੰਤਰੀਆਂ ਦੇ ਆਪਸ ਵਿਚ ਭਾਵੇਂ ਕਿੰਨੇ ਹੀ ਭੇਦ ਕਿਉਂ ਨਾ ਹੋਣ ਪਰ ਆਖਿਰ ਵਿਚ ਉਨ੍ਹਾਂ ਦਾ ਇਕ ਮੱਤ ਹੋਣਾ ਪਾਰਟੀ ਦੇ ਹਿੱਤਾਂ ਲਈ ਬਹੁਤ ਜ਼ਰੂਰੀ ਹੈ। ਦੋ ਮੰਤਰੀਆਂ ਜਾਂ ਦੋ ਵਿਭਾਗਾਂ ਵਿਚਲਾ ਝਗੜਾ ਪ੍ਰਧਾਨ ਮੰਤਰੀ ਦੀ ਸਾਲਸੀ ਦੁਆਰਾ ਨਿਪਟਾਇਆ ਜਾ ਸਕਦਾ। ਜੇਕਰ ਮੰਤਰੀ ਮੰਡਲ ਵਿਚਾਲੇ ਵਾਦ ਵਿਵਾਦ ਵਾਲੇ ਕੋਈ ਭੇਦ ਭਾਵ ਉਤਪੰਨ ਹੋ ਜਾਵੇ ਤਾਂ ਪ੍ਰਧਾਨ ਮੰਤਰੀ ਚੇਅਰਮੈਨ ਹੋਣ ਦੇ ਨਾਤੇ ਆਪਣਾ ਫੈਸਲਾ ਲਾਗੂ ਕਰ ਸਕਦਾ ਹੈ। ਏਜੰਡੇ ਉਤੇ ਵੀ ਪ੍ਰਧਾਨ ਮੰਤਰੀ ਦਾ ਹੀ ਕੰਟਰੋਲ ਹੁੰਦਾ ਹੈ। ਉਹ ਮੰਤਰੀ ਮੰਡਲ ਵਿਚ ਬਹਿਸ ਲਈ ਪ੍ਰਸਤਾਵਿਤ ਵਿਸ਼ਿਆਂ ਵਿਚੋਂ ਜਿਸ ਵਿਸ਼ੇ ਨੂੰ ਚਾਹੇ ਰੱਖ ਸਕਦਾ ਹੈ।

(4) **ਪ੍ਰਧਾਨ ਮੰਤਰੀ ਸਰਕਾਰ ਦਾ ਮੁੱਖ ਪ੍ਰਬੰਧਕ (Prime Ministers as Chief Executive)** :- ਸਰਕਾਰ ਦਾ ਮੁੱਖ ਪ੍ਰਬੰਧਕ ਹੋਣ ਦੇ ਨਾਤੇ ਪ੍ਰਧਾਨ ਮੰਤਰੀ ਵੱਖ ਵੱਖ ਵਿਭਾਗਾਂ ਦੇ ਮੰਤਰੀਆਂ ਵਿਚ ਤਾਲਮੇਲ ਪੈਦਾ ਕਰਦਾ ਹੈ। ਉਸਦਾ ਪਹਿਲਾ ਫਰਜ਼ ਇਹ ਹੈ ਕਿ ਉਹ ਸਰਕਾਰ ਨੂੰ ਇਕ ਇਕਾਈ ਦੇ ਰੂਪ ਵਿਚ ਸੰਗਠਿਤ ਕਰਨ ਲਈ ਵੱਖ ਵੱਖ ਸਰਕਾਰੀ ਕਾਰਵਾਈਆਂ ਵਿਚ ਯੋਗ ਸਬੰਧ ਸਥਾਪਿਤ ਕਰੇ। ਸਰਕਾਰ ਦਾ ਕਾਰਜ ਖੇਤਰ ਬਹੁਤ ਜ਼ਿਆਦਾ ਵਿਸਤ੍ਰਿਤ ਹੋ ਜਾਣ ਕਰਕੇ ਪ੍ਰਧਾਨ ਮੰਤਰੀ ਲਈ ਸਾਰੀਆਂ ਕਾਰਵਾਈਆਂ ਦੀ ਦੇਖਭਾਲ ਕਰਨਾ ਸੰਭਵ ਨਹੀਂ ਸੋ ਇਸ ਕੰਮ ਵਿਚ ਉਹ ਮੰਤਰੀ ਮੰਡਲ ਤੇ ਮੰਤਰੀ ਮੰਡਲ ਦੀਆਂ ਵੱਖ ਵੱਖ ਕਮੇਟੀਆਂ ਦੀ ਸਹਾਇਤਾ ਲੈਂਦਾ ਹੈ। ਫਿਰ ਵੀ ਸਾਰੇ ਵਿਭਾਗਾਂ ਦੀ ਨਿਗਰਾਨੀ ਦੀ ਅੰਤਿਮ ਜਿੰਮੇਵਾਰੀ ਪ੍ਰਧਾਨ ਮੰਤਰੀ ਦੀ ਹੈ ਅਤੇ ਉਸ ਕੋਲ

ਹਰ ਛੋਟੀ ਜਾਂ ਵੱਡੀ ਗੱਲ ਤੇ ਸਲਾਹ ਦੇਣ ਦਾ ਅਧਿਕਾਰ ਹੈ।

(5) **ਪ੍ਰਧਾਨ ਮੰਤਰੀ ਰਾਸ਼ਟਰਪਤੀ ਤੇ ਮੰਤਰੀ ਮੰਡਲ ਵਿਚਕਾਰ ਮਹੱਤਵਪੂਰਣ ਕੜੀ (Link between the President and Council of Ministers)** :- ਪ੍ਰਧਾਨ ਮੰਤਰੀ ਹੀ ਆਪਣੇ ਸਾਥੀਆਂ ਦੇ ਫੈਸਲੇ ਰਾਸ਼ਟਰਪਤੀ ਸਾਹਮਣੇ ਪੇਸ਼ ਕਰਦਾ ਹੈ ਅਤੇ ਉਨ੍ਹਾਂ ਬਾਰੇ ਉਸਦੀ ਸਲਾਹ ਲੈਂਦਾ ਹੈ। ਭਾਵੇਂ ਉਸ ਲਈ ਰਾਸ਼ਟਰਪਤੀ ਦੀ ਸਲਾਹ ਲੈਣੀ ਜ਼ਰੂਰੀ ਨਹੀਂ ਪਰ ਰਾਸ਼ਟਰਪਤੀ ਨੂੰ ਉਸ ਦੁਆਰਾ ਦਿੱਤੀ ਸਲਾਹ ਨੂੰ ਜ਼ਰੂਰ ਮੰਨਣਾ ਪੈਂਦਾ ਹੈ। ਕਿਸੇ ਮੰਤਰੀ ਦੁਆਰਾ ਪ੍ਰਧਾਨ ਮੰਤਰੀ ਨੂੰ ਦਿੱਤੇ ਗਏ ਵਰਨਣ ਨੂੰ ਦੁਹਰਾਣਾ ਜਾਂ ਮੰਤਰੀ ਮੰਡਲ ਵਿਚ ਹੋਈਆਂ ਬਹਿਸਾਂ ਦਾ ਭੇਦ ਖੋਲਣਾ ਸੰਸਦੀ ਸਰਕਾਰ ਦੀਆਂ ਪ੍ਰਥਾਵਾਂ ਦੇ ਖਿਲਾਫ ਹੈ। ਪ੍ਰਧਾਨ ਮੰਤਰੀ ਹੀ ਰਾਸ਼ਟਰਪਤੀ ਦਾ ਮੁੱਖ ਸਲਾਹਕਾਰ ਹੈ ਅਤੇ ਸੰਕਟ ਸਮੇਂ ਰਾਸ਼ਟਰਪਤੀ ਸਭ ਤੋਂ ਪਹਿਲਾਂ ਉਸ ਦੀ ਸਲਾਹ ਲਏਗਾ।

(6) **ਰਾਸ਼ਟਰਪਤੀ ਦੇ ਬਹੁਤ ਸਾਰੇ ਅਧਿਕਾਰਾਂ ਦੀ ਵਰਤੋਂ ਪ੍ਰਧਾਨ ਮੰਤਰੀ ਕਰਦਾ ਹੈ (Most of the President Powers are exercised by the Prime Minister)** :- ਰਾਸ਼ਟਰਪਤੀ ਸਿਰਫ ਨਾਂ ਮਾਤਰ ਦਾ ਮੁੱਖੀ ਹੈ। ਇਸ ਲਈ ਰਾਜ ਦੀਆਂ ਸਾਰੀਆਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਅਸਲ ਵਿਚ ਪ੍ਰਧਾਨ ਮੰਤਰੀ ਹੀ ਕਰਦਾ ਹੈ ਕਿਉਂਕਿ ਰਾਸ਼ਟਰਪਤੀ ਉਸ ਦੀ ਸਿਫਾਰਿਸ਼ ਅਨੁਸਾਰ ਅਹੁਦਿਆਂ ਤੇ ਨਿਯੁਕਤੀਆਂ ਕਰਦਾ ਹੈ। ਸੰਕਟ ਕਾਲ ਦੀ ਘੋਸ਼ਣਾ ਵੀ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਤੇ ਹੀ ਕਰਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਅਸਲੀ ਮੁਖੀ ਪ੍ਰਧਾਨ ਮੰਤਰੀ ਹੈ।

(7) **ਪ੍ਰਧਾਨ ਮੰਤਰੀ ਜਨਤਾ ਦਾ ਨੇਤਾ ਵੀ ਹੈ (Prime Minister is also the Leader of the People)** :- ਆਮ ਚੋਣਾਂ ਵਿਚ ਅਸਲ ਵਿਚ ਪ੍ਰਧਾਨ ਮੰਤਰੀ ਦੀ ਹੀ ਚੋਣ ਹੁੰਦੀ ਹੈ। 1952, 1957 ਅਤੇ 1962 ਦੀਆਂ ਚੋਣਾਂ ਵਿਚ ਕਾਂਗਰਸ ਦਾ ਨਾਅਰਾ ਸੀ, "ਨਹਿਰੂ ਦੇ ਹੱਥ ਮਜ਼ਬੂਤ ਕਰਨ ਲਈ ਕਾਂਗਰਸ ਨੂੰ ਵੋਟ ਦਿਓ।" ਆਮ ਜਨਤਾ ਉਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। 1971 ਦੀ ਚੋਣ ਕਾਂਗਰਸ ਪਾਰਟੀ ਨੇ ਇੰਦਰਾ ਗਾਂਧੀ ਹੀ ਸੀ। ਪ੍ਰਧਾਨ ਮੰਤਰੀ ਹੀ ਆਪਣੇ ਵਿਚਾਰ ਪ੍ਰਗਟ ਕਰਕੇ ਜਨਮਤ ਬਣਾਉਂਦਾ ਹੈ ਅਤੇ ਆਮ ਜਨਤਾ ਦੇ ਵਿਚਾਰਾਂ ਨੂੰ ਬਦਲਣਾ ਵੀ ਹੈ। ਵਿਚਾਰ ਪ੍ਰਗਟ ਕਰਨ ਲਈ ਪਾਰਟੀ ਦੇ ਸੰਮੇਲਨਾ ਵਿਚ ਅਤੇ ਹੋਰ ਮਹੱਤਵਪੂਰਣ ਮੌਕਿਆਂ ਤੇ ਭਾਸ਼ਨ ਦਿੰਦਾ ਹੈ ਪਰ ਸਾਰੇ ਪ੍ਰਧਾਨ ਮੰਤਰੀ ਇਕੋ ਜਿਹੇ ਹਰਮਨ ਪਿਆਰੇ ਨਹੀਂ ਹੋ ਸਕਦੇ। ਉਸ ਦੀ ਲੋਕਪ੍ਰਿਯਤਾ ਉਸ ਦੀ ਸ਼ਖਸੀਅਤ ਤੇ ਵੀ ਨਿਰਭਰ ਕਰਦੀ ਹੈ।

## 4.4 ਪ੍ਰਧਾਨ ਮੰਤਰੀ ਆਫਿਸ (ਦਫ਼ਤਰ)

ਪ੍ਰਧਾਨ ਮੰਤਰੀ ਦਾ ਕਾਰਜ ਵਿਸ਼ਾਲ ਅਤੇ ਮਹੱਤਵਪੂਰਣ ਹੋਣ ਕਾਰਨ ਅਕਸਰ ਇਹ ਤਜਵੀਜ਼ ਕੀਤੀ ਗਈ ਹੈ ਕਿ ਉਸਦਾ ਇਕ ਆਪਣਾ ਦਫ਼ਤਰ ਹੋਣਾ ਚਾਹੀਦਾ ਹੈ ਜਿਸ ਵਿਚ ਉਸਦੇ ਕਾਰਜ ਦੇ ਹਰ ਪੱਖ ਨੂੰ ਵਿਸਤਾਰਪੂਰਵਕ ਅਤੇ ਉਚਿਤ ਢੰਗ ਨਾਲ ਵਿਵਸਥਿਤ ਕੀਤਾ ਜਾ ਸਕੇ। ਕੈਬਨਿਕ ਸਕੱਤਰੇਤ, ਕੈਬਨਿਕ ਕਮੇਟੀਆਂ ਆਦਿ ਦਾ ਕਾਰਜ ਲਗਭਗ ਇਕੋ ਜਿਹਾ ਹੀ ਹੈ ਪਰ ਫਿਰ ਵੀ ਉਸਦੇ ਕਾਰਜ ਨੂੰ ਬੇਹਤਰ ਅਤੇ ਸਚਾਰੂ ਢੰਗ ਨਾਲ ਚਲਾਉਣ ਲਈ 'ਪ੍ਰਧਾਨ ਮੰਤਰੀ ਆਫਿਸ' ਦੀ ਸਥਾਪਨਾ ਐਲੋਕੇਸ਼ਨ ਆਫ਼ ਬਿਜ਼ਨਸ ਰੂਲਜ 1961 ਦੇ ਤਹਿਤ ਭਾਰਤ ਸਰਕਾਰ ਦੇ ਇਕ ਵਿਭਾਗ ਦੇ ਰੂਪ ਵਿਚ ਕੀਤੀ ਗਈ।

(1) **ਕਾਰਜ (Function) :-** ਪ੍ਰਧਾਨ ਮੰਤਰੀ ਆਫਿਸ ਜਾਂ ਦਫ਼ਤਰ ਨੂੰ ਪ੍ਰਧਾਨ ਮੰਤਰੀ ਸਕੱਤਰੇਤ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਕੰਮ ਪ੍ਰਧਾਨ ਮੰਤਰੀ ਦਾ ਹੋਰਨਾਂ ਮੰਤਰਾਲਿਆਂ, ਗਵਰਨਰਾਂ ਮੁੱਖ ਮੰਤਰੀਆਂ, ਵਿਦੇਸ਼ੀ ਨੁਮਾਇਦੇਆਂ ਨਾਲ ਸੰਬੰਧ ਬਣਾਈ ਰੱਖਣ ਵਿਚ ਮਦਦ ਪ੍ਰਦਾਨ ਕਰਨਾ ਹੈ। ਇਸ ਦਫ਼ਤਰ ਦੇ ਮੁੱਖ ਕਾਰਜ ਨਿਮਨਲਿਖਿਤ ਹਨ :-

1 ਪ੍ਰਧਾਨ ਮੰਤਰੀ ਨੂੰ ਸਬੰਧਿਤ ਸਾਰੇ ਰੈਫਰੈਸ਼ਾਂ ਨਾਲ ਨਜਿੱਠਣਾ।

2 ਪ੍ਰਸ਼ਾਸਨ ਦਾ ਮੁੱਖੀ ਹੋਣ ਵਜੋਂ ਪ੍ਰਧਾਨ ਮੰਤਰੀ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਮਦਦ ਕਰਨਾ। ਇਸ ਵਿਚ ਕੇਂਦਰੀ ਮੰਤਰਾਲੇ ਅਤੇ ਰਾਜ ਸਰਕਾਰਾਂ ਨਾਲ ਸੰਪਰਕ ਬਣਾਏ ਰਖਣਾ ਵੀ ਸ਼ਾਮਿਲ ਹੈ।

3 ਯੋਜਨਾਬੰਦੀ ਆਯੋਗ ਦੇ ਚੇਅਰਮੈਨ ਵਜੋਂ ਪ੍ਰਧਾਨ ਮੰਤਰੀ ਨੂੰ ਜ਼ਿੰਮੇਵਾਰੀਆਂ ਨਿਭਾਉਣ ਵਿਚ ਮਦਦ ਕਰਨਾ।

4 ਪ੍ਰਧਾਨ ਮੰਤਰੀ ਦੇ ਲੋਕਾਂ ਨਾਲ ਸੰਪਰਕ ਨੂੰ ਬੇਹਤਰ ਬਣਾਉਣਾ ਪ੍ਰਧਾਨ ਮੰਤਰੀ ਦੀ ਰਾਇ ਨੂੰ ਪ੍ਰੈਸ ਰਾਹੀਂ ਜਨਤਾ ਤਕ ਪਹੁੰਚਾਣਾ ਇਸ ਦਫਤਰ ਦਾ ਹੀ ਕਾਰਜ ਹੈ।

ਪ੍ਰਧਾਨ ਮੰਤਰੀ ਦੇ ਨਿਜੀ ਕਾਰਜਾਂ ਦੀ ਦੇਖਰੇਖ ਇਸ ਦਫਤਰ ਦੁਆਰਾ ਕੀਤੀ ਜਾਂਦੀ ਹੈ ਪਰ ਉਸਦੇ ਕੈਬਨਿਟ ਨਾਲ ਸਬੰਧਾਂ ਦੀ ਦੇਖ-ਰੇਖ ਦਾ ਜ਼ਿੰਮਾ ਕੈਬਨਿਟ ਸਕੱਤਰੇਤ ਦਾ ਹੈ।

ਪ੍ਰਧਾਨ ਮੰਤਰੀ ਸਕੱਤਰੇਤ ਦੀ ਬਣਤਰ ਅਤੇ ਕਾਰਜ ਸਮੇਂ ਸਿਰ ਬਦਲਦੀ ਰਹਿੰਦੀ ਹੈ, ਇਹ ਪ੍ਰਧਾਨ ਮੰਤਰੀ ਦੇ ਵਿਅਕਤੀਤਵ ਤੇ ਇਛਾਵਾਂ ਤੇ ਨਾ ਕੇਵਲ ਨਿਰਭਰ ਹੈ ਬਲਕਿ ਉਸਦੀ ਸ਼ਖਸੀਅਤ ਦਾ ਲੋਕ ਪ੍ਰਗਟਾਵਾ ਵੀ ਕਰਦੀ ਹੈ। ਪ੍ਰਧਾਨ ਮੰਤਰੀ ਨੂੰ ਰੈਫਰ ਕੀਤੇ ਜਾਣ ਵਾਲੇ ਲਗਭਗ ਸਾਰੇ ਹੀ ਮਾਮਲੇ ਇਸ ਦਫਤਰ ਦੇ ਅਹੁੱਦੇ ਦਾਰਾਂ ਦੁਆਰਾ ਨੀਤੀ ਅਤੇ ਨਿਯਮਤਾ ਦੀ ਲੋਅ ਵਿਚ ਵੇਖੇ ਜਾਂਦੇ ਹਨ। ਕੋਈ ਵੀ ਮਸਲਾ ਵੱਖ ਵੱਖ ਮੰਤਰਾਲੇ ਵਿਚ ਉਤਪੰਨ ਹੋਵੇ ਅਤੇ ਉਸ ਉਪਰ ਸਹਿਮਤੀ ਨਾ ਹੋਣ ਦੀ ਸੂਰਤ ਵਿਚ ਪ੍ਰਧਾਨ ਮੰਤਰੀ ਆਪਣੇ ਸਟਾਫ ਅਫਸਰਾਂ ਅਤੇ ਮਾਹਿਰਾਂ ਦੀ ਰਾਇ ਲੈਂਦਾ ਹੈ। ਇਸ ਦਫਤਰ ਰਾਹੀਂ ਪ੍ਰਧਾਨ ਮੰਤਰੀ ਆਪਣੇ ਮੰਤਰੀ ਮੰਡਲ ਉਪਰ ਅਸਿੱਧੇ ਤੌਰ ਤੇ ਨਿਯੰਤਰਣ ਰੱਖਦਾ ਹੈ।

ਭਾਰਤ ਵਿਚ ਅਜਿਹਾ ਦਫਤਰ ਰੱਖਣ ਦੀ ਰਿਵਾਇਤ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ। ਪੰਡਿਤ ਨਹਿਰੂ ਨੇ ਆਪਣਾ ਨਿਜੀ ਅਮਲਾ ਸਕੱਤਰੇਤ 1947 ਵਿਚ ਸਥਾਪਿਤ ਕੀਤਾ। ਇਹ ਸਕੱਤਰੇਤ ਸਮਾਂ ਪਾਕੇ ਕਾਫ਼ੀ ਸ਼ਕਤੀਸ਼ਾਲੀ ਹੋ ਗਿਆ। ਸ੍ਰੀ ਮੋਰਾਰਜੀ ਡਿਸਾਈ ਨੇ ਇਸਦਾ ਨਾਮ ਬਦਲ ਕੇ ਪ੍ਰਧਾਨ ਮੰਤਰੀ ਦਫਤਰ ਰੱਖ ਦਿੱਤਾ ਸਮੇਂ ਸਮੇਂ ਅਨੁਸਾਰ ਇਸਦੀ ਸ਼ਕਤੀ ਵਧਦੀ ਅਤੇ ਘਟਦੀ ਰਹਿੰਦੀ ਹੈ। ਹਰ ਪ੍ਰਧਾਨ ਮੰਤਰੀ ਦਾ ਆਪਣੀ ਕੌਂਸਿੰਲ ਵਿਚ ਰੁਤਬਾ ਅਤੇ ਸ਼ਕਤੀ ਵਰਤੋਂ ਅਤੇ ਅਗਵਾਈ ਦੇ ਤਰੀਕੇ ਉਪਰ ਹੀ ਇਸਦੀ ਮਹੱਤਤਾ ਨਿਰਭਰ ਕਰਦੀ ਹੈ।

ਪ੍ਰਧਾਨ ਮੰਤਰੀ ਦੇ ਕਾਰਜਾਂ ਨੂੰ ਜੇਕਰ ਦੋ ਮੁੱਖ ਭਾਗਾਂ ਰਾਜਨੀਤਿਕ ਅਤੇ ਪ੍ਰਸਾਸ਼ਕੀ ਵਿਚ ਵੰਡ ਦੇਈਏ ਤਾਂ ਇਹ ਕਹਿਣਾ ਉਚਿਤ ਹੋਵੇਗਾ ਕਿ ਇਸ ਦਫ਼ਤਰ ਦਾ ਮੁੱਖ ਕਾਰਨ ਪ੍ਰਧਾਨ ਮੰਤਰੀ ਦੇ ਪ੍ਰਸਾਸ਼ਕੀ ਕੰਮ ਨੂੰ ਨਿਪਟਾਉਣ ਵਿਚ ਸਲਾਹ-ਮਸ਼ਵਰਾ ਦੇਣਾ ਹੈ।

ਰਾਜੀਵ ਗਾਂਧੀ ਦੇ ਸਮੇਂ ਇਹ ਇਤਨਾ ਸ਼ਕਤੀਸ਼ਾਲੀ ਹੋ ਗਿਆ ਕਿ ਇਸ ਰਾਹੀਂ ਉਹ ਕਾਰਜ ਵੀ ਕੀਤੇ ਜਾਣ ਲਗ ਪਏ ਜੋ ਕਿਸੇ ਵੀ ਤਰ੍ਹਾਂ ਇਸਦੀ ਅਧਿਕਾਰ ਖੇਤਰ ਤੋਂ ਬਾਹਰ ਸਨ। ਨਰਸਿਮਹਾ ਰਾਓ ਨੇ ਸ਼ੁਰੂ ਵਿਚ ਤਾਂ ਇਸਦੇ ਅਧਿਕਾਰ-ਖੇਤਰ ਨੂੰ ਬਹੁਤ ਸੀਮਿਤ ਰੱਖਣ ਦੀ ਕੋਸ਼ਿਸ਼ ਕੀਤੀ ਪਰ ਹੌਲੀ-ਹੌਲੀ ਉਸ ਨੂੰ ਵੀ ਇਹ ਮਹਿਸੂਸ ਹੋਣ ਲਗ ਪਿਆ ਕਿ ਪ੍ਰਧਾਨ ਮੰਤਰੀ ਸਮੁਚੇ ਪ੍ਰਸਾਸ਼ਨ ਤੇ ਨਿਯੰਤਰਣ ਕੇਵਲ ਇਸ ਦਫ਼ਤਰ ਰਾਹੀਂ ਹੀ ਰੱਖ ਸਕਦਾ ਹੈ ਇਸ ਦਫਤਰ ਬਾਰੇ ਇਹ ਕਹਿ ਸਕਦੇ ਹਾਂ ਕਿ ਇਹ ਦਫ਼ਤਰ ਸੰਵਿਧਾਨ ਤੋਂ ਬਾਹਰ ਹੁੰਦੇ ਹੋਏ ਵੀ ਵਧੇਰੇ ਸ਼ਕਤੀਸ਼ਾਲੀ ਬਣ ਗਿਆ ਹੈ। ਇਸਦੇ ਕਾਰਨ ਕੈਬਨਿਟ ਸਕੱਤਰੇਤ ਅਤੇ ਕੈਬਨਿਟ ਸਕੱਤਰ ਦੀ ਸ਼ਕਤੀ ਅਤੇ ਮਹੱਤਤਾ ਘਟ ਗਈ ਹੈ। ਇਸ ਦਫਤਰ ਦੇ ਅਤਿਅਧਿਕ ਸ਼ਕਤੀਸ਼ਾਲੀ ਹੋਣ ਦੀ ਕਾਫ਼ੀ ਨਿੰਦਾ ਵੀ ਕੀਤੀ ਗਈ ਹੈ। ਇਹ ਕੋਸ਼ਿਸ਼ ਵੀ ਕੀਤੀ ਗਈ ਕਿ ਇਸਦੀ ਸ਼ਕਤੀ ਨੂੰ ਘਟਾ ਕੇ ਕੈਬਨਿਟ ਸਕੱਤਰੇਤ ਦੀ ਪੁਰਾਣੀ ਮਹੱਤਤਾ ਨੂੰ ਮੁੜ ਉਸਾਰਿਆ ਜਾਵੇ ਪਰ ਇਸ ਦਫਤਰ ਦੀ ਹੋਂਦ ਅਤੇ ਵਧ ਰਹੀ ਸ਼ਕਤੀ ਅਤੇ ਮਹੱਤਤਾ ਨੂੰ ਇਹ ਸਚਾਈ ਮੰਨਦੇ ਹੋਏ ਲਗਭਗ ਸਭ ਨੇ ਹੀ ਸਵੀਕਾਰ ਕਰ ਲਿਆ ਹੈ। ਬਲਕਿ ਕੁਝ ਨੇ ਤਾਂ ਇਸਦਾ ਪੱਖ ਲੈਂਦੇ ਹੋਏ ਇਹ ਵੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਤਾਂ ਹੀ ਸ਼ਕਤੀਸ਼ਾਲੀ ਰਹਿ ਸਕਦਾ ਹੈ, ਜੇਕਰ ਇਹ ਦਫ਼ਤਰ ਉਸਦੇ ਸਾਰੇ ਕਾਰਜਾਂ ਨੂੰ ਉਚਿਤ ਅਤੇ ਸੁਚਾਰੂ ਰੂਪ ਵਿਚ ਕਰਦਾ ਰਹੇ। ਭਾਵ ਪ੍ਰਧਾਨ ਮੰਤਰੀ ਨੂੰ ਆਪਣੀ ਪ੍ਰਭਾਵਕਤਾ ਬਣਾਈ ਰੱਖਣ ਲਈ ਸ਼ਕਤੀਸ਼ਾਲੀ ਅਤੇ ਸੋਝੀ ਅਮਲੇ ਦੀ ਆਵਸ਼ਕਤਾ ਹੈ ਜਿਸਦੀ ਪੂਰਤੀ ਉਹ ਇਸ ਦਫ਼ਤਰ ਰਾਹੀਂ ਕਰਦਾ ਹੈ।

**ਸਵੈ-ਅਭਿਆਸ ਪ੍ਰਸ਼ਨਾਵਲੀ-।।**

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਦਾ ਉਲੇਖ ਕਰੋ।

2) ਪ੍ਰਧਾਨ ਮੰਤਰੀ ਮੰਤਰੀ ਪਰੀਸ਼ਦ ਦਾ ਨਿਰਮਾਣ ਨਹੀਂ ਕਰਦਾ - ਸਹੀ / ਗਲਤ।

## 4.5 ਪ੍ਰਧਾਨ ਮੰਤਰੀ ਦੀ ਸਥਿਤੀ (Position of Prime Minister)

ਭਾਰਤ ਦਾ ਪ੍ਰਧਾਨ ਮੰਤਰੀ ਸ਼ਕਤੀਸ਼ਾਲੀ ਹਸਤੀਆਂ ਵਿਚੋਂ ਇਕ ਹੈ। ਮੰਤਰੀਆਂ ਤੇ ਪ੍ਰਧਾਨ ਮੰਤਰੀ ਦੇ ਆਪਸੀ ਸਬੰਧ ਬਾਰੇ ਆਮ ਧਾਰਨਾ ਇਹੀ ਹੈ ਕਿ ਉਹ ਬਰਾਬਰ ਦਿਆਂ ਵਿਚੋਂ ਸਭ ਤੋਂ ਪਹਿਲਾ ਹੈ।(Prime Minister

is first among equals) ਅਤੇ ਦੂਜੇ ਮੰਤਰੀ ਉਸ ਦੇ ਅਧੀਨ ਨਹੀਂ, ਸਾਥੀ ਹਨ। ਪਰ ਅਸਲ ਵਿਚ ਪ੍ਰਧਾਨ ਮੰਤਰੀ ਬਰਾਬਰ ਦੀਆਂ ਵਿਚੋਂ ਪਹਿਲਾਂ ਨਹੀਂ ਸਗੋਂ ਸੂਰਜ ਹੈ ਜਿਸ ਦੇ ਦੁਆਲੇ ਗ੍ਰਹਿ ਘੁੰਮਦੇ ਹਨ। ਪ੍ਰਧਾਨ ਮੰਤਰੀ ਦਾ ਅਹੁਦਾ ਸੰਵਿਧਾਨ ਦੁਆਰਾ ਹੋਂਦ ਵਿਚ ਆਇਆ ਹੋਣ ਕਰਕੇ ਉਸ ਦੀਆਂ ਸ਼ਕਤੀਆਂ ਪਿਛੇ ਸੰਵਿਧਾਨਕ ਮਾਨਤਾ ਹੈ। ਉਹ ਮੰਤਰੀ ਪਰਿਸ਼ਦ ਦਾ ਮੁੱਖੀ ਹੈ ਅਤੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਮੰਤਰੀ ਉਸ ਦੀ ਖੁਸ਼ੀ ਉਪਰੰਤ ਹੀ ਅਹੁੱਦੇ ਤੇ ਰਹਿ ਸਕਦੇ ਹਨ। ਭਾਵੇਂ ਸੰਵਿਧਾਨਕ ਰੂਪ ਵਿਚ ਨਿਯੁਕਤੀ ਕਰਨ ਜਾਂ ਹਟਾਉਣ ਦੀ ਸ਼ਕਤੀ ਰਾਸ਼ਟਰਪਤੀ ਦੀ ਹੈ ਪਰ ਅਸਲ ਵਿਚ ਰਾਸ਼ਟਰਪਤੀ ਪ੍ਰਧਾਨ ਦੀ ਸਲਾਹ ਨਾਲ ਹੀ ਇਹ ਕੁਝ ਕਰਦਾ ਹੈ। ਜੇ ਕੋਈ ਪ੍ਰਧਾਨ ਮੰਤਰੀ ਦੇ ਹੁਕਮ ਨੂੰ ਭੰਗ ਕਰਦਾ ਹੈ ਜਾਂ ਉਸਦੇ ਵਿਰੁੱਧ ਆਵਾਜ਼ ਉਠਾਉਂਦਾ ਹੈ ਤਾਂ ਉਸ ਦਾ ਮੰਤਰੀ ਮੰਡਲ ਵਿਚ ਰਹਿਣਾ ਅਸੰਭਵ ਹੋ ਜਾਂਦਾ ਹੈ। ਵਿਨਸਟਨ ਚਰਚਿਲ (Winston Churchil) ਦਾ ਕਥਨ ਹੈ ਕਿਸੇ ਸਰਕਾਰ ਦੇ ਖੇਤਰ ਵਿਚ ਨੰਬਰ ਇਕ ਦੀ ਸਥਿਤੀ ਦਾ ਤਿੰਨ ਜਾਂ ਚਾਰ ਦੀ ਸਥਿਤੀ ਨਾਲ ਕੋਈ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਨੰਬਰ ਇਕ ਦੀਆਂ ਸਮੱਸਿਆਵਾਂ ਤੇ ਕਰਤੱਵ ਹੋਰ ਸਭਨਾਂ ਨਾਲੋਂ ਵੱਖਰੇ ਹੀ ਨਹੀਂ ਸਗੋਂ ਕਈ ਵਾਰ ਬਹੁਤ ਮੁਸ਼ਕਿਲ ਵੀ ਹੁੰਦੇ ਹਨ। ਸੋ ਜਿਥੋਂ ਤੱਕ ਮੰਤਰੀਆਂ ਦੇ ਨਾਲ ਸਬੰਧਾਂ ਦਾ ਸਵਾਲ ਹੈ, ਪ੍ਰਧਾਨ ਮੰਤਰੀ ਦੀ ਸਥਿਤੀ ਉਨ੍ਹਾਂ ਸਭ ਵਿਚੋਂ ਮਹੱਤਵਪੂਰਨ ਹੈ। ਸੰਵਿਧਾਨ ਦੀ 39ਵੀਂ ਨੇ ਪ੍ਰਧਾਨ ਮੰਤਰੀ ਦੀ ਵੱਖਰੀ ਤੇ ਸ੍ਰੇਟ ਸਥਿਤੀ ਨੂੰ ਸਪੱਸ਼ਟ ਕਰ ਦਿੱਤਾ ਸੀ।

ਪਰ ਇਸ ਦੇ ਨਾਲ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਪ੍ਰਧਾਨ ਮੰਤਰੀ ਦੀ ਸਥਿਤੀ ਉਸ ਦੇ ਦਲ ਕਰਕੇ ਹੀ ਹੈ। ਅਪਣੇ ਦਲ ਤੋਂ ਬਗੈਰ ਉਸ ਦੀ ਕੁਝ ਹੈਸੀਅਤ ਨਹੀਂ ਜੋ ਕੁਝ ਬਣਣ ਦਾ ਉਹ ਦਾਅਵਾ ਕਰਦਾ ਹੈ, ਉਸ ਦਾ ਸਿਹਰਾ ਉਸ ਦੇ ਦਲ ਦੇ ਸਿਰ ਤੇ ਹੈ ਕਿਉਂਕਿ ਦਲ ਨੇ ਹੀ ਉਸ ਨੂੰ ਇਹ ਸਥਿਤੀ ਪ੍ਰਦਾਨ ਕੀਤੀ ਹੁੰਦੀ ਹੈ। ਜਦੋਂ ਤੱਕ ਦਲ ਉਤੇ ਉਸਦਾ ਕਾਬੂ ਹੈ ਉਹ ਆਪਣੇ ਦਲ ਨੂੰ ਨਿਰਦੇਸ਼ ਦੇ ਸਕਦਾ ਹੈ ਅਤੇ ਆਪਣੇ ਫੈਸਲੇ ਮੰਨਵਾ ਸਕਦਾ ਹੈ। ਪਰ ਕਈ ਵਾਰੀ ਉਸ ਨੂੰ ਪਾਰਟੀ ਦੇ ਫੈਸਲੇ ਅੱਗੇ ਝੁਕਣਾ ਹੀ ਪੈਂਦਾ ਹੈ। 1962 ਵਿਚ ਜਦੋਂ ਚੀਨ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਾਂਗਰਸ ਪਾਰਲੀਮੈਂਟ ਬੋਰਡ ਦੇ ਫੈਸਲੇ ਨੂੰ ਮੰਨਣ ਤੋਂ ਨਾ ਕੇਵਲ ਇਨਕਾਰ ਕੀਤਾ ਸਗੋਂ ਰਾਸ਼ਟਰਪਤੀ ਦੀ ਚੋਣ ਵਿਚ ਕਾਂਗਰਸ ਦੇ ਉਮੀਦਵਾਰ ਦਾ ਖੁਲ੍ਹੇ ਤੌਰ ਤੇ ਡਟ ਕੇ ਵਿਰੋਧ ਕੀਤਾ ਸੀ ਜਿਸ ਦੇ ਸਿੱਟੇ ਵਜੋਂ ਕਾਂਗਰਸ ਦੇ ਉਮੀਦਵਾਰ ਸੰਜੀਵਾ ਰੈਡੀ ਦੀ ਹਾਰ ਹੋ ਗਈ। ਭਾਵੇਂ ਪ੍ਰਧਾਨ ਮੰਤਰੀ ਉੱਤੇ ਪਾਰਟੀ ਦੇ ਅਨੁਸ਼ਾਸਨ ਤੋੜਨ ਦਾ ਗੰਭੀਰ ਇਲਜ਼ਾਮ ਲਾਇਆ ਜਾ ਸਕਦਾ ਹੈ ਪਰ ਇਸ ਘਟਨਾ ਤੋਂ ਪ੍ਰਧਾਨ ਮੰਤਰੀ ਦੀ ਸ਼ਕਤੀ ਤੇ ਸਥਾਨ ਦਾ ਭਲੀ ਭਾਂਤ ਪਤਾ ਲਗ ਜਾਂਦਾ ਹੈ।

ਜਿਵੇਂ ਜੈਨਿੰਗਜ ਨੇ ਵੀ ਕਿਹਾ ਹੈ, ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਹੱਤਤਾ ਅਹੁਦਾਕਾਰ ਦੀ ਸ਼ਖਸੀਅਤ ਤੇ ਨਿਰਭਰ ਕਰਦੀ ਹੈ। ਇਕ ਕਮਜੋਰ ਸ਼ਖਸੀਅਤ ਵਾਲਾ ਵਿਅਕਤੀ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ ਪਰ ਇਕ ਮਜ਼ਬੂਤ ਸਖਸੀਅਤ ਵਾਲਾ ਪ੍ਰਧਾਨ ਮੰਤਰੀ ਜੇ ਚਾਹੇ ਤਾਨਾਸ਼ਾਹ ਬਣ ਸਕਦਾ ਹੈ। ਇਸ ਦੀ ਮਿਸਾਲ ਸਾਨੂੰ ਭਾਰਤ ਦੇ ਅਜੋਕੇ ਇਤਿਹਾਸ ਵਿਚੋਂ ਵੀ ਮਿਲ ਸਕਦੀ ਹੈ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇੰਨੀ ਮਹਾਨ ਸ਼ਖਸੀਅਤ ਦੇ ਮਾਲਕ ਸਨ ਕਿ ਜੇ ਉਹ ਚਾਹੁੰਦੇ ਤਾਂ ਤਾਨਾਸ਼ਾਹ ਬਣ ਸਕਦੇ ਸਨ। ਪਰ ਲੋਕਤੰਤਰੀ ਕੀਮਤਾਂ ਦੀ ਉਹ ਇਤਨੀ ਕਦਰ ਕਰਦੇ ਸਨ ਕਿ ਉਹ ਅਜਿਹਾ ਨਾ ਕਰ ਸਕੇ ਇਸ ਦੇ ਉਲਟ ਅਸੀਂ ਦੇਖਦੇ ਹਾਂ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਪਣੇ ਕਾਰਜਕਾਲ ਦੌਰਾਨ ਤੇ ਖਾਸ ਕਰਕੇ ਸੰਕਟ ਕਾਲ ਵਿਚ ਸਰਕਾਰ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਹੱਥ ਵਿਚ ਲੈ ਲਈਆਂ ਹਨ। ਮੰਤਰੀ ਮੰਡਲ, ਸੰਸਦ ਤੇ ਕਾਂਗਰਸ ਪਾਰਟੀ ਉਤੇ ਉਸ ਦਾ ਕੰਟਰੋਲ ਸੀ ਕਈ ਮਹੱਤਵਪੂਰਣ ਫੈਸਲੇ ਉਹ ਬਗੈਰ ਮੰਤਰੀ ਮੰਡਲ ਦੀ ਸਲਾਹ ਦੇ ਆਪਣੇ ਆਪ ਹੀ ਲੈ ਲੈਂਦੀ ਸੀ ਅਤੇ ਕਿਸੇ ਮੰਤਰੀ ਦੀ ਉਸ ਦੇ ਖਿਲਾਫ ਗੱਲ ਕਰਨ ਦੀ ਜੁਅਰਤ ਨਹੀਂ ਸੀ। ਜਿਵੇਂ ਕਿ ਪਤਾ ਲੱਗਾ ਕਿ 1975 ਵਿਚ ਸੰਕਟਕਾਲ ਘੋਸ਼ਿਤ ਕਰਨ ਵਾਲਾ ਮਹੱਤਵਪੂਰਣ ਫੈਸਲਾ ਵੀ ਪ੍ਰਧਾਨ ਮੰਤਰੀ ਨੇ ਆਪ ਹੀ ਬਗੈਰ ਮੰਤਰੀ ਮੰਡਲ ਦੀ ਸਲਾਹ ਲਏ ਕੀਤਾ ਸੀ ਤੇ ਮੰਤਰੀ ਮੰਡਲ ਨੂੰ ਇਸ ਦੀ ਇਤਲਾਹ ਘੋਸ਼ਣਾ ਹੋਣ ਤੋਂ ਬਾਅਦ ਦਿੱਤੀ ਗਈ ਸੀ। ਉਸ ਨੇ ਆਪਣੇ ਮੰਤਰੀ ਮੰਡਲ ਵਿਚ ਆਪਣੀ ਮਨ-ਮਰਜ਼ੀ ਅਨੁਸਾਰ ਕਈ ਵਾਰ ਅਦਲਾ ਬਦਲੀ ਕੀਤੀ। ਇਸ ਗੱਲ ਦੀ ਵੀ ਕਰੜੀ ਆਲੋਚਨਾ ਤੇ ਬਹੁਤ ਚਰਚਾ ਹੋਈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਪਰਸਤੀ ਕਾਰਨ ਉਸ ਦੇ ਨਿੱਜੀ ਸਟਾਫ਼ ਦੇ ਕਈ ਬੰਦੇ ਤੇ ਨਿੱਜੀ ਸਲਾਹਕਾਰ ਜਿੰਨਾ ਦਾ ਸਰਕਾਰਾਂ ਵਿਚ ਕੋਈ ਅਹੁਦਾ ਨਹੀਂ ਸੀ ਮੰਤਰੀਆਂ ਨਾਲੋਂ ਵੱਧ ਸ਼ਕਤੀਸ਼ਾਲੀ ਬਣ ਗਏ ਸਨ। ਇਸ ਸਾਰੀ ਸਥਿਤੀ ਨੂੰ ਦੇਖਦਿਆਂ ਹੋਇਆ ਡਬਲਯੂ ਐਚ ਕਰਾਸਮੇਨ (W.H.Crosman) ਦੇ ਇਨ੍ਹਾਂ

ਸ਼ਬਦਾਂ ਦੀ ਪੁਸ਼ਟੀ ਹੁੰਦੀ ਹੈ ਕਿ ਸੰਸਦੀ ਪ੍ਰਕਾਰ ਦੇ ਰੂਪ ਨੇ ਪ੍ਰਧਾਨ ਮੰਤਰੀ ਦੀ ਸਰਕਾਰ (Prime Ministers form of Government) ਦਾ ਰੂਪ ਅਖਤਿਆਰ ਕਰ ਲਿਆ ਹੈ।

ਉਪਰੋਕਤ ਵੇਰਵੇਂ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਭਾਰਤੀ ਰਾਜਨੀਤਿਕ ਪ੍ਰਣਾਲੀ ਵਿਚ ਪ੍ਰਧਾਨ ਮੰਤਰੀ ਦੀ ਮਹੱਤਵਪੂਰਣ ਭੂਮਿਕਾ ਹੈ। ਸੰਸਦ, ਮੰਤਰੀ ਮੰਡਲ, ਸ਼ਾਸਕ ਦਲ ਅਤੇ ਪ੍ਰਸ਼ਾਸਨ ਵਿਚ ਉਸ ਦੀ ਸਥਿਤੀ ਕਾਫ਼ੀ ਪ੍ਰਭਾਵਸ਼ਾਲੀ ਹੁੰਦੀ ਹੈ ਪਰ ਇਹ ਸਭ ਉਨ੍ਹਾਂ ਤੱਥਾਂ ਤੇ ਨਿਰਭਰ ਕਰਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਲੋਕ ਸਭਾ ਵਿਚ ਕਿਸ ਤਰ੍ਹਾਂ ਦਾ ਸਮਰਥਨ ਪ੍ਰਾਪਤ ਹੈ। ਪੰਡਿਤ ਜਵਾਹਰ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀ ਸ਼ਕਤੀਸ਼ਾਲੀ ਸਥਿਤੀ ਮੁਰਾਰਜੀ ਦੇਸਾਈ ਅਤੇ ਵੀ.ਪੀ. ਸਿੰਘ ਦੀ ਨਹੀਂ ਸੀ ਕਿਉਂਕਿ ਇਕ ਤਾਂ ਉਨ੍ਹਾਂ ਦਾ ਦਲ ਅੰਦਰੂਨੀ ਫੁੱਟ ਦਾ ਸ਼ਿਕਾਰ ਸੀ ਅਤੇ ਦੂਜਾ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਕਈ ਰਾਜਨੀਤਿਕ ਦਲਾਂ ਦੇ ਪ੍ਰਤੀਨਿਧ ਸ਼ਾਮਲ ਸਨ ਪਰ ਵੀ.ਪੀ.ਸਿੰਘ ਸਰਕਾਰ ਘੱਟ ਗਿਣਤੀ ਬਹੁਮਤ ਸਰਕਾਰ ਸੀ ਅਤੇ ਉਨ੍ਹਾਂ ਦੀ ਸਰਕਾਰੀ ਭਾਰਤੀ ਜਨਤਾ ਪਾਰਟੀ ਤੇ ਸਾਮਵਾਦੀ ਦਲਾਂ ਦੇ ਬਾਹਰਲੇ ਸਮਰਥਨ ਤੇ ਨਿਰਭਰ ਕਰਦਾ ਸੀ। ਨਰਸਿਮਾ ਰਾਉ ਸਰਕਾਰ ਨੂੰ ਵੀ ਅਜੇ 2/3 ਬਹੁਮਤ ਪ੍ਰਾਪਤ ਨਹੀਂ ਹੋਇਆ ਸੀ ਪਰ ਹਕੀਕਤ ਹੈ ਕਿ ਪ੍ਰਧਾਨ ਮੰਤਰੀ ਜਿੰਨਾ ਜ਼ਿਆਦਾ ਸੁਝਵਾਨ, ਦੂਰਅੰਦੇਸ਼ ਅਤੇ ਗੁਣਵਾਨ ਨੀਤੀਵਾਨ ਹੋਵੇਗਾ, ਪ੍ਰਸ਼ਾਸਨ ਵਿਚ ਉਨ੍ਹਾਂ ਹੀ ਉਸ ਦਾ ਜ਼ਿਆਦਾ ਪ੍ਰਭਾਵ ਸਰਕਾਰ ਵਿਚ ਉਸ ਦੀ ਸਥਿਤੀ ਉਨ੍ਹੀ ਹੀ ਜ਼ਿਆਦਾ ਪ੍ਰਭਾਵਸ਼ਾਲੀ ਤੇ ਸ਼ਕਤੀਸ਼ਾਲੀ ਹੋਵੇਗੀ।

ਸੰਵਿਧਾਨ ਦੀ 78 ਧਾਰਾ ਨੇ ਮਾਰਚ 1987 ਵਿਚ ਬਹੁਤ ਵਾਦ ਵਿਵਾਦ ਉਤਪੰਨ ਕੀਤਾ ਸੀ। ਕਿਉਂਕਿ ਧਾਰਾ 78 ਵਿਚ ਇਹ ਵਿਵਸਥਾ ਹੈ ਕਿ ਮੰਤਰੀ ਮੰਡਲ ਦੇ ਫੈਸਲਿਆਂ ਦੀ ਰਾਸ਼ਟਰਪਤੀ ਨੂੰ ਸੂਚਨਾ ਦੇਣੀ ਪ੍ਰਧਾਨ ਮੰਤਰੀ ਦਾ ਕੰਮ ਹੈ। ਇਸ ਧਾਰਾ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਰਾਸ਼ਟਰਪਤੀ ਕੇਂਦਰੀ ਪ੍ਰਸ਼ਾਸਨ ਸਬੰਧੀ ਜਾਂ ਕਿਸੇ ਵਿਧਾਨਿਕ ਯੋਜਨਾ ਸੰਬੰਧੀ ਸੂਚਨਾ ਦੀ ਮੰਗ ਕਰਦਾ ਹੈ ਤਾਂ ਅਜਿਹੀ ਸੂਚਨਾ ਦੇਣੀ ਪ੍ਰਧਾਨ ਮੰਤਰੀ ਦਾ ਕਰਤੱਵ ਹੋਵੇਗਾ। ਪਰ ਮਾਰਚ 1987 ਵਿਚ ਸ੍ਰੀਮਤੀ ਗਾਂਧੀ ਦੀ ਹੱਤਿਆ ਸੰਬੰਧੀ ਠੱਕਰ ਕਮਿਸ਼ਨ (Thakkar Commission) ਨੇ ਜਾਂਚ ਪੜਤਾਲ ਕੀਤੀ ਸੀ ਪਰ ਕਮਿਸ਼ਨ ਦੀ ਰਿਪੋਰਟ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਪ੍ਰਧਾਨ ਮੰਤਰੀ ਦੁਆਰਾ ਦਿਖਾਈ ਨਹੀਂ ਗਈ ਪਰ ਰਾਸ਼ਟਰਪਤੀ ਨੇ ਧਾਰਾ 78 ਦਾ ਹਵਾਲਾ ਦਿੰਦਿਆਂ ਇਹ ਮੰਗ ਕੀਤੀ ਸੀ ਕਿ ਠੱਕਰ ਕਮਿਸ਼ਨ ਦੀ ਰਿਪੋਰਟ ਉਨ੍ਹਾਂ ਅੱਗੇ ਪੇਸ਼ ਕਰਨੀ ਪ੍ਰਧਾਨ ਮੰਤਰੀ ਦਾ ਸੰਵਿਧਾਨਿਕ ਕਰਤੱਵ ਹੈ। ਪਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਹ ਵਿਚਾਰ ਪੇਸ਼ ਕੀਤਾ ਸੀ ਕਿ ਧਾਰਾ 78 ਦੀ ਵਿਵਸਥਾ ਅਨੁਸਾਰ ਪ੍ਰਧਾਨ ਮੰਤਰੀ ਲਈ ਇਹ ਬੰਧਨਕਾਰੀ ਨਹੀਂ ਕਿ ਪ੍ਰਸ਼ਾਸਨ ਹਰ ਤਰ੍ਹਾਂ ਦੀ ਰਿਪੋਰਟ ਜਾਂ ਸੂਚਨਾ ਰਾਸ਼ਟਰਪਤੀ ਦੀ ਮੰਗ ਤੇ ਰਾਸ਼ਟਰਪਤੀ ਨੂੰ ਦੇਵੇ। ਪ੍ਰਧਾਨ ਮੰਤਰੀ ਨੇ ਇਹ ਪੱਖ ਲਿਆ ਸੀ ਕਿ ਰਾਸ਼ਟਰਪਤੀ ਮੰਤਰੀ ਪਰਿਸ਼ਦ ਦੀ ਸਲਾਹ ਤੋਂ ਬਿਨਾਂ ਕੋਈ ਵੀ ਕਾਰਜ ਨਹੀਂ ਕਰ ਸਕਦਾ ਅਤੇ ਇਹ ਵੀ ਮੰਤਰੀ ਪਰਿਸ਼ਦ ਤੇ ਨਿਰਭਰ ਕਰਦਾ ਹੈ ਕਿ ਰਾਸ਼ਟਰਪਤੀ ਦੁਆਰਾ ਮੰਗੀ ਸੂਚਨਾ ਰਾਸ਼ਟਰਪਤੀ ਨੂੰ ਪ੍ਰਦਾਨ ਕੀਤੀ ਜਾਵੇ ਜਾਂ ਨਹੀਂ। ਕਾਫੀ ਵਾਦ ਵਿਵਾਦ ਦੇ ਬਾਵਜੂਦ ਵੀ ਰਾਸ਼ਟਰਪਤੀ ਨੂੰ ਉਹ ਰਿਪੋਰਟ ਦਿਖਾਈ ਨਹੀਂ ਗਈ ਸੀ ਅਤੇ ਪ੍ਰਧਾਨ ਮੰਤਰੀ ਆਪਣੇ ਪੱਖ ਉਤੇ ਦ੍ਰਿੜ ਰਹੇ ਸਨ ਤੇ ਇਸ ਘਟਨਾ ਨੇ ਵੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਆਪਸੀ ਸਬੰਧਾਂ ਬਾਰੇ ਪ੍ਰਧਾਨ ਮੰਤਰੀ ਦੀ ਸਥਿਤੀ ਨੂੰ ਵਧੇਰੇ ਸ਼ਕਤੀਸ਼ਾਲੀ ਸਿੱਧ ਕੀਤਾ ਹੈ।

## 4.6 ਬ੍ਰਿਟਿਸ਼ ਪ੍ਰਧਾਨ ਮੰਤਰੀ ਨਾਲ ਤੁਲਨਾ

**(Comparision with the British Prime Minister)**

ਸ੍ਰੀ ਕੇ.ਐਮ. ਪਨਿਕਰ ਲਿਖਦੇ ਹਨ ਕਿ ਭਾਰਤ ਦੇ ਆਜ਼ਾਦ ਹੋਣ ਤੋਂ ਪਹਿਲਾਂ ਸਾਡੇ ਦੇਸ਼ ਵਿਚ ਸੰਸਦੀ ਸ਼ਾਸਨ ਪ੍ਰਣਾਲੀ ਲਾਗੂ ਹੋ ਚੁੱਕੀ ਸੀ ਇਸ ਵਿਚ ਸੰਵਿਧਾਨ ਬਣਾਉਣ ਵਾਲਿਆਂ ਲਈ ਸੰਸਦੀ ਹਕੂਮਤ ਨੂੰ ਅਪਨਾਉਣਾ ਸੁਭਾਵਕ ਸੀ। 1919 ਦੇ ਐਕਟ ਨੇ ਸੰਸਦੀ ਪ੍ਰਣਾਲੀ ਦੇ ਬੀਜ ਜੋ ਬੋ ਦਿੱਤੇ ਸਨ ਅਤੇ 1935 ਦੇ ਐਕਟ ਨੇ ਪ੍ਰਾਂਤਾਂ ਵਿਚ ਜ਼ਿੰਮੇਵਾਰ ਸਰਕਾਰ ਦੀ ਸਥਾਪਨਾ ਕਰਕੇ ਇਸ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਸੀ। ਇਸ ਲਈ ਸਾਡੇ ਦੇਸ਼ ਵਿਚ ਸੰਸਦੀ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਸੰਸਦੀ ਪ੍ਰਣਾਲੀ ਦੇ ਮੂਲ ਦੇ ਆਧਾਰ ਉਤੇ ਸੰਗਠਿਤ ਕੀਤਾ ਗਿਆ ਹੈ। ਸਿੱਟੇ ਵਜੋਂ ਕੇਂਦਰ ਵਿਚ ਰਾਸ਼ਟਰਪਤੀ ਸੰਵਿਧਾਨਿਕ ਮੁਖੀਆ ਹੈ ਅਤੇ ਹਕੂਮਤ ਦੀ ਵਾਗਡੋਰ ਪ੍ਰਧਾਨ ਮੰਤਰੀ ਦੇ ਹੱਥ ਵਿਚ ਰਹਿੰਦੀ ਹੈ। ਅਸੀਂ ਇੰਗਲੈਂਡ ਦੀ ਸ਼ਾਸਨ ਪ੍ਰਣਾਲੀ ਦੀ ਨਕਲ ਕੀਤੀ ਹੈ ਪਰ ਸਾਡੀ ਸਰਕਾਰ ਪਰੰਪਰਾਵਾਂ ਤੇ ਆਧਾਰਿਤ ਨਹੀਂ ਸਗੋਂ ਇਸ ਨੂੰ ਸੰਵਿਧਾਨਿਕ ਆਧਾਰ ਦਿੱਤਾ ਗਿਆ ਹੈ। ਇਸ

ਲਈ ਸਾਡਾ ਪ੍ਰਧਾਨ ਮੰਤਰੀ ਸੰਵਿਧਾਨ ਵਿਚ ਉਹੀ ਦਰਜਾ ਰਖਦਾ ਹੈ ਜਿਹੜਾ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਦਾ ਆਪਣੇ ਸੰਵਿਧਾਨ ਵਿਚ। ਪ੍ਰਧਾਨ ਮੰਤਰੀ ਉਹ ਧੁਰਾ ਹੈ ਜਿਸ ਦੇ ਦੁਆਲੇ ਸਰਕਾਰ ਦੀ ਮਸ਼ੀਨਰੀ ਘੁੰਮਦੀ ਹੈ ਭਾਰਤ ਦੇ ਪ੍ਰਧਾਨ ਮੰਤਰੀ ਦੀ ਆਪਣੇ ਮੰਤਰੀ ਮੰਡਲ ਦੇ ਸੰਬੰਧ ਵਿਚ ਵੀ ਉਹ ਸਥਿਤੀ ਹੈ ਜਿਹੜੀ ਬ੍ਰਿਟਿਸ਼ ਪ੍ਰਧਾਨ ਮੰਤਰੀ ਪ੍ਰੰਪਰਾ ਦੀ ਮਹਾਰਾਣੀ ਏਨ (Anne) ਦੇ ਸਮੇਂ ਤਕ ਰਾਜ ਦਾ ਮੁਖੀਆ (ਬਾਦਸ਼ਾਹ ਜਾਂ ਰਾਣੀ) ਮੰਤਰੀ ਮੰਡਲ ਦੀਆਂ ਬੈਠਕਾਂ ਦਾ ਸਭਾਪਤੀ ਹੁੰਦਾ ਸੀ ਪਰੰਤੂ ਜਾਰਜ ਪਹਿਲਾ ਤੇ ਦੂਜਾ ਜਰਮਨ ਸਨ ਅੰਗਰੇਜ਼ੀ ਨਹੀਂ ਜਾਣਦੇ ਸਨ ਤੇ ਨਾਂ ਹੀ ਇੰਗਲੈਂਡ ਨਾਲ ਇਨ੍ਹਾਂ ਨੂੰ ਕੋਈ ਦਿਲਚਸਪੀ ਸੀ, ਜਿਸ ਕਾਰਣ ਬਾਦਸ਼ਾਹ ਨੇ ਮੰਤਰੀ ਮੰਡਲ ਦੀ ਪ੍ਰਧਾਨਗੀ ਤਿਆਗ ਦਿੱਤੀ ਤੇ ਮੰਤਰੀਆਂ ਨੇ ਆਪਣੇ ਵਿਚੋਂ ਇਕ ਨੂੰ ਆਪਣਾ ਪ੍ਰਧਾਨ ਥਾਪ ਦਿੱਤਾ। ਹੌਲੀ ਹੌਲੀ ਕੈਬਨਿਟ ਦਾ ਇਹੀ ਲੀਡਰ ਪ੍ਰਧਾਨ ਮੰਤਰੀ ਅਖਵਾਉਣ ਲਗ ਪਿਆ। ਇਥੋਂ ਤੀਕ ਕਿ ਅਜੇ ਵੀ ਪ੍ਰਧਾਨ ਮੰਤਰੀ ਨੂੰ ਤਨਖਾਹ ਖਜਾਨੇ ਦਾ ਪ੍ਰਥਮ ਲਾਰਡ ਹੋਣ ਦੇ ਨਾਤੇ ਮਿਲਦੀ ਹੈ। ਇਸ ਫਰਕ ਤੋਂ ਇਲਾਵਾ ਭਾਰਤੇ ਤੇ ਇੰਗਲੈਂਡ ਦੇ ਪ੍ਰਧਾਨ ਮੰਤਰੀਆਂ ਦੀ ਸਥਿਤੀ ਵਿਚ ਕੁਝ ਹੋਰ ਵੀ ਫਰਕ ਹਨ।

1 ਸਾਡੇ ਸੰਵਿਧਾਨ ਤੋਂ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਰਾਸ਼ਟਰਪਤੀ ਦੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਪਰ ਇੰਗਲੈਂਡ ਦੇ ਸੰਵਿਧਾਨ ਵਿਚ ਨਾ ਸ਼ਕਤੀਆਂ ਦਾ ਜ਼ਿਕਰ ਹੈ ਨਾ ਹੀ ਪ੍ਰਧਾਨ ਮੰਤਰੀ ਦਾ। ਬਰਤਾਨੀਆ ਦੇ ਸੰਵਿਧਾਨ ਅਨੁਸਾਰ ਸਾਰੀਆਂ ਸ਼ਕਤੀਆਂ ਬਾਦਸ਼ਾਹ ਵਿਚ ਨਿਹਤ ਹਨ।

2 ਰਾਸ਼ਟਰਪਤੀ ਨੂੰ ਅਧਿਕਾਰ ਹੈ ਕਿ ਕੋਈ ਵੀ ਹੁਕਮ ਮੰਤਰੀ ਦੇ ਦਸਖਤ ਬਗੈਰ ਜਾਰੀ ਕਰ ਸਕਦਾ ਹੈ ਪਰ ਇੰਗਲੈਂਡ ਵਿਚ ਕੋਈ ਹੁਕਮ ਮੰਤਰੀ ਦੇ ਦਸਖਤਾਂ ਬਗੈਰ ਦਰੁਸਤ ਨਹੀਂ।

3 ਬਰਤਾਨੀਆ ਵਿਚ ਪਰੰਪਰਾਵਾਂ ਨੇ ਬਾਦਸ਼ਾਹ ਨੂੰ ਬਿਲਕੁਲ ਨਾਂ-ਮਾਤਰ ਮੁਖੀ ਬਣਾ ਕੇ ਰੱਖ ਦਿੱਤਾ ਹੈ ਪਰ ਭਾਰਤ ਵਿਚ ਰਾਸ਼ਟਰਪਤੀ ਦੀਆਂ ਸ਼ਕਤੀਆਂ ਦਾ ਵਰਨਣ ਸੰਵਿਧਾਨ ਵਿਚ ਕੀਤਾ ਗਿਆ ਹੈ। ਇਸ ਲਈ ਭਾਰਤੀ ਰਾਸ਼ਟਰਪਤੀ ਦੇ ਸੰਬੰਧ ਵਿਚ ਪ੍ਰਧਾਨ ਮੰਤਰੀ ਦੀ ਸਥਿਤੀ ਉਤਨੀ ਸ਼ਕਤੀਸ਼ਾਲੀ ਨਹੀਂ ਜਿੰਨੀ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਦੀ ਆਪਣੀ ਬਾਦਸ਼ਾਹ ਦੇ ਸੰਬੰਧ ਵਿਚ ਹੈ।

4 ਭਾਰਤ ਦਾ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਤੋਂ ਬਗੈਰ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ। ਪਰ ਇੰਗਲੈਂਡ ਦੀ ਮਲਿਕਾ ਪ੍ਰਧਾਨ ਮੰਤਰੀ ਦੀ ਸਿਫਾਰਸ਼ ਤੋਂ ਬਿਨਾਂ ਲੋਕ ਸਦਨ ਨੂੰ ਤੋੜ ਨਹੀਂ ਸਕਦੀ। ਸਾਡੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਨੂੰ ਹਟਾ ਸਕਦਾ ਹੈ ਪਰ ਇਸ ਕਿਸਮ ਦਾ ਕੋਈ ਰਿਵਾਜ਼ ਜਾਂ ਕਾਨੂੰਨ ਇੰਗਲੈਂਡ ਵਿਚ ਨਹੀਂ।

5 ਭਾਰਤੀ ਸੰਵਿਧਾਨ ਲਿਖਤੀ ਹੈ ਅਤੇ ਇੰਗਲੈਂਡ ਦਾ ਅਲਿਖਤੀ। ਇਸ ਵਿਚ ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ ਸੀਮਤ ਹਨ ਪਰ ਇੰਗਲੈਂਡ ਵਿਚ ਅਜਿਹਾ ਨਹੀਂ।

ਸੰਖੇਪ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਅਤੇ ਇੰਗਲੈਂਡ ਦੋਹਾਂ ਵਿਚ ਸੰਸਦੀ ਹਕੂਮਤ ਹੈ। ਇਸ ਕਾਰਣ ਦੋਹਾਂ ਪ੍ਰਧਾਨ ਮੰਤਰੀਆਂ ਦੀ ਸਥਿਤੀ ਅਮਲੀ ਰੂਪ ਤੌਰ ਤੇ ਇਕੋ ਜਿਹੀ ਹੈ।

**ਸਵੈ-ਅਭਿਆਸ ਪ੍ਰਸ਼ਨਾਵਲੀ-।।।**

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਪ੍ਰਧਾਨ ਮੰਤਰੀ ਨਾਂ-ਮਾਤਰ ਮੁਖੀ ਹੈ - ਹਾਂ / ਨਹੀਂ।

2) ਪ੍ਰਧਾਨ ਮੰਤਰੀ ਦੀ ਸਥਿਤੀ (5 ਸਤਰਾਂ ਵਿੱਚ) ਲਿਖੋ।

**4.7 ਸਾਰਾਂਸ਼ :**

ਇਸ ਪਾਠ ਵਿਚ ਅਸੀਂ ਭਾਰਤ ਦੇ ਪ੍ਰਧਾਨ ਮੰਤਰੀ ਦੀ ਨਿਯੁਕਤੀ, ਉਸ ਦੀਆਂ ਸ਼ਕਤੀਆਂ ਤੇ ਉਸ ਦੀ ਸਥਿਤੀ ਦਾ ਅਧਿਐਨ ਕੀਤਾ ਹੈ। ਸੰਵਿਧਾਨ ਅਨੁਸਾਰ ਪ੍ਰਧਾਨ ਮੰਤਰੀ ਦੀ ਵੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ ਪਰ ਅਸਲ ਵਿਚ ਬਹੁ-ਗਿਣਤੀ ਪਾਰਟੀ ਦਾ ਨੇਤਾ ਹੀ ਪ੍ਰਧਾਨ ਮੰਤਰੀ ਬਣਦਾ ਹੈ ਅਤੇ ਉਦੋਂ ਤੱਕ ਆਪਣੇ ਅਹੁੱਦੇ ਤੇ ਰਹਿੰਦਾ ਹੈ ਜਦੋਂ ਤੱਕ ਉਸ ਨੂੰ ਲੋਕ ਸਦਨ ਦਾ ਸਮਰਥਨ ਪ੍ਰਾਪਤ ਹੈ। ਰਾਸ਼ਟਰਪਤੀ ਇਕ ਸੰਵਿਧਾਨਕ ਮੁੱਖੀ ਹੈ ਜਿਸ ਦੀਆਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਮੰਡਲ ਕਰਦਾ ਹੈ ਅਤੇ ਮੰਤਰੀ ਮੰਡਲ ਦਾ ਧੁਰਾ ਪ੍ਰਧਾਨ ਮੰਤਰੀ ਹੈ। ਉਹ ਮੰਤਰੀ ਮੰਡਲ ਦਾ ਨਿਰਮਾਣ ਕਰਦਾ ਹੈ। ਉਹ ਮੰਤਰੀ ਮੰਡਲ ਦਾ ਸਭਾਪਤੀ ਹੁੰਦਾ ਹੈ। ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰਦਾ

ਹੈ। ਸਭ ਮੰਤਰੀਆਂ ਵਿਚ ਤਾਲਮੇਲ ਰਖਦਾ ਹੈ। ਸਰਕਾਰ ਦਾ ਮੁਖੀ, ਪਾਰਟੀ ਦਾ ਨੇਤਾ ਅਤੇ ਲੋਕ ਸਦਨ ਦਾ ਲੀਡਰ ਹੁੰਦਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪ੍ਰਧਾਨ ਮੰਤਰੀ ਸਰਕਾਰ ਅਤੇ ਰਾਸ਼ਟਰ ਵਿਚ ਉੱਚੀ ਹੈਸੀਅਤ ਦਾ ਮਾਲਕ ਹੁੰਦਾ ਹੈ। ਪਰ ਅਸਲ ਵਿਚ ਉਸਦੀ ਯੋਗਤਾ ਕੀ ਹੈ। ਇਹ ਬਹੁਤ ਹੱਦ ਤੱਕ ਅਹੁਦਾਦਾਰ ਦੀ ਸ਼ਖਸੀਅਤ ਅਤੇ ਪਾਰਟੀ ਵਿਚ ਉਸ ਦੇ ਸਥਾਨ ਤੇ ਨਿਰਭਰ ਕਰਦਾ ਹੈ।

## 4.8 ਸ਼ਬਦਾਵਲੀ :

ਅਸਲ ਮੁਖੀ - ਪਾਰਲੀਮੈਂਟ ਵਾਲੀ ਸਰਕਾਰ ਵਿੱਚ ਦੋ ਮੁਖੀ ਪਾਏ ਜਾਂਦੇ ਹਨ - ਇੱਕ ਸੰਵਿਧਾਨਿਕ ਅਤੇ ਇੱਕ ਅਸਲ। ਭਾਰਤ ਨੇ ਇਹ ਪ੍ਰਥਾ ਬ੍ਰਿਟੇਨ ਤੋਂ ਅਪਣਾਈ। ਰਾਸ਼ਟਰਪਤੀ ਸੰਵਿਧਾਨਿਕ ਮੁਖੀ ਹੈ ਅਤੇ ਪ੍ਰਧਾਨ ਮੰਤਰੀ ਅਸਲ ਮੁਖੀ ਵਜੋਂ ਕਾਰਜ ਕਰਦਾ ਹੈ।

ਨਿਯੁਕਤੀ - ਪ੍ਰਧਾਨ ਮੰਤਰੀ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਆਮ ਤੌਰ 'ਤੇ ਸੰਸਦ ਵਿੱਚ ਬਹੁਮਤ ਵਾਲੀ ਪਾਰਟੀ ਦੇ ਮੁਖੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ।

## 4.9 ਸੁਝਾਈਆਂ ਗਈਆਂ ਪੁਸਤਕਾਂ :

ਹਰਬੀਰ ਸਿੰਘ : ਭਾਰਤੀ ਪ੍ਰਸ਼ਾਸਨ
ਸ਼ਰਮਾ ਐਮ.ਪੀ. : ਲੋਕ ਪ੍ਰਸ਼ਾਸਨ ਦੇ ਸਿਧਾਂਤ
ਪੁਰੀ ਕੇ.ਕੇ. : ਭਾਰਤੀ ਪ੍ਰਸ਼ਾਸਨ
ਸੰਸਾਰ ਸਿੰਘ : ਭਾਰਤੀ ਪ੍ਰਸ਼ਾਸਨ

## 4.10 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉਤਰ :

### ਪ੍ਰਸ਼ਨਾਵਲੀ-।

1) ਜੀ ਨਹੀਂ, ਉਹ ਸੰਸਦ ਵਿੱਚ ਬਹੁਮਤ ਪ੍ਰਾਪਤ ਪਾਰਟੀ ਦੇ ਨੇਤਾ ਦੇ ਰੂਪ ਵਿੱਚ ਪ੍ਰਧਾਨ ਮੰਤਰੀ ਵਜੋਂ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ।
2) ਉਪਰੋਕਤ ਪ੍ਰਸ਼ਨ ਦਾ ਉਤਰ ਇਸ ਪ੍ਰਸ਼ਨ ਦਾ ਉਤਰ ਵੀ ਹੈ, ਪਰੰਤੂ ਜੇਕਰ ਕਿਸੇ ਇੱਕ ਪਾਰਟੀ ਨੂੰ ਸੰਸਦ ਵਿੱਚ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਰਾਸ਼ਟਰਪਤੀ ਮਰਜ਼ੀ ਨਾਲ ਪ੍ਰਧਾਨ ਮੰਤਰੀ ਦੀ ਚੋਣ ਕਰ ਸਕਦਾ ਹੈ, ਪਰੰਤੂ ਉਸ ਨੂੰ ਦਿੱਤੇ ਸਮੇਂ ਵਿੱਚ ਸੰਸਦ ਵਿੱਚ ਆਪਣਾ ਬਹੁਮਤ ਸਾਬਿਤ ਕਰਨਾ ਲਾਜ਼ਮੀ ਹੁੰਦਾ ਹੈ, ਜਿਵੇਂ - ਵਾਜਪਾਈ ਸਰਕਾਰ ਸਮੇਂ ਹੋਇਆ ਸੀ।

### ਪ੍ਰਸ਼ਨਾਵਲੀ-।।

1) ਪਾਠ ਵਿੱਚ 4.3 ਹੇਠ ਦਿੱਤੀਆਂ ਵੱਖ-ਵੱਖ ਸ਼ਕਤੀਆਂ ਪੜ੍ਹੋ, ਸਮਝੋ ਅਤੇ ਲਿਖੋ।
2) ਗਲਤ, ਉਹ ਖ਼ੁਦ ਆਪਣੀ ਮੰਤਰੀ ਪਰਿਸ਼ਦ ਦੀ ਚੋਣ ਕਰਦਾ ਹੈ।

### ਪ੍ਰਸ਼ਨਾਵਲੀ-।।।

1) ਨਹੀਂ, ਉਹ ਅਸਲ ਮੁਖੀ ਜਾਂ ਕਾਰਜਪਾਲਿਕਾ ਹੈ।
2) ਪਾਠ ਵਿੱਚ 4.5 ਵਿੱਚ ਦਿੱਤੀ ਪਾਠ ਸਮੱਗਰੀ ਵਿੱਚੋਂ ਪੜ੍ਹਨ ਉਪਰੰਤ ਆਪਣਾ ਉਤਰ ਪੰਜ ਕੁ ਲਾਈਨਾਂ ਵਿੱਚ ਸਪੱਸ਼ਟ ਲਿਖੋ।

ਪਾਠ ਨੰਬਰ - 1.5 ਰੂਪਾਂਤਰਿਤ ਕਰਤਾ : ਰਵਨੀਤ ਕੌਰ

# ਮੰਤਰੀ ਪਰਿਸ਼ਦ
## (Council of Ministers)

**ਰੂਪ-ਰੇਖਾ :**


5.0 ਉਦੇਸ਼
5.1 ਭੂਮਿਕਾ
5.2 ਸੰਘੀ ਮੰਤਰੀ ਪਰਿਸ਼ਦ ਦੀ ਬਣਤਰ ਅਤੇ ਸ਼ਕਤੀਆਂ
5.3 ਮੰਤਰੀ ਪਰਿਸ਼ਦ (Council of Ministers) ਅਤੇ ਮੰਤਰੀ ਮੰਡਲ (Cabinet) ਵਿੱਚ ਅੰਤਰ
5.4 ਕੈਬਨਿਟ (ਮੰਤਰੀ ਮੰਡਲ) ਸ਼ਬਦ ਦਾ ਮੂਲ
5.5 ਕੈਬਨਿਟ ਸਿਸਟਮ ਦੀਆਂ ਵਿਸ਼ੇਸ਼ਤਾਵਾਂ
5.6 ਕੈਬਨਿਟ ਦੀਆਂ ਸ਼ਕਤੀਆਂ ਅਤੇ ਕਰਤੱਵ
5.7 ਭਾਰਤੀ ਕੈਬਨਿਟ ਸਿਸਟਮ ਦੀਆਂ ਕੁਝ ਵਿਸ਼ੇਸ਼ਤਾਵਾਂ
5.8 ਕੈਬਨਿਟ ਅਤੇ ਪਾਰਲੀਮੈਂਟ ਵਿੱਚ ਸਬੰਧ
5.9 ਪ੍ਰਸ਼ਾਸਕੀ ਢਾਂਚੇ ਵਿੱਚ ਕੈਬਨਿਟ ਦਾ ਸਥਾਨ
5.10 ਸਾਰਾਂਸ਼
5.11 ਸ਼ਬਦਾਵਲੀ
5.12 ਸੁਝਾਈਆਂ ਗਈਆਂ ਪੁਸਤਕਾਂ
5.13 ਸਵੈ-ਅਭਿਆਸ ਪ੍ਰਸ਼ਨਾਵਲੀ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ।


### 5.0 ਉਦੇਸ਼ :

ਇਸ ਪਾਠ ਦੇ ਧਿਆਨ-ਪੂਰਵਕ ਅਧਿਐਨ ਉਪਰੰਤ ਤੁਸੀਂ :

- ਮੰਤਰੀ ਮੰਡਲ ਅਤੇ ਮੰਤਰੀ ਪਰਿਸ਼ਦ ਵਿੱਚ ਅੰਤਰ ਕਰਨ ਦੇ ਸਮਰੱਥ ਹੋਵੋਗੇ,
- ਮੰਤਰੀ ਮੰਡਲ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣੂ ਹੋ ਜਾਵੋਗੇ, ਅਤੇ
- ਮੰਤਰੀ ਮੰਡਲ ਦੀਆਂ ਸ਼ਕਤੀਆਂ ਨੂੰ ਸਮਝਣ ਅਤੇ ਵਿਚਾਰਨ ਵਿੱਚ ਸਮਰੱਥ ਹੋ ਜਾਵੋਗੇ।

### 5.1 ਭੂਮਿਕਾ :

ਜਦੋਂ ਭਾਰਤ 1947 ਵਿਚ ਆਜ਼ਾਦ ਹੋਇਆ ਤਾਂ ਇਸ ਦੇ ਸਨਮੁੱਖ ਕਈ ਗੰਭੀਰ ਸਮੱਸਿਆਵਾਂ ਸਨ। ਖੇਤੀਬਾੜੀ, ਉਦਯੋਗ ਅਤੇ ਸਮਾਜਿਕ ਵਿਕਾਸ ਦੇ ਖੇਤਰ ਵਿਚ ਬਹੁਤੀਆਂ ਲੰਮੀਆਂ ਪ੍ਰਲਾਘਾਂ ਭਰਨੀਆਂ ਪੈਣੀਆਂ ਸਨ ਅਤੇ ਇਕ ਬਹੁਤ ਵੱਡੀ ਵਸੋਂ ਲਈ ਇਕ ਚੰਗੀ ਅਤੇ ਨਿਆਂ-ਪੂਰਵਕ ਸ਼ਾਸਨ ਦੀ ਲੋੜ ਸੀ। ਇਸ ਲਈ ਸਰਕਾਰ ਵਾਸਤੇ ਸ਼ਕਤੀਸ਼ਾਲੀ ਪਰ ਜ਼ਿੰਮੇਵਾਰ ਕਾਰਜਕਾਰੀ ਲੀਡਰਸ਼ਿਪ ਦਾ ਪ੍ਰਬੰਧ ਕਰਨਾ ਜ਼ਰੂਰੀ ਸੀ ਅਰਥਾਤ ਲੀਡਰਸ਼ਿਪ ਜੋ ਪਾਏਦਾਰ, ਸ਼ਕਤੀਸ਼ਾਲੀ ਅਤੇ ਪੁਰਅਮਨ ਹੋਣ ਦੇ ਨਾਲ ਨਾਲ ਲੋਕਤੰਤਰ ਪ੍ਰਤਿ ਜ਼ਿੰਮੇਵਾਰ ਵੀ ਹੋਵੇ।

**ਕੈਬਨਿਟ ਸਿਸਟਮ (The Cabinet System) :-** ਉਪਰੋਕਤ ਪ੍ਰਬੰਧ ਸਰਕਾਰ ਦੇ ਪਾਰਲੀਮੈਂਟਰੀ ਸਿਸਟਮ ਅਧੀਨ ਹੀ ਸੰਭਵ ਹੋ ਸਕਦਾ ਸੀ ਜਿਸ ਅਨੁਸਾਰ ਰਸਮੀ ਤੌਰ ਤੇ ਸਰਕਾਰ ਦੇ ਅਧਿਕਾਰ ਰਾਸ਼ਟਰਪਤੀ ਕੋਲ ਹੁੰਦੇ ਹਨ, ਪਰ ਮੰਤਰੀ ਪਰਿਸ਼ਦ ਕਾਰਜਕਾਰੀ ਅਤੇ ਵਿਧਾਨਕਾਰ ਖੇਤਰਾਂ ਸਬੰਧੀ ਅਧਿਕਾਰਾਂ ਦੀ ਵਾਸਤਵ ਵਿਚ ਵਰਤੋਂ ਕਰਦਾ ਹੈ। ਇਹ ਬਹੁਗਿਣਤੀ ਵਾਲੀ ਪਾਰਟੀ ਵਿਚੋਂ ਨਿਯੁਕਤ ਕੀਤਾ ਗਿਆ ਹੁੰਦਾ ਹੈ ਅਤੇ ਆਪਣੇ ਆਪ ਸਾਰੇ ਅਮਲਾਂ ਲਈ ਪਾਰਲੀਮੈਂਟ ਨੂੰ ਜਵਾਬਦੇਹ ਹੁੰਦਾ ਹੈ।

## 5.2 ਮੰਤਰੀ ਪਰਿਸ਼ਦ ਦਾ ਨਿਰਮਾਣ ਅਤੇ ਬਣਤਰ

**(Formation and Composition of Council of Ministers)**

ਭਾਰਤ ਦੇ ਸੰਵਿਧਾਨ ਦੇ ਅਨੁਛੇਦ 53 ਅਨੁਸਾਰ ਸੰਘ ਦਾ ਕਾਰਜਕਾਰੀ ਅਖਤਿਆਰ ਭਾਰਤ ਦੇ ਰਾਸ਼ਟਰਪਤੀ ਦੇ ਸਪੁਰਦ ਹੈ। ਉਹ ਇਸ ਦੀ ਵਰਤੋਂ ਸਿੱਧੇ ਰੂਪ ਵਿਚ ਜਾਂ ਆਪਣੇ ਮਾਤਹਿਤ ਅਫ਼ਸਰਾਂ ਰਾਹੀਂ ਕਰ ਸਕਦਾ ਹੈ। ਪਰ ਅਨੁਛੇਦ 74 ਵਿਚ ਇਸ ਗੱਲ ਨੂੰ ਵਧੇਰੇ ਸਪੱਸ਼ਟ ਕੀਤਾ ਗਿਆ ਹੈ ਕਿ ਅਖਤਿਆਰਾਂ ਦੀ ਵਰਤੋਂ ਅਸਲ ਵਿਚ ਕੌਣ ਕਰੇਗਾ। ਅਨੁਛੇਦ 74 ਵਿਚ ਦਸਿਆ ਗਿਆ ਹੈ ਕਿ ਮੰਤਰੀਆਂ ਦੀ ਇਕ ਕੌਂਸਿਲ ਹੋਵੇਗੀ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੋਵੇਗਾ, ਜੋ ਰਾਸ਼ਟਰਪਤੀ ਨੂੰ ਉਸ ਦੇ ਕਰਤੱਵਾਂ ਨੂੰ ਨਿਭਾਉਣ ਸੰਬੰਧੀ ਸਲਾਹ ਮਸ਼ਵਰਾ ਦੇਵੇਗੀ ਅਤੇ ਉਸ ਦੀ ਸਹਾਇਤਾ ਕਰੇਗੀ। ਸੰਵਿਧਾਨ ਵਿਚ ਕੌਂਸਿਲ ਦੀ ਵਿਧੀ ਬਾਰੇ ਦੱਸਿਆ ਗਿਆ ਹੈ ਜਿਸ ਅਨੁਸਾਰ ਰਾਸ਼ਟਰਪਤੀ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ ਅਤੇ ਫਿਰ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਇਸ ਅਨੁਛੇਦ ਵਿਚ ਇਹ ਉਪਬੰਧ ਹੈ ਕਿ ਮੰਤਰੀ ਪਰਿਸ਼ਦ ਸਮੁੱਚੇ ਰੂਪ ਵਿਚ ਲੋਕ ਸਭਾ ਨੂੰ, ਜੋ ਭਾਰਤੀ ਪਾਰਲੀਮੈਂਟ ਦੇ ਰੂਪ ਵਿਚ ਚੁਣਿਆ ਹੋਇਆ ਸਦਨ ਹੈ, ਜਵਾਬ ਦੇਹ ਹੋਵੇਗਾ। ਇਸ ਦਾ ਮਤਲਬ ਇਹ ਹੈ ਕਿ ਮੰਤਰੀ ਮੰਡਲ ਦਾ ਅਧਾਰ ਲੋਕ ਸਭਾ ਦੀ ਬਹੁ-ਸੰਮਤੀ ਉਤੇ ਹੈ। ਜਿਸ ਲਈ ਇਹ ਉਸ ਪਾਰਟੀ ਵਿਚੋਂ ਚੁਣਿਆ ਜਾਣਾ ਚਾਹੀਦਾ ਹੈ ਜਿਸ ਦੀ ਸਦਨ ਵਿਚ ਬਹੁ-ਗਿਣਤੀ ਹੋਵੇ ਅਤੇ ਪ੍ਰਧਾਨ ਮੰਤਰੀ ਅਜਿਹਾ ਵਿਅਕਤੀ ਹੋਵੇ ਜੋ ਪਾਰਟੀ ਦਾ ਲੀਡਰ ਹੋਵੇ ਅਤੇ ਜਿਸ ਉੱਤੇ ਪਾਰਟੀ ਨੂੰ ਭਰੋਸਾ ਹੋਵੇ। ਸੋ ਪ੍ਰਧਾਨ ਮੰਤਰੀ ਦੀ ਨਿਯੁਕਤੀ ਸੰਬੰਧੀ ਰਾਸ਼ਟਰਪਤੀ ਦੀ ਪਸੰਦ ਕੇਵਲ ਇਕ ਕਾਨੂੰਨੀ ਭਰਮ ਹੈ। ਰਾਸ਼ਟਰਪਤੀ ਕੇਵਲ ਉਸ ਮੌਕੇ ਤੇ ਜਦੋਂ ਕਿ ਆਮ ਚੋਣਾਂ ਵਿਚ ਕਿਸੇ ਇਕ ਪਾਰਟੀ ਨੂੰ ਬਹੁ-ਗਿਣਤੀ ਪ੍ਰਾਪਤ ਨਾ ਹੋਵੇ ਆਪਣੀ ਮਰਜ਼ੀ ਕਰ ਸਕਦਾ ਹੈ ਜਿਵੇਂ ਕਿ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਦੇਸਾਈ ਮੰਤਰੀ ਮੰਡਲ ਦੇ ਅਸਤੀਫ਼ੇ ਤੋਂ ਬਾਅਦ ਮੁਰਾਰਜੀ ਦੇਸਾਈ ਦੇ ਮੁਕਾਬਲੇ ਤੇ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਕੇ ਆਪਣੀ ਵਿਵੇਕ ਸ਼ਕਤੀ ਦੀ ਵਰਤੋਂ ਕੀਤੀ ਹੈ ਪਰ ਇਥੇ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਜੇ ਲੋਕ ਸਭਾ ਵਿਚ ਕਿਸੇ ਪਾਰਟੀ ਦੀ ਬਹੁ-ਸੰਮਤੀ ਨਾ ਹੋਵੇ ਤਾਂ ਉਸ ਵਿਚ ਵੀ ਰਾਸ਼ਟਰਪਤੀ ਦੀ ਮਰਜ਼ੀ ਚਲਣੀ ਜ਼ਰੂਰੀ ਨਹੀਂ। ਇਸ ਹਾਲਤ ਵਿਚ ਜੇਕਰ ਦੋ ਜਾਂ ਦੋ ਤੋਂ ਵੱਧ ਪਾਰਟੀਆਂ ਸੰਮਲਿਤ ਹੋ ਕੇ ਬਹੁ-ਗਿਣਤੀ ਬਣਾ ਲੈਣ ਅਤੇ ਅਪਣਾ ਇੱਕ ਸਾਂਝਾ ਲੀਡਰ ਚੁਣ ਲੈਣ ਤਾਂ ਰਾਸ਼ਟਰਪਤੀ ਕੋਲ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਹੁੰਦਾ।

**ਮੰਤਰੀ ਪਰਿਸ਼ਦ ਵਿਚ ਚਾਰ ਪ੍ਰਕਾਰ ਦੇ ਮੰਤਰੀ ਹੁੰਦੇ ਹਨ** – (1) ਕੈਬਨਿਟ ਮੰਤਰੀ (Cabinet Ministers) (2) ਰਾਜ ਮੰਤਰੀ (State Ministers) (3) ਉਪ-ਮੰਤਰੀ (Deputy Ministers) (4) ਪਾਰਲੀਮੈਂਟ ਸਕੱਤਰ (Parliamentary Secretaries)। ਕੇਵਲ ਕੈਬਨਿਟ ਮੰਤਰੀ ਹੀ ਕੈਬਨਿਟ ਦੇ ਮੈਂਬਰ ਹੁੰਦੇ ਹਨ। ਮੰਤਰੀ ਪਰਿਸ਼ਦ ਦੀ ਕੁਲ ਗਿਣਤੀ ਦੇ ਟਾਕਰੇ ਤੇ ਇਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ। ਇਸ ਤਰ੍ਹਾਂ ਜਦ ਕੈਬਨਿਟ ਵਿਚ ਮੰਤਰੀਆਂ ਦੀ ਗਿਣਤੀ 15-16 ਹੁੰਦੀ ਹੈ, ਉੱਥੇ ਮੰਤਰੀ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ 50-60 ਦੇ ਲਗਭਗ ਹੁੰਦੀ ਹੈ। ਕੈਬਨਿਟ ਮੰਤਰੀ ਕੈਬਨਿਟ ਦੇ ਮੈਂਬਰ ਹੋਣ ਤੋਂ ਇਲਾਵਾ ਕਿਸੇ ਮੰਤਰਾਲੇ ਜਾਂ ਪੋਰਟਫੋਲਿਓ ਦਾ ਮੁੱਖੀ ਵੀ ਹੁੰਦਾ ਹੈ ਅਤੇ ਉਸ ਹੈਸੀਅਤ ਵਿਚ ਆਪਣੇ ਵਿਭਾਗ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਵੀ ਕਰਦਾ ਹੈ ਭਾਵੇਂ ਹੋਰਨਾਂ ਸਾਰੇ ਮੰਤਰੀਆਂ ਵਾਂਗ ਕੈਬਨਿਟ ਵਿਚ ਵੀ ਮੰਤਰੀਆਂ ਦੀ ਨਿਯੁਕਤੀ ਦਾ ਅਧਾਰ ਯੋਗਤਾ ਨੂੰ ਅਪਣਾਇਆ ਜਾਂਦਾ ਹੈ ਪਰ ਆਮ ਤੌਰ ਤੇ ਦੇਸ਼ ਦੇ ਹਾਲਾਤ ਅਤੇ ਰਾਜਸੀ ਕਾਰਣਾਂ ਅਤੇ ਸਤਾਧਾਰੀ ਪਾਰਟੀ ਅਤੇ ਰਾਜ ਦੀ ਸਿਆਸਤ ਵਿਚ ਸਰੇਸ਼ਟ ਹੈਸੀਅਤ ਵਜੋਂ ਕੈਬਨਿਟ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨੂੰ ਅਪਣਾ ਮੰਤਰੀ ਮੰਡਲ ਚੁਣਨ ਸਮੇਂ ਭਾਰਤੀ ਲੋਕਾਂ ਦੇ ਵੱਖ-ਵੱਖ ਭਾਵਾਂ ਦੇ ਇਖਲਾਕੀ, ਭਾਸ਼ਾਈ ਅਤੇ ਧਾਰਮਿਕ ਹਿੱਤਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਇਨ੍ਹਾਂ ਪ੍ਰਤਿਸ਼ਠ ਲੀਡਰਾਂ ਨੂੰ ਨਾ ਕੇਵਲ ਮੰਤਰੀ ਮੰਡਲ ਵਿਚ ਹੀ ਉਚਾ ਦਰਜਾ ਦਿੱਤਾ ਜਾਂਦਾ ਹੈ ਸਗੋਂ ਇਨ੍ਹਾਂ ਨੂੰ ਸਰਕਾਰ ਵਿਚ ਵਧੇਰੇ ਮਹੱਤਵਪੂਰਣ ਵਿਭਾਗ ਦਿੱਤੇ ਜਾਂਦੇ ਹਨ। ਮਨਿਸਟਰੀ ਵਿਚ ਉਨ੍ਹਾਂ ਦਾ ਰੁਤਵਾ, ਦੇਸ਼ ਜਾਂ ਸ਼ਾਸਕ ਪਾਰਟੀ ਵਿਚ ਉਨ੍ਹਾਂ ਦੀ ਸਹਿਮਤੀ ਦੇ ਅਨੁਸਾਰ ਹੁੰਦਾ ਹੈ। ਕੈਬਨਿਟ ਮੰਤਰੀਆਂ ਪਿੱਛੋਂ ਰਾਜ ਮੰਤਰੀ ਆਉਂਦੇ ਹਨ।

ਰਾਜ ਮੰਤਰੀ ਕੋਲ ਕਿਸੇ ਮੰਤਰਾਲੇ ਦਾ ਸੁਤੰਤਰ ਚਾਰਜ ਵੀ ਹੋ ਸਕਦਾ ਹੈ ਜਾਂ ਉਸ ਨੂੰ ਕੈਬਨਿਟ ਮੰਤਰੀ ਨਾਲ ਵੀ ਲਾਇਆ ਜਾ ਸਕਦਾ ਹੈ। ਜੇਕਰ ਕਿਸੇ ਰਾਜ ਮੰਤਰੀ ਕੋਲ ਕਿਸੇ ਮੰਤਰਾਲੇ ਦਾ ਸੁਤੰਤਰ ਕਾਰਜ ਹੋਵੇ ਤਾਂ ਉਹ

ਉਸੇ ਤਰ੍ਹਾਂ ਕਾਰਜ ਅਤੇ ਅਖਤਿਆਰਾਂ ਦੀ ਵਰਤੋਂ ਕਰਦਾ ਹੈ ਜਿਵੇਂ ਕਿ ਇਕ ਕੈਬਨਿਟ ਮੰਤਰੀ ਆਪਣੇ ਮੰਤਰੀ ਆਪਣੇ ਮੰਤਰਾਲੇ ਦੇ ਸੰਬੰਧ ਵਿਚ ਕਰਦਾ ਹੈ। ਪਰ ਉਹ ਕੈਬਨਿਟ ਦਾ ਮੈਂਬਰ ਨਹੀਂ ਹੁੰਦਾ ਉਹ ਸਿਰਫ ਕੈਬਨਿਟ ਦੀਆਂ ਉਹਨਾਂ ਮੀਟਿੰਗਾਂ ਵਿਚ ਹਾਜ਼ਰ ਹੁੰਦਾ ਹੈ ਜਿਹੜੀਆਂ ਉਸ ਦੇ ਵਿਭਾਗ ਨਾਲ ਸੰਬੰਧਿਤ ਨੀਤੀਆਂ, ਮਾਮਲਿਆਂ ਤੇ ਵਿਚਾਰ ਕਰਨ ਲਈ ਸੱਦੀਆਂ ਜਾਂਦੀਆਂ ਹਨ ਜਾਂ ਜਦੋਂ ਪ੍ਰਧਾਨ ਮੰਤਰੀ ਉਸ ਨੂੰ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਣ ਲਈ ਆਖਦਾ ਹੈ। ਉਸ ਦੀ ਤਨਖਾਹ ਵੀ ਉਨੀ ਹੁੰਦੀ ਹੈ ਜਿੰਨੀ ਕੈਬਨਿਟ ਮੰਤਰੀ ਦੀ, ਸਿਵਾਏ ਇਸ ਦੇ ਉਸ ਨੂੰ ਕੋਈ ਅਧਿਕ ਖਰਚਾ ਭੱਤਾ ਨਹੀਂ ਮਿਲਦਾ। ਪਰ ਜੇਕਰ ਉਹ ਕਿਸੇ ਕੈਬਨਿਟ ਮੰਤਰੀ ਨਾਲ ਲਾਇਆ ਗਿਆ ਹੋਵੇ ਜਾਂ ਉਸ ਨੂੰ ਕਿਸੇ ਵਿਭਾਗ ਜਾਂ ਵਿਭਾਗ ਤੇ ਹਿੱਸੇ ਦਾ ਚਾਰਜ ਦਿੱਤਾ ਜਾਂਦਾ ਹੈ ਅਤੇ ਉਹ ਕੈਬਨਿਟ ਮੰਤਰੀ ਦੀ ਸਮੁੱਚੀ ਨਿਗਰਾਨੀ ਅਤੇ ਅਗਵਾਈ ਅਧੀਨ ਵਿਭਾਗ ਦਾ ਪ੍ਰਬੰਧ ਚਲਾਉਂਦਾ ਹੈ।

ਮਨਿਸਟਰੀ ਦੇ ਢਾਂਚੇ ਵਿਚ ਸਭ ਤੋਂ ਅਖੀਰ ਤੇ ਉਪ-ਮੰਤਰੀ ਅਤੇ ਪਾਰਲੀਮੈਂਟ ਸਕੱਤਰ ਹਨ। ਇਨ੍ਹਾਂ ਮੰਤਰੀਆਂ ਪਾਸ ਕਿਸੇ ਵਿਭਾਗ ਦਾ ਚਾਰਜ ਨਹੀਂ ਹੁੰਦਾ। ਮੂਲ ਰੂਪ ਵਿਚ ਇਹ ਅਸਾਮੀਆਂ ਟਰੇਨਿੰਗ ਦੇਣ ਵਾਸਤੇ ਹੁੰਦੀਆਂ ਹਨ ਅਤੇ ਇਸ ਹਕੂਮਤ ਕਰ ਰਹੀ ਪਾਰਟੀ ਵਿਚੋਂ ਯੋਗ ਮੰਤਰੀ ਤਿਆਰ ਕਰਨ ਲਈ ਹੁੰਦੀਆਂ ਹਨ। ਆਮ ਤੌਰ ਤੇ ਹਕੂਮਤ ਕਰ ਰਹੀ ਪਾਰਟੀ ਦੇ ਮੇਜਬਾਨ ਮੈਂਬਰ, ਜਿਨ੍ਹਾਂ ਉਤੇ ਸੀਨੀਅਰ ਮੰਤਰੀਆਂ ਦਾ ਭਰੋਸਾ ਹੋਵੇ, ਉਪ-ਮੰਤਰੀ ਅਤੇ ਪਾਰਲੀਮੈਂਟ ਸਕੱਤਰ ਦੇ ਤੌਰ ਤੇ ਨਿਯੁਕਤ ਕੀਤੇ ਜਾਂਦੇ ਹਨ। ਨਿਯੁਕਤੀ ਤੋਂ ਪਿਛੋਂ ਉਨ੍ਹਾਂ ਨੂੰ ਕਿਸੇ ਕੈਬਨਿਟ ਮੰਤਰੀ ਨਾਲ ਲਾ ਦਿੱਤਾ ਜਾਂਦਾ ਹੈ ਜਿਹੜਾ ਸਮੇਂ ਸਮੇਂ ਉਨ੍ਹਾਂ ਨੂੰ ਆਪਣੇ ਮੰਤਰਾਲੇ ਵਿਚ ਕੰਮ ਸੌਂਪਦਾ ਰਹਿੰਦਾ ਹੈ। ਮੰਤਰੀ ਦੀ ਗੈਰ-ਹਾਜ਼ਰੀ ਵਿਚ ਉਸ ਦੀ ਪਾਰਲੀਮੈਂਟ ਦੇ ਸਦਨਾਂ ਵਿਚ ਪ੍ਰਤੀਨਿਧਤਾ ਕਰਦੇ ਹਨ।

## 5.3 ਕੈਬਨਿਟ ਅਤੇ ਮੰਤਰੀ ਪਰਿਸ਼ਦ ਵਿਚ ਅੰਤਰ

## (Distinction between the Cabinet and the Council of Ministers)

ਆਮ ਗੱਲਬਾਤ ਵਿਚ ਭਾਵੇਂ 'ਕੈਬਨਿਟ' ਅਤੇ ਮੰਤਰੀ ਪਰਿਸ਼ਦ ਸ਼ਬਦਾਂ ਨੂੰ ਇਕ ਦੂਜੇ ਦੀ ਥਾਂ ਵਰਤ ਲਿਆ ਜਾਂਦਾ ਹੈ ਪਰ ਤਕਨੀਕੀ ਤੌਰ ਤੇ ਇਹ ਵੱਖ ਵੱਖ ਦੋ ਸੰਸਥਾਵਾਂ ਹਨ। ਮੰਤਰੀ ਪਰਿਸ਼ਦ ਜਾਂ ਮਨਿਸਟਰੀ ਸੰਘ ਸਰਕਾਰ ਦੇ ਸਾਰੇ ਮੰਤਰੀਆਂ ਨੂੰ ਦਿੱਤਾ ਗਿਆ ਇੱਕ ਸਮੁੱਚਾ ਨਾਂ ਹੈ ਭਾਵੇਂ ਮੰਤਰੀ ਪਰਿਸ਼ਦ ਨੂੰ ਸੰਵਿਧਾਨ ਵਿਚ ਮਾਨਤਾ ਦਿੱਤੀ ਗਈ ਪਰ ਅਸਲੀ ਤੌਰ ਤੇ ਇਸ ਦੀ ਹੱਦ ਕੇਵਲ ਨਾਂ ਮਾਤਰ ਹੀ ਹੈ। ਇਸ ਦੀ ਸਮੂਹਿਕ ਰੂਪ ਵਿਚ ਨਾ ਤਾਂ ਮੀਟਿੰਗ ਹੁੰਦੀ ਹੈ ਅਤੇ ਨਾ ਹੀ ਇਹ ਸਮੂਹਿਕ ਰੂਪ ਵਿਚ ਕੋਈ ਕਾਰਵਾਈ ਕਰਦੀ ਹੈ। ਇਸਦੀ ਬਜਾਏ ਕੈਬਨਿਟ ਰੈਂਕ ਦੇ ਮਹੱਤਵਪੂਰਣ ਮੰਤਰੀਆਂ ਦਾ ਇਕ ਛੋਟਾ ਜਿਹਾ ਮੰਡਲ ਹੁੰਦਾ ਹੈ, ਜਿਸ ਨੂੰ ਕੈਬਨਿਟ ਆਖਿਆ ਜਾਂਦਾ ਹੈ ਅਤੇ ਇਸਦੀ ਸਮੂਹਿਕ ਰੂਪ ਵਿਚ ਮੀਟਿੰਗ ਹੁੰਦੀ ਹੈ। ਇਹ ਸਮੂਹਿਕ ਫੈਸਲੇ ਕਰਦਾ ਹੈ, ਜਿਨ੍ਹਾਂ ਨੂੰ ਮੰਤਰੀ ਪਰਿਸ਼ਦ ਦੇ ਸਮੁੱਚੇ ਫੈਸਲੇ ਦੇ ਤੌਰ ਤੇ ਮੰਨਿਆ ਜਾਂਦਾ ਹੈ।

## 5.4 ਸ਼ਬਦ ਕੈਬਨਿਟ ਦਾ ਮੂਲ (Origin of the term Cabinet) :

ਭਾਰਤ ਦੇ ਸੰਵਿਧਾਨ ਵਿਚ ਮੰਤਰੀ ਪਰਿਸ਼ਦ ਤੋਂ ਵਧੇਰੇ ਸ਼ਕਤੀਆਂ ਅਤੇ ਅਧਿਕਾਰ ਕੈਬਨਿਟ ਨੂੰ ਪ੍ਰਾਪਤ ਹਨ। ਮੰਤਰੀ ਪਰਿਸ਼ਦ ਇਸ ਸਮੇਂ ਕੇਵਲ ਇਕ ਕਾਨੂੰਨੀ ਭਰਮ ਹੈ। ਸੰਵਿਧਾਨ ਵਿਚ ਪਰਿਸ਼ਦ ਦੀ ਬਣਤਰ ਅਤੇ ਇਸ ਦੇ ਸਥਾਨ ਬਾਰੇ ਯੋਗ ਪ੍ਰਬੰਧ ਕੀਤਾ ਹੋਇਆ ਹੈ ਪਰ ਜਿਥੋਂ ਤਕ ਕੈਬਨਿਟ ਦਾ ਸੰਬੰਧ ਹੈ, ਇਸ ਦੇ ਨਾਂ ਦਾ ਜ਼ਿਕਰ ਤੱਕ ਵੀ ਨਹੀਂ ਅਤੇ ਇਸ ਦੇ ਬਾਵਜੂਦ ਸਰਕਾਰ ਦੀ ਬਣਤਰ ਵਿਚ ਕੈਬਨਿਟ ਹੀ ਅਜੋਕੇ ਸਮੇਂ ਵਿਚ ਅਸਲੀ ਸ਼ਕਤੀਆਂ ਦੀ ਮਾਲਿਕ ਹੈ।

ਐਪਰ, ਹਾਲਤ ਸਦਾ ਤੋਂ ਹੀ ਇਹੀ ਨਹੀਂ ਸੀ। ਇਤਿਹਾਸਕ ਤੌਰ ਤੇ ਕੈਬਨਿਟ ਅਤੇ ਮੰਤਰੀ ਪਰਿਸ਼ਦ ਮਿਲਦੀਆਂ ਜੁਲਦੀਆਂ ਸੰਸਥਾਵਾਂ ਹਨ। ਜਦੋਂ ਅੰਗਰੇਜ਼ਾਂ ਦਾ ਰਾਜ ਖਤਮ ਹੋਇਆ ਤਾਂ ਉਸ ਸਮੇਂ ਗਵਰਨਰ ਜਨਰਲ ਦੀ ਐਗਜ਼ੈਕਟਿਵ ਕੌਂਸਿਲ ਨੂੰ ਮੰਤਰੀ ਪਰਿਸ਼ਦ ਵਿਚ ਬਦਲ ਦਿੱਤਾ ਅਤੇ ਪ੍ਰਧਾਨ ਮੰਤਰੀ ਨੂੰ ਇਸ ਦਾ ਮੁੱਖੀ ਬਣਾਇਆ ਗਿਆ। ਇਹ ਮੰਤਰੀ ਪਰਿਸ਼ਦ ਆਰਜੀ ਪਾਰਲੀਮੈਂਟ ਨੂੰ ਜਵਾਬਦੇਹ ਸੀ। ਇਸ ਤਰ੍ਹਾਂ ਭਾਰਤ ਵਿਚ ਜ਼ਿੰਮੇਵਾਰ ਸਰਕਾਰ ਦੀ ਸਥਾਪਨਾ ਹੋਈ। ਸ਼ਬਦ ਕੈਬਨਿਟ ਮੰਤਰੀ ਪਰਿਸ਼ਦ ਜਾਂ ਮਨਿਸਟਰੀ ਜਿਵੇਂ ਕਿ ਆਮ ਤੌਰ ਤੇ ਇਸ ਨੂੰ ਆਖਿਆ ਜਾਂਦਾ ਸੀ, ਇਸ ਦੇ ਲਈ ਹੀ ਵਰਤਿਆ ਜਾਂਦਾ ਸੀ। ਮਨਿਸਟਰੀ ਦੇ ਸਾਰੇ ਮੈਂਬਰਾਂ ਦਾ ਰੁਤਵਾ ਬਰਾਬਰ ਹੁੰਦਾ ਸੀ ਅਤੇ ਸਰਕਾਰੀ ਫੈਸਲੇ ਸਭ ਮਿਲ ਕੇ ਕਰਦੇ ਸਨ। ਇਸ ਲਈ ਉਸ ਸਮੇਂ ਦੋਹਾਂ ਸ਼ਬਦਾਂ ਦਾ ਇਕੋ ਅਰਥ ਸੀ। ਇਸ ਸਮੇਂ ਦੇ ਦੌਰਾਨ ਹੀ ਸੰਵਿਧਾਨ ਦੇ ਉਪਬੰਧ ਲਿਖੇ ਜਾ ਰਹੇ ਸਨ ਅਤੇ ਕੁਦਰਤੀ ਤੌਰ

ਤੇ ਸੰਵਿਧਾਨ ਨਿਰਮਤਾਵਾਂ ਨੇ ਸਿਰਫ ਮੰਤਰੀ ਪਰਿਸ਼ਦ ਦਾ ਹੀ ਜ਼ਿਕਰ ਕੀਤਾ ਪਰ ਕੁਝ ਹੀ ਚਿਰ ਪਿਛੋਂ ਸਰਕਾਰ ਨੇ ਕੁਝ ਜੂਨੀਅਰ ਮੰਤਰੀ ਨਿਯੁਕਤ ਕੀਤੇ ਜਿਨ੍ਹਾਂ ਵਿਚੋਂ ਕੁਝ ਨੂੰ ਤਾਂ ਮੰਤਰੀ ਪਰਿਸ਼ਦ ਦੀਆਂ ਮੀਟਿੰਗਾਂ ਵਿਚ ਸੱਦਿਆ ਜਾਂਦਾ ਸੀ ਪਰ ਕੁਝ ਨੂੰ ਨਹੀਂ ਸੱਦਿਆ ਜਾਂਦਾ ਸੀ ਕਿਉਂਕਿ ਅਜਿਹੇ ਮੰਤਰੀਆਂ ਦੀ ਗਿਣਤੀ 1950 ਤੱਕ ਕਾਫ਼ੀ ਹੋ ਗਈ ਸੀ, ਇਸ ਵਾਸਤੇ ਸਰਕਾਰ ਨੇ ਕੈਬਨਿਟ ਸੰਗਠਨ ਸੰਬੰਧੀ ਸਾਫ ਨੀਤੀ ਬਣਾਉਣ ਦਾ ਫੈਸਲਾ ਕੀਤਾ। ਸਿੱਟੇ ਵਜੋਂ ਸਰਕਾਰ ਨੇ ਸਵਾਮੀ ਆਇੰਗਰ ਨੂੰ ਜਿਹੜੇ ਸੀਨੀਅਰ ਮੰਤਰੀ ਸਨ, ਇਸ ਸਮੱਸਿਆ ਦਾ ਅਧਿਐਨ ਕਰਨ ਅਤੇ ਵਿਸਥਾਰ ਸਹਿਤ ਸਿਫਾਰਸ਼ਾਂ ਕਰਨ ਲਈ ਕਿਹਾ। ਸਰਕਾਰ ਨੇ ਪੁਨਰਗਠਨ ਬਾਰੇ ਪੇਸ਼ ਹੋਈ ਆਇੰਗਰ ਰਿਪੋਰਟ ਵਿਚ ਮੰਤਰੀਆਂ ਦੀ ਦਰਜੇ ਬੰਦੀ ਕਰਨ, ਹਰੇਕ ਦਰਜੇ ਦੇ ਕਰਤੱਵ ਅਤੇ ਜ਼ਿੰਮੇਵਾਰੀ ਨਿਸ਼ਚਿਤ ਕਰਨ ਇਸ ਤਰ੍ਹਾਂ ਬੇਤਰਤੀਬੇ ਵਾਧੇ ਦੀ ਥਾਂ ਸੁਚੇਤ ਸਿਸਟਮ ਲਾਗੂ ਕਰਨ ਦੇ ਸੁਝਾਅ ਦਿੱਤੇ। ਇਸ ਪ੍ਰਣਾਲੀ ਅਨੁਸਾਰ ਮੰਤਰੀਆਂ ਦੀ ਦਰਜਾ ਤਰਤੀਬ ਕਾਇਮ ਕੀਤੀ ਗਈ। ਕੈਬਨਿਟ ਮੰਤਰੀਆਂ ਨੂੰ ਅਧਿਕਾਰ ਵਜੋਂ ਕੈਬਨਿਟ ਦੀਆਂ ਮੀਟਿੰਗਾਂ ਵਿਚ ਹਾਜ਼ਰ ਹੋਣ ਦਾ ਅਧਿਕਾਰ ਦਿੱਤਾ ਗਿਆ। ਰਾਜ ਮੰਤਰੀ ਵੀ ਇਨ੍ਹਾਂ ਮੀਟਿੰਗਾਂ ਵਿਚ ਹਾਜ਼ਰ ਹੋ ਸਕਦੇ ਹਨ ਜਦੋਂ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਵਿਸ਼ੇਸ਼ ਰੂਪ ਵਿਚ ਸੱਦੇ ਉਨ੍ਹਾਂ ਨੂੰ ਆਪਣੇ ਵਿਭਾਗਾਂ ਨਾਲ ਸੰਬੰਧਿਤ ਮਾਮਲਿਆਂ ਦੀ ਮੀਟਿੰਗ ਵਿਚ ਬੋਤਲ ਦਾ ਅਧਿਕਾਰ ਵੀ ਦਿੱਤਾ ਗਿਆ ਪਰ ਵੋਟ ਦਾ ਨਹੀਂ।

ਇਸ ਤਰ੍ਹਾਂ ਕੈਬਨਿਟ ਜਿਸ ਤੋਂ ਹੁਣ ਕੇਵਲ ਕੈਬਨਿਟ ਮੰਤਰੀਆਂ ਦੀ ਛੋਟੀ ਜਿਹੀ ਕੌਂਸਿਲ ਦਾ ਭਾਵ ਲਿਆ ਜਾਂਦਾ ਹੈ। ਮੰਤਰੀ ਪਰਿਸ਼ਦ ਜਿਸ ਤੋਂ ਭਾਵ ਬਿਨਾਂ ਦਰਜੇ ਵਿਤਕਰੇ ਦੇ ਮੰਤਰੀਆਂ ਦੀ ਸਭਾ ਤੋਂ ਹੈ, ਦੇ ਵਿਚਕਾਰ ਇਹ ਅੰਤਰ ਹੋਂਦ ਵਿਚ ਆ ਗਿਆ। ਹੌਲੀ ਹੌਲੀ ਕੈਬਨਿਟ ਨੇ ਮੰਤਰੀ ਪਰਿਸ਼ਦ ਦੇ ਸਾਰੇ ਕਰਤੱਵ ਅਤੇ ਅਧਿਕਾਰ ਖੋਹ ਲਏ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅਮਲੀ ਰੂਪ ਵਿਚ ਮੰਤਰੀ ਪਰਿਸ਼ਦ ਦਾ ਪ੍ਰਭਾਵ ਘਟ ਗਿਆ।

## 5.5 ਕੈਬਨਿਟ ਸਿਸਟਮ ਦੀਆਂ ਵਿਸ਼ੇਸ਼ਤਾਈਆਂ (Features of the Cabinet System)

ਭਾਰਤ ਦੀ ਕੈਬਨਿਟ ਪ੍ਰਣਾਲੀ ਦਾ ਆਧਾਰ ਬ੍ਰਿਟਿਸ਼ ਪ੍ਰਣਾਲੀ ਦੇ ਨਮੂਨੇ ਤੋਂ ਹੈ ਅਤੇ ਇਸ ਲਈ ਇਸ ਦੀਆਂ ਮੁੱਖ ਵਿਸ਼ੇਸ਼ਤਾਈਆਂ ਵੀ ਉਹ ਹੀ ਹਨ ਜੋ ਇਸਦੇ ਵਰਗੀ ਬ੍ਰਿਟਿਸ਼ ਸੰਸਥਾ ਦੀਆਂ ਹਨ ਭਾਵੇਂ ਕੁਝ ਕੁ ਵਿਸਤ੍ਰਿਤ ਮਾਮਲਿਆਂ ਵਿਚ ਇਸ ਦੇ ਨਿਰਣੇ ਕੁਝ ਵਿਸ਼ੇਸ਼ ਲੱਛਣ ਹਨ। ਮੁੱਖ ਵਿਸ਼ੇਸ਼ਤਾਈਆਂ ਨਿਮਨ ਅਨੁਸਾਰ ਹਨ:

(1) **ਪਾਰਟੀ ਏਕਤਾ (Party Solidarity)** : ਕੈਬਨਿਟ ਪ੍ਰਣਾਲੀ ਦਾ ਸਭ ਤੋਂ ਮਹੱਤਵਪੂਰਣ ਲੱਛਣ ਹੈ ਪਾਰਟੀ ਏਕਤਾ। ਸਾਰੇ ਮੰਤਰੀ ਇਕੋ ਹੀ ਭਾਵ ਬਹੁਮਤ ਦਲ ਵਿਚੋਂ ਲਏ ਜਾਂਦੇ ਹਨ। ਇਸ ਲਈ ਸਾਰੇ ਮੰਤਰੀ ਇਕੋ ਜਿਹੇ ਰਾਜਨੀਤਿਕ ਆਦਰਸ਼ ਅਤੇ ਵਿਚਾਰਾਂ ਦੇ ਧਾਰਨੀ ਹੁੰਦੇ ਹਨ ਅਤੇ ਇਸੇ ਹੀ ਪ੍ਰੋਗਰਾਮ ਦੇ ਹਾਮੀ ਹੁੰਦੇ ਹਨ। ਭਾਵੇਂ ਸਿਧਾਂਤਕ ਤੌਰ ਤੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਨਿਯੁਕਤੀ ਕਰਦਾ ਹੈ ਅਤੇ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਉਹ ਹੋਰ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ ਪਰ ਅਸਲੀਅਤ ਇਹ ਹੈ ਕਿ ਅਮਲੀ ਤੌਰ ਤੇ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਚੁਣਨ ਵਿਚ ਕੋਈ ਖੁਲ੍ਹ ਨਹੀਂ। ਉਹ ਪ੍ਰਥਾ ਅਨੁਸਾਰ ਲੋਕ ਸਭਾ ਦੀ ਬਹੁ-ਗਿਣਤੀ ਵਾਲੀ ਪਾਰਟੀ ਦੇ ਲੀਡਰ ਨੂੰ ਪ੍ਰਧਾਨ ਮੰਤਰੀ ਦੇ ਤੌਰ ਤੇ ਚੁਣਨ ਲਈ ਪਾਬੰਧ ਹੈ ਅਤੇ ਇਸ ਉਪਰੰਤ ਪੂਰਨ ਰੂਪ ਵਿਚ ਇਹ ਪ੍ਰਧਾਨ ਮੰਤਰੀ ਨੂੰ ਆਪਣੀ ਪਾਰਟੀ ਤੋਂ ਬਾਹਰ ਜਾਣ ਦੀ ਖੁਲ੍ਹ ਨਹੀਂ ਭਾਵੇਂ ਸਾਡੀ ਸੁਤੰਤਰਤਾ ਦੇ ਮੁਢਲੇ ਦੌਰ ਵਿਚ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੇ ਕੁਝ ਮੰਤਰੀ ਕਾਂਗਰਸ ਪਾਰਟੀ ਤੋਂ ਬਾਹਰੋਂ ਵੀ ਲਏ ਸਨ ਪਰ ਇਹ ਪ੍ਰਥਾ ਬਹੁਤ ਕਾਮਯਾਬ ਨਾ ਹੋਈ। ਇਕੋ ਪਾਰਟੀ ਦੇ ਮੈਂਬਰ ਹੋਣ ਨਾਲ ਮੰਤਰੀ ਪਰਿਸ਼ਦ ਦਾ ਸਾਂਝਾ ਦ੍ਰਿਸ਼ਟੀਕੋਣ ਬਣ ਜਾਂਦਾ ਹੈ ਅਤੇ ਉਨ੍ਹਾਂ ਦੇ ਹਿੱਤ ਵੀ ਸਾਂਝੇ ਹੁੰਦੇ ਹਨ।

(2) **ਕੈਬਨਿਟ ਅਤੇ ਵਿਧਾਨ ਮੰਡਲ ਵਿਚ ਤਾਲਮੇਲ** : ਮੰਤਰੀਆਂ ਲਈ ਇਕੋ ਪਾਰਟੀ ਦੇ ਮੈਂਬਰ ਹੋਣ ਦੇ ਨਾਲ ਨਾਲ ਸੰਸਦ ਦਾ ਮੈਂਬਰ ਹੋਣਾ ਵੀ ਜ਼ਰੂਰੀ ਹੈ। ਸਾਧਾਰਣ ਰੂਪ ਵਿਚ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮੰਤਰੀ ਲੋਕ ਸਭਾ ਵਿਚੋਂ ਹੈ ਜਾਂ ਰਾਜ ਸਭਾ ਵਿਚੋਂ। ਆਮ ਤੌਰ ਤੇ ਇਹ ਪ੍ਰਥਾ ਹੀ ਬਣ ਗਈ ਹੈ ਕਿ ਮੰਤਰੀ ਜਿਨ੍ਹਾਂ ਕੋਲ ਅਤਿ ਮਹੱਤਵਪੂਰਣ ਮਹਿਕਮੇ ਹੁੰਦੇ ਹਨ, ਲੋਕ ਸਭਾ ਵਿਚੋਂ ਹੀ ਹੁੰਦੇ ਹਨ, ਜਿਹੜਾ ਕਿ ਲੋਕਾਂ ਦੁਆਰਾ ਪ੍ਰਤੱਖ ਰੂਪ ਚੁਣਿਆ ਹੋਇਆ ਸਦਨ ਹੈ। ਪਰ ਸਾਧਾਰਣ ਹਾਲਾਤ ਵਿਚ ਕਈ ਵਾਰੀ ਇਸ ਪ੍ਰਥਾ ਨੂੰ ਅੱਖੋਂ ਓਹਲੇ ਵੀ ਕਰਨਾ ਪੈ ਜਾਂਦਾ ਹੈ, ਜਿਵੇਂ ਕਿ 1956 ਵਿਚ ਲਾਲ ਬਹਾਦਰ ਸ਼ਾਸਤਰੀ ਦੀ ਅਚਾਨਕ ਮੌਤ ਹੋ ਜਾਣ ਤੇ ਸ੍ਰੀਮਤੀ ਇੰਦਰਾ ਗਾਂਧੀ ਜੋ ਰਾਜ ਸਭਾ ਦੀ ਮੈਂਬਰ ਵੀ ਸੀ ਅਤੇ ਜਿਸ ਨੂੰ ਕਾਂਗਰਸ ਪਾਰਟੀ ਨੇ ਲੀਡਰ ਦੇ ਤੌਰ

ਤੇ ਚੁਣਿਆ ਸੀ, ਪ੍ਰਧਾਨ ਮੰਤਰੀ ਬਣੀ। ਸੰਵਿਧਾਨ ਅਨੁਸਾਰ ਗੈਰ ਮੈਂਬਰ ਵੀ ਮੰਤਰੀ ਬਣ ਸਕਦੇ ਹਨ, ਪਰ ਅਜਿਹੇ ਵਿਅਕਤੀਆਂ ਨੂੰ ਆਪਣੀ ਨਿਯੁਕਤੀ ਦੇ ਛੇ ਮਹੀਨੇ ਦੇ ਅੰਦਰ ਸੰਸਦ ਦਾ ਮੈਂਬਰ ਬਣਨਾ ਪੈਂਦਾ ਹੈ। ਜੇਕਰ ਉਹ ਸੰਸਦ ਦੇ ਮੈਂਬਰ ਨਹੀਂ ਬਣ ਸਕਦੇ ਤਾਂ ਉਨ੍ਹਾਂ ਨੂੰ ਮੰਤਰੀ ਪੱਦ ਛੱਡਣਾ ਪੈਂਦਾ ਹੈ। ਇਹ ਉਪਬੰਧ ਪ੍ਰਧਾਨ ਮੰਤਰੀ ਨੂੰ ਆਪਣੀ ਪਾਰਟੀ ਦੇ ਕਾਬਲ ਵਿਅਕਤੀਆਂ ਨੂੰ ਆਪਣੀ ਕੈਬਨਿਟ ਵਿਚ ਸ਼ਾਮਲ ਕਰਨ ਦੇ ਸਮਰਥ ਬਣਾਉਣ ਵਾਸਤੇ ਜ਼ਰੂਰੀ ਹੈ ਭਾਵੇਂ ਉਹ ਆਪਣੀ ਨਿਯੁਕਤੀ ਸਮੇਂ ਪਾਰਲੀਮੈਂਟ ਮੈਂਬਰ ਨਾ ਹੋਣ ਪਰ ਰਾਜਨੀਤਿਕ ਹਮਰੂਪਤਾ ਵਿਚ ਸਿਧਾਂਤ ਨੂੰ ਕਾਇਮ ਰਖਣ ਲਈ ਸੰਵਿਧਾਨ ਵਿਚ ਵਿਵਸਥਾ ਕੀਤੀ ਗਈ ਕਿ ਅਜਿਹੇ ਮੰਤਰੀ ਛੇ ਮਹੀਨਿਆਂ ਦੇ ਅੰਦਰ ਸੰਸਦ ਦੇ ਮੈਂਬਰ ਜ਼ਰੂਰੀ ਚੁਣੇ ਜਾਣ, ਸੰਸਦ ਅਤੇ ਕੈਬਨਿਟ ਦੀ ਸਾਂਝ ਮੈਂਬਰਸ਼ਿਪ ਸਰਕਾਰ ਦੇ ਵਿਧਾਨਕਾਰੀ ਵਿਭਾਗ ਸੁਮੇਲ ਨੂੰ ਯਕੀਨੀ ਬਣਾਉਂਦੀ ਹੈ।

(3) **ਮੰਤਰੀਆਂ ਦੀ ਜ਼ਿੰਮੇਵਾਰੀ (Ministerial Responsibility)** :- ਭਾਰਤ ਦੀ ਕੈਬਨਿਟ ਪ੍ਰਣਾਲੀ ਦੀ ਇਕ ਹੋਰ ਮਹੱਤਵਪੂਰਣ ਵਿਸ਼ੇਸ਼ਤਾ ਮੰਤਰੀਆਂ ਦੀ ਜ਼ਿੰਮੇਵਾਰੀ ਦਾ ਸਿਧਾਂਤ ਹੈ। ਇਸ ਸਿਧਾਂਤ ਅਨੁਸਾਰ ਸਰਕਾਰ ਦੀ ਹਰੇਕ ਕਾਰਵਾਈਆਂ ਵਾਸਤੇ ਮੰਤਰੀ ਪਾਰਲੀਮੈਂਟ ਨੂੰ ਜਵਾਬਦੇਹ ਹਨ। ਇਹ ਜ਼ਿੰਮੇਵਾਰੀ ਸਮੂਹਿਕ ਵੀ ਹੈ ਅਤੇ ਵਿਅਕਤੀਗਤ ਵੀ। ਭਾਵ ਇਹ ਨੀਤੀ ਨਿਰਮਾਣ ਅਤੇ ਹੋਰ ਮਹੱਤਵਪੂਰਣ ਮਾਮਲਿਆਂ ਲਈ ਕੈਬਨਿਟ ਸੰਸਦ ਨੂੰ ਸਮੁੱਚੇ ਤੌਰ ਤੇ ਜਵਾਬਦੇਹ ਹੈ ਅਤੇ ਜੇਕਰ ਪਾਰਲੀਮੈਂਟ ਸਰਕਾਰ ਦੀ ਕਿਸੇ ਨੀਤੀ ਜਾਂ ਕਾਰਵਾਈ ਨੂੰ ਨਾ ਮਨਜ਼ੂਰ ਕਰ ਦਿੰਦੀ ਹੈ ਤਾਂ ਸਮੁੱਚੀ ਮੰਤਰੀ ਮੰਡਲ ਨੂੰ ਅਸਤੀਫਾ ਦੇਣਾ ਪਵੇਗਾ ਭਾਵੇਂ ਇਸ ਮਾਮਲੇ ਦਾ ਸੰਬੰਧ ਸਰਕਾਰ ਦੇ ਕੇਵਲ ਇਕ ਵਿਭਾਗ ਨਾਲ ਹੀ ਹੋਵੇ। ਪਰ ਵਿਭਾਗ ਦੇ ਵਿਸਥਾਰ ਪੂਰਵਕ ਕੰਮਾਂ ਲਈ ਕੇਵਲ ਉਹੋ ਮੰਤਰੀ ਹੀ ਜ਼ਿੰਮੇਵਾਰ ਹੈ ਜੋ ਕਿ ਉਸ ਵਿਭਾਗ ਦਾ ਇੰਚਾਰਜ ਹੈ। (ਪਰ ਸਮੂਹਿਕ ਜ਼ਿੰਮੇਵਾਰੀ ਅਤੇ ਵਿਅਕਤੀਗਤ ਜ਼ਿੰਮੇਵਾਰੀ ਵਿਚ ਨਿਰਣਾ ਸੰਸਦ ਹੀ ਕਰ ਸਕਦੀ ਹੈ ਜਿਹੜੀ ਕਿ ਕੈਬਨਿਟ ਦੀ ਕਿਸਮਤ ਦੀ ਅੰਤਿਮ ਨਿਰਣਾਇਕ ਹੈ)। 1972 ਦੇ ਚੀਨ ਦੇ ਹਮਲੇ ਸਮੇਂ ਸੰਸਦ ਨੇ ਕੇਵਲ ਰੱਖਿਆ ਮੰਤਰੀ ਸ੍ਰੀ ਵੀ. ਕੇ. ਕ੍ਰਿਸ਼ਨਾ ਮੈਨਨ ਨੂੰ ਅਸਤੀਫ਼ਾ ਦੇਣ ਤੇ ਮਜ਼ਬੂਤ ਕੀਤਾ ਸੀ ਅਤੇ ਸਾਰੀ ਕੈਬਨਿਟ ਦਾ ਅਸਤੀਫਾ ਨਾ ਮੰਗਿਆ ਭਾਵੇਂ ਕਿ ਇਸ ਸਾਰੀ ਘਟਨਾ ਦੀ ਜ਼ਿੰਮੇਵਾਰੀ ਸਮੁੱਚੀ ਕੈਬਨਿਟ ਤੇ ਆਉਂਦੀ ਸੀ। ਮੰਤਰੀਆਂ ਦੀ ਜ਼ਿੰਮੇਵਾਰੀ ਦੇ ਇਸ ਸਿਧਾਂਤ ਦੀ ਇਕ ਹੋਰ ਮਹੱਤਵਪੂਰਣ ਵਿਸ਼ੇਸ਼ਤਾ ਇਹ ਤੱਥ ਹੈ ਕਿ ਭਾਵੇਂ ਕਿ ਕੈਬਨਿਟ ਦੋਹਾਂ ਸਦਨਾਂ ਨੂੰ ਜਵਾਬਦੇਹ ਹੈ। ਪਰ ਸਰਕਾਰ ਨੂੰ ਤਾਂ ਅਸਤੀਫਾ ਦੇਣਾ ਪੈਂਦਾ ਹੈ ਜੇਕਰ ਇਹ ਹੇਠਲੇ ਸਦਨ, ਭਾਵ ਲੋਕ ਸਭਾ ਵਿਚ ਹਾਰ ਜਾਵੇ। ਜੇਕਰ ਇਹ ਰਾਜ ਸਭਾ ਵਿਚ ਹਾਰ ਜਾਵੇ ਤਾਂ ਇਸ ਨੂੰ ਅਸਤੀਫਾ ਨਹੀਂ ਦੇਣਾ ਪੈਂਦਾ, ਕਿਉਂਕਿ ਲੋਕ ਸਭਾ ਹੀ ਪ੍ਰਤੱਖ ਰੂਪ ਵਿਚ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੈ। ਰਾਜ ਸਭਾ ਅੰਸ਼ਕ ਰੂਪ ਵਿਚ ਕੁਝ ਵਰਗਾਂ ਅਤੇ ਕਿੱਤਿਆਂ ਦੀ ਪ੍ਰਤੀਨਿਧਤਾ ਕਰਦੀ ਹੈ।

(4) **ਮੰਤਰੀ ਮੰਡਲ ਦੀ ਏਕਤਾ (Unity of Cabinet)** :- ਭਾਰਤੀ ਕੈਬਨਿਟ ਪ੍ਰਣਾਲੀ ਦਾ ਇਕ ਹੋਰ ਮਹੱਤਵਪੂਰਣ ਲੱਛਣ ਮੰਤਰੀ ਮੰਡਲ ਦੀ ਏਕਤਾ ਹੈ। ਮੰਤਰੀ ਮੰਡਲ ਦੀਆਂ ਬੈਠਕਾਂ ਵਿਚ ਹਰੇਕ ਮੰਤਰੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੁੰਦੀ ਹੈ ਪਰ ਜਦੋਂ ਵਿਚਾਰ ਵਟਾਂਦਰੇ ਪਿਛੋਂ ਕੋਈ ਫੈਸਲਾ ਹੋ ਜਾਂਦਾ ਹੈ ਤਾਂ ਹਰ ਮੰਤਰੀ ਨੂੰ ਉਹ ਫੈਸਲਾ ਸਮਝੇ ਕਿ ਉਹ ਕੈਬਨਿਟ ਦੇ ਫੈਸਲੇ ਨਾਲ ਸਹਿਮਤ ਨਹੀਂ ਤਾਂ ਉਸ ਨੂੰ ਵਿਰੋਧ ਕਰਨ ਤੋਂ ਪਹਿਲਾਂ ਅਸਤੀਫਾ ਦੇਣਾ ਪੈਂਦਾ ਹੈ। ਇਸ ਤਰ੍ਹਾਂ ਮੰਤਰੀ ਮੰਡਲ ਇਕ ਇਕਾਈ ਦੇ ਰੂਪ ਵਿਚ ਕੰਮ ਕਰਦਾ ਹੈ ਅਤੇ ਉਹ ਸਾਰੇ ਮੰਤਰੀ ਮੰਡਲ ਦੀ ਹਰ ਨੀਤੀ ਲਈ ਜ਼ਿੰਮੇਵਾਰ ਹੁੰਦੇ ਹਨ।

(5) **ਗੁਪਤਤਾ (Secrecy)** :- ਮੰਤਰੀਆਂ ਦੀ ਸਮੂਹਿਕ ਜ਼ਿੰਮੇਵਾਰੀ ਦੇ ਨਾਲ ਨਾਲ ਕੈਬਨਿਟ ਦੀਆਂ ਮੀਟਿੰਗਾਂ ਦੀ ਕਾਰਵਾਈ ਨੂੰ ਗੁਪਤ ਰੱਖਣਾ ਵੀ ਅਤਿ ਜ਼ਰੂਰੀ ਹੈ। ਹਰ ਇਕ ਮੰਤਰੀ ਨੂੰ ਮੰਤਰੀ ਪਦ ਦੀ ਸੌਂਹ ਚੁਕਣੀ ਪੈਂਦੀ ਹੈ। ਇਸ ਲਈ ਗੁਪਤਤਾ ਪਾਰਲੀਮੈਂਟ ਸਰਕਾਰ ਦਾ ਇਕ ਮਹੱਤਵਪੂਰਣ ਅੰਗ ਹੈ।

**ਪ੍ਰਧਾਨ ਮੰਤਰੀ ਦੀ ਲੀਡਰਸ਼ਿਪ (Leadership of the Prime Minister)** :-ਸਾਡੀ ਕੈਬਨਿਟ ਪ੍ਰਣਾਲੀ ਵਿਚ ਪ੍ਰਧਾਨ ਮੰਤਰੀ ਨੂੰ ਕੈਬਨਿਟ ਦੇ ਆਪਣੇ ਹੋਰਾਂ ਸਾਥੀਆਂ ਤੋਂ ਸ੍ਰੇਸ਼ਟਤਾ ਪ੍ਰਾਪਤ ਹੈ ਭਾਵੇਂ ਬ੍ਰਿਟਿਸ਼ ਸਿਸਟਮ ਵਿਚ ਪ੍ਰਧਾਨ ਮੰਤਰੀ ਬਰਾਬਰ ਦੀਆਂ ਵਿਚੋਂ ਪਹਿਲਾ ਹੈ। ਸਰਕਾਰ ਚਲਾਉਣ ਲਈ ਇਹ ਜ਼ਰੂਰੀ ਹੈ ਕਿ ਪ੍ਰਧਾਨ ਮੰਤਰੀ ਦੀ ਸਰਕਾਰ ਦੀ ਟੀਮ ਦੇ ਲੀਡਰ ਜਾਂ ਕਪਤਾਨ ਵਾਂਗ ਕੰਮ ਕਰੇ। ਉਸ ਲਈ ਇਹ ਲੀਡਰਸ਼ਿਪ ਦੋ ਗੱਲਾਂ ਕਰਕੇ ਯਕੀਨੀ ਬਣ ਜਾਂਦੀ ਹੈ। ਪਹਿਲੀ ਇਹ ਕਿ ਉਹ ਪਾਰਟੀ ਦਾ ਚੁਣਿਆ ਲੀਡਰ ਹੈ ਪਰ ਇਸ ਤੋਂ ਜ਼ਿਆਦਾ ਮਹੱਤਵ ਉਸਦੀ ਆਪਣੀ ਸ਼ਖਸੀਅਤ ਅਤੇ ਰਾਜਸੀ ਯੋਗਤਾ ਦਾ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਉਹ

ਕਿੰਨਾ ਕੁ ਸਫ਼ਲ ਲੀਡਰ ਸਾਬਤ ਹੋ ਸਕੇਗਾ। ਪੰਡਿਤ ਨਹਿਰੂ ਜਨਤਾ ਵਿਚ ਇੰਨੇ ਹਰਮਨ ਪਿਆਰੇ ਸਨ ਕਿ ਪਾਰਟੀ ਤੇ ਨਿਰਭਰ ਕਰਨ ਦੀ ਬਜਾਏ ਕਾਂਗਰਸ ਪਾਰਟੀ ਹੀ ਉਨ੍ਹਾਂ ਤੇ ਨਿਰਭਰ ਕਰਿਆ ਕਰਦੀ ਸੀ। ਪਰ ਨਿੱਜੀ ਗੁਣਾਂ ਨੂੰ ਪਾਸੇ ਵੀ ਰੱਖ ਦੇਈਏ ਤਾਂ ਵੀ ਅਸਲੀ ਤਥ ਇਹ ਹੈ ਕਿ ਪ੍ਰਧਾਨ ਮੰਤਰੀ ਸਰਕਾਰ ਦਾ ਮੁੱਖੀ, ਸਦਨ ਦਾ ਲੀਡਰ ਹੈ, ਕੇਵਲ ਆਪਣੀ ਇਸ ਹੈਸੀਅਤ ਕਾਰਣ ਹੀ ਉਸ ਦੀ ਆਪਣੇ ਕੈਬਨਿਟ ਦੇ ਸਾਥੀਆਂ ਵਿਚ ਉਚੇਰੀ ਥਾਂ ਹੈ ਉਸ ਆਪਣੇ ਮੰਤਰੀਆਂ ਦੀ ਟੀਮ ਚੁਣਦਾ ਹੈ, ਉਨ੍ਹਾਂ ਨੂੰ ਵਿਭਾਗ ਸੌਂਪਦਾ ਹੈ, ਕੈਬਨਿਟ ਦੀਆਂ ਮੀਟਿੰਗਾਂ ਸੱਦਦਾ ਹੈ, ਇਨ੍ਹਾਂ ਮੀਟਿੰਗਾਂ ਵਾਸਤੇ ਉਹ ਕਾਰਜ ਸੂਚੀ ਤਿਆਰ ਕਰਦਾ ਹੈ ਅਤੇ ਇਨ੍ਹਾਂ ਸਭ ਦੇ ਨਾਲ ਨਾਲ ਉਹ ਸਰਕਾਰ ਅਤੇ ਰਾਸ਼ਟਰਪਤੀ ਵਿਚਕਾਰ ਕੜੀ ਵੀ ਹੈ। ਪਰ ਇਥੇ ਇਹ ਵੀ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਉਸਨੂੰ ਕੈਬਨਿਟ ਦੀਆਂ ਮੀਟਿੰਗਾਂ ਵਿਚ ਕਿਸੇ ਹੋਰ ਕੈਬਨਿਟ ਮੰਤਰੀ ਵਾਂਗ ਹੀ ਵੋਟ ਦੇਣ ਦਾ ਹੱਕ ਨਹੀਂ। ਪਰ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਕੈਬਨਿਟ ਦੇ ਫੈਸਲੇ ਆਮ ਰਾਏ ਦੀ ਸਹਿਮਤੀ ਨਾਲ ਹੀ ਕੀਤੇ ਜਾਂਦੇ ਹਨ, ਨਾ ਕਿ ਵੋਟਾਂ ਪਾ ਕੇ। ਪਰ ਪ੍ਰਧਾਨ ਮੰਤਰੀ ਕਿਸ ਹੱਦ ਤੱਕ ਆਪਣੀਆਂ ਗੱਲਾਂ ਅਤੇ ਵਿਚਾਰਾਂ ਨੂੰ ਆਪਣੀ ਕੈਬਨਿਟ ਦੇ ਸਾਥੀਆਂ ਤੋਂ ਮਨਵਾ ਸਕਦਾ ਹੈ ਇਸ ਦਾ ਆਧਾਰ ਉਸ ਦੀ ਆਪਣੀ ਸ਼ਖਸੀਅਤ ਪਾਰਟੀ ਵਿਚ ਉਸ ਦੀ ਪੋਜੀਸ਼ਨ ਅਤੇ ਦੇਸ਼ ਦੀ ਰਾਜਨੀਤਿਕ ਹਾਲਾਤ ਉਤੇ ਨਿਰਭਰ ਕਰਦਾ ਹੈ।

**ਸਵੈ-ਅਭਿਆਸ ਪ੍ਰਸ਼ਨਾਵਲੀ-।**

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਕੈਬਨਿਟ ਜਾਂ ਮੰਤਰੀ ਮੰਡਲ ਤੋਂ ਕੀ ਸਮਝਦੇ ਹੋ?
2) ਕੈਬਨਿਟ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਉਲੇਖ ਕਰੋ।
3) ਮੰਤਰੀ ਮੰਡਲ ਅਤੇ ਮੰਤਰੀ ਪਰਿਸ਼ਦ ਵਿੱਚ ਕੀ ਅੰਤਰ ਹੈ?

## 5.6 ਕੈਬਨਿਟ ਦੀਆਂ ਸ਼ਕਤੀਆਂ ਅਤੇ ਕਰਤੱਵ (Powers and Functions of the Cabinet):

ਕੈਬਨਿਟ ਉਹ ਸੰਸਥਾ ਹੈ ਜਿਸ ਦੇ ਹੱਥਾਂ ਵਿਚ ਹਕੂਮਤ ਦੀ ਵਾਗਡੋਰ ਹੁੰਦੀ ਹੈ। ਇਹ ਇਕ ਅਜਿਹਾ ਧੁਰਾ ਹੈ ਜਿਸ ਦੇ ਦੁਆਲੇ ਦੇਸ਼ ਦਾ ਸਾਰਾ ਪ੍ਰਸ਼ਾਸਨ ਘੁੰਮਦਾ ਹੈ। ਇਹ ਰਾਸ਼ਟਰਪਤੀ ਦੇ ਅਧੀਨ ਹੈ ਪਰ ਅਸਲੀਅਤ ਵਿਚ ਰਾਸ਼ਟਰਪਤੀ ਨੂੰ ਸੰਵਿਧਾਨ ਦੁਆਰਾ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਇਹੋ ਹੀ ਕਰਦੀ ਹੈ। ਇਸ ਤਰ੍ਹਾਂ ਇਹ ਦੇਸ਼ ਦੀ ਪ੍ਰਮੁੱਖ ਕਾਰਜਕਾਰੀ ਸੱਤਾ ਹੈ ਅਤੇ ਆਪਣੀ ਇਸ ਹੈਸੀਅਤ ਵਿਚ ਸਰਕਾਰ ਦੇ ਸਾਰੇ ਪ੍ਰਸ਼ਾਸਕੀ ਢਾਂਚੇ ਨੂੰ ਸਿਰਜਦੀ ਅਤੇ ਇਸ ਨੂੰ ਕੰਟਰੋਲ ਕਰਦੀ ਹੈ। ਦੇਸ਼ ਦੀਆਂ ਕੁੱਲ ਸੁਰੱਖਿਆ ਸੈਨਾਵਾਂ ਵਿਚ ਨਿਯੁਕਤੀ ਕਰਦੀ ਅਤੇ ਇਨ੍ਹਾਂ ਨੂੰ ਕੰਟਰੋਲ ਵਿਚ ਰਖਦੀ ਹੈ। ਕੇਂਦਰੀ ਸਰਕਾਰ ਦੀ ਕੁਲ ਆਮਦਨ ਅਤੇ ਖਰਚੇ ਦਾ ਪ੍ਰਬੰਧ ਕਰਦੀ ਹੈ। ਇਸ ਦੀਆਂ ਸ਼ਕਤੀਆਂ ਦਾ ਵਰਣਨ ਨਿਮਨ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ।

(ੳ) **ਲੋਕ ਨੀਤੀਆਂ ਦਾ ਨਿਰਮਾਣ (Formulation of Public Policies)** :- ਜਿਵੇਂ ਕਿ ਪਹਿਲਾਂ ਸਪੱਸ਼ਟ ਕਰ ਦਿੱਤਾ ਗਿਆ ਹੈ, ਭਾਰਤ ਵਿਚ ਸੰਸਦੀ ਪ੍ਰਣਾਲੀ ਹੈ ਜਿਸ ਦੇ ਅਨੁਸਾਰ ਰਾਸ਼ਟਰਪਤੀ ਕੇਵਲ ਇੱਕ ਸੰਵਿਧਾਨਕ ਮੁੱਖੀ ਹੈ ਵਾਸਤਵਿਕ ਰੂਪ ਵਿਚ ਅਗਵਾਈ ਕੈਬਨਿਟ ਕਰਦੀ ਹੈ। ਇਸ ਵਾਸਤੇ ਹੀ ਕੈਬਨਿਟ ਹੀ ਹੈ ਜਿਹੜੀ ਸਰਕਾਰੀ ਕਾਰਵਿਹਾਰ ਦਾ ਵੱਖ ਵੱਖ ਖੇਤਰ ਵਿਚ ਸਰਕਾਰ ਦੀਆਂ ਪਾਲਿਸੀਆਂ ਨਿਯੁਕਤ ਕਰਦੀ ਹੈ ਇਨ੍ਹਾਂ ਖੇਤਰਾਂ ਵਿਚ ਸਨਅਤੀ ਉੱਨਤੀ, ਖੇਤੀਬਾੜੀ ਦੀ ਉਪਜ, ਕੌਮੀ ਸੁਰੱਖਿਆ, ਵਿਦੇਸ਼ੀ ਮਾਮਲੇ, ਪੰਜ ਸਾਲਾਂ ਯੋਜਨਾਵਾਂ ਤੇ ਲੋਕ ਹਿੱਤ ਦੇ ਹੋਰ ਮਾਮਲੇ ਸ਼ਾਮਿਲ ਹਨ।

(ਅ) **ਵਿਧਾਨਕਾਰੀ ਕਾਰਜ (Legislative Functions)** :- ਲੋਕ ਰਾਜ ਵਿਚ ਵਿਧਾਨਕਾਰੀ ਅਤੇ ਵਿੱਤ ਸੰਬੰਧੀ ਅੰਤਿਮ ਅਧਿਕਾਰ ਪਾਰਲੀਮੈਂਟ ਕੋਲ ਹੁੰਦੇ ਹਨ। ਇਸ ਲਈ ਕੈਬਨਿਟ ਦੁਆਰਾ ਤਿਆਰ ਕੀਤੀਆਂ ਗਈਆਂ ਨੀਤੀਆਂ ਨੂੰ ਉਦੋਂ ਤੱਕ ਪ੍ਰਸ਼ਾਸਨ ਦੁਆਰਾ ਲਾਗੂ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਪਾਰਲੀਮੈਂਟ ਉਨ੍ਹਾਂ ਦੀ ਪ੍ਰਵਾਨਗੀ ਨਹੀਂ ਦਿੰਦੀ। ਪਰ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਇਨ੍ਹਾਂ ਬਿਲਾਂ ਨੂੰ ਪਾਸ ਕਰਵਾਉਣਾ ਮੰਤਰੀਆਂ ਦਾ ਕੰਮ ਹੈ। ਜਦੋਂ ਤੱਕ ਮਨਿਸਟਰੀ ਵਿਧਾਨ ਸੰਬੰਧੀ ਕੰਮਾਂ ਨੂੰ ਯੋਗ ਸੇਧ ਨਹੀਂ ਦਿੰਦੀ ਅਤੇ ਇਸ ਦੀ ਅਗਵਾਈ ਨਹੀਂ ਕਰਦੀ ਉਦੋਂ ਤੱਕ ਪਾਰਲੀਮੈਂਟ ਕਾਨੂੰਨ ਬਣਾਉਣ, ਨਿਗਰਾਨੀ ਅਤੇ ਕੰਟਰੋਲ ਕਰਨ ਦੇ ਆਪਣੇ ਵਿਸ਼ਾਲ ਕੰਮ ਨੂੰ

ਪੂਰੀ ਤਰ੍ਹਾਂ ਨਿਭਾ ਨਹੀਂ ਸਕਦੀ।

(ੲ) **ਵਿੱਤੀ ਕਾਰਜ (Financial Functions)** :- ਭਾਵੇਂ ਟੈਕਸ ਲਾਉਣਾ ਅਤੇ ਖਰਚ ਦੀ ਵੰਡ ਕਰਨਾ ਪਾਰਲੀਮੈਂਟ ਦੇ ਅਧਿਕਾਰ ਵਿਚ ਹੈ ਪਰ ਬਜਟ ਅਤੇ ਵਿੱਤੀ ਬਿਲਾਂ ਦੇ ਪਾਸ ਹੋਣ ਤੋਂ ਪਹਿਲਾਂ ਅਤੇ ਪਿਛੋਂ ਜਿਹੜਾ ਪੇਚੀਦਾ ਕੰਮ ਹੁੰਦਾ ਹੈ ਉਹ ਕੈਬਨਿਟ ਹੀ ਕਰਦੀ ਹੈ। ਸਲਾਨਾ ਬਜਟ ਤਿਆਰ ਕਰਨਾ, ਤਜਵੀਜ਼ ਕੀਤੇ ਗਏ ਖਰਚ ਵਾਸਤੇ ਵਿਉਂਤਾਂ ਬਣਾਉਣਾ, ਸਮੁੱਚੇ ਦੇਸ਼ ਲਈ ਯੋਗ ਪਾਲਿਸੀ ਤਿਆਰ ਕਰਨਾ ਅਤੇ ਪਾਰਲੀਮੈਂਟ ਸਾਹਮਣੇ ਸਲਾਨਾ ਬਜਟ ਵਿਵਰਣ ਦੇ ਤੌਰ ਤੇ ਪੇਸ਼ ਕਰਨਾ ਕੈਬਨਿਟ ਦੀ ਜ਼ਿੰਮੇਵਾਰੀ ਹੈ। ਇਹ ਦੇਖਣਾ ਵੀ ਮੰਤਰੀਆਂ ਦੀ ਜ਼ਿੰਮੇਵਾਰੀ ਹੈ ਕਿ ਬਜਟ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਸਮੇਂ ਸਿਰ ਅਤੇ ਕੈਬਨਿਟ ਦੁਆਰਾ ਪਹਿਲਾਂ ਹੀ ਮਿੱਥੀ ਗਈ ਨੀਤੀ ਅਨੁਸਾਰ ਪਾਸ ਹੋ ਜਾਂਦਾ ਹੈ। ਜੇਕਰ ਮਨਿਸਟਰੀ ਪਾਰਲੀਮੈਂਟ ਤੋਂ ਬਜਟ ਪਾਸ ਕਰਾਉਣ ਵਿਚ ਅਸਫ਼ਲ ਰਹਿੰਦੀ ਹੈ ਤਾਂ ਇਸ ਨੂੰ ਮਨਿਸਟਰੀ ਹਾਰ ਸਮਝਿਆ ਜਾਂਦਾ ਹੈ ਅਤੇ ਇਹੋ ਜਿਹੀ ਹਾਲਤ ਵਿਚ ਵਿੱਤ ਮੰਤਰੀ ਨੂੰ ਪਰਿਸ਼ਦ ਤੋਂ ਅਸਤੀਫਾ ਦੇਣਾ ਪੈਂਦਾ ਹੈ ਅਤੇ ਵਿਰੋਧੀ ਵਾਸਤੇ ਸਰਕਾਰ ਬਣਾਉਣ ਲਈ ਥਾਂ ਖਾਲੀ ਕਰਨੀ ਪੈਂਦੀ ਹੈ। ਬਜਟ ਪਾਸ ਹੋ ਜਾਣ ਤੋਂ ਪਿਛੋਂ ਕੈਬਨਿਟ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਟੈਕਸ ਅਤੇ ਬਜਟ ਵਿਚ ਦੱਸੇ ਗਏ ਵਸੀਲਿਆਂ ਤੋਂ ਰਕਮ ਇੱਕਤਰ ਕਰੋ ਅਤੇ ਸਰਕਾਰ ਦਾ ਖਰਚਾ ਪੂਰਾ ਕਰ ਸਕੇ। ਇਸ ਤਰ੍ਹਾਂ ਕੈਬਨਿਟ ਸਰਕਾਰੀ ਧਨ ਦੀ ਮੁੱਖ ਨਿਗਰਾਨੀ ਕਰਦੀ ਹੈ।

(ਸ) **ਵਿਦੇਸ਼ੀ ਮਾਮਲਿਆਂ ਦਾ ਸੰਚਾਲਨ (Conduct of Foreign affairs)** :- ਇਹ ਫੈਸਲਾ ਕਰਨਾ ਕਿ ਭਾਰਤ ਸਰਕਾਰ ਕਿਸੇ ਵਿਦੇਸ਼ੀ ਹਕੂਮਤ ਨਾਲ ਕਿਸ ਪ੍ਰਕਾਰ ਦੇ ਸੰਬੰਧ ਕਾਇਮ ਕਰੇ ਕੈਬਨਿਟ ਦੀ ਜ਼ਿੰਮੇਵਾਰੀ ਹੈ। ਸੋ ਵਿਦੇਸ਼ੀ ਹਕੂਮਤਾਂ ਨਾਲ ਦੋਸਤੀ ਅਤੇ ਆਪਸੀ ਵਿਉਪਾਰ ਦੀਆਂ ਧੰਦੀਆਂ ਕਰਨ ਅਤੇ ਸਫਾਰਤੀ ਸੰਬੰਧ ਕਾਇਮ ਕਰਨ ਬਾਰੇ ਕੈਬਨਿਟ ਮੁਕੰਮਲ ਤੌਰ ਤੇ ਸਮਰਥ ਹੈ। ਇਸੇ ਤਰ੍ਹਾਂ ਸਫਾਰਤੀ ਸੰਬੰਧ ਤੋੜਨਾ ਮੰਤਰੀ ਪਰਿਸ਼ਦ ਦੀ ਜ਼ਿੰਮੇਵਾਰੀ ਹੈ।

(ਹ) **ਰਾਸ਼ਟਰੀ ਸੁਰੱਖਿਆ (National Defence)** :- ਭਾਰਤ ਦੀ ਸੁਰੱਖਿਆ ਅਤੇ ਭਾਰਤੀ ਸੰਘ ਦੀ ਇਲਾਕਾਈ ਏਕਤਾ ਨੂੰ ਕਾਇਮ ਰੱਖਣਾ ਵੀ ਕੈਬਨਿਟ ਦੀ ਜ਼ਿੰਮੇਵਾਰੀ ਹੈ। ਇਸ ਮੰਤਵ ਲਈ ਕੈਬਨਿਟ ਨੂੰ ਭਾਰਤ ਦੀਆਂ ਸੁਰੱਖਿਆ ਫ਼ੌਜਾਂ (ਜ਼ਮੀਨੀ, ਹਵਾਈ ਅਤੇ ਸਮੁੰਦਰੀ) ਦੀ ਬਣਤਰ, ਕੰਟਰੋਲ ਅਤੇ ਵਰਤੋਂ ਬਾਰੇ ਪੂਰਨ ਅਧਿਕਾਰ ਹੈ। ਸਿਧਾਂਤਕ ਰੂਪ ਵਿਚ ਰਾਸ਼ਟਰਪਤੀ ਭਾਰਤੀ ਫੌਜਾਂ ਦਾ ਸੁਪਰੀਮ ਕਮਾਂਡਰ ਹੈ ਪਰ ਅਸਲ ਵਿਚ ਸੁਰੱਖਿਆ ਮੰਤਰਾਲਾ ਅਤੇ ਸੁਰੱਖਿਆ ਸੰਬੰਧੀ ਕੈਬਨਿਟ ਕਮੇਟੀ ਦਲ ਫੌਜਾਂ ਤੇ ਪੂਰਨ ਅਖਤਿਆਰ ਹੈ। ਹਥਿਆਰਬੰਦ ਫੌਜਾਂ ਨੂੰ ਤੈਨਾਤ ਕਰਨਾ ਮੁਕੰਮਲ ਤੌਰ ਤੇ ਕੈਬਨਿਟ ਦੇ ਅਖਿਤਆਰ ਵਿਚ ਹੈ।

(ਕ) **ਸੰਕਟ ਕਾਲ ਸਮੇਂ ਰਾਜਾਂ ਦੇ ਪ੍ਰਸ਼ਾਸਨ ਨੂੰ ਚਲਾਉਣ ਦਾ ਅਖਤਿਆਰ (Power of conducting State Administration in Emergency)** :- ਕੈਬਨਿਟ ਨੂੰ ਭਾਰਤੀ ਸੰਘ ਦੇ ਅਜਿਹੇ ਰਾਜਾਂ ਵਿਚ ਜਿਨ੍ਹਾਂ ਵਿਚ ਇਸ ਦੇ ਵਿਚਾਰ ਵਿਚ ਸੰਵਿਧਾਨ ਦਾ ਸਾਧਾਰਣ ਰੂਪ ਵਿਚ ਜਾਰੀ ਰਹਿਣਾ ਅਸੰਭਵ ਹੋ ਗਿਆ ਹੋਵੇ, ਸੰਘੀ ਢਾਂਚੇ ਨੂੰ ਸਥਾਪਿਤ, ਖਤਮ ਕਰਨ ਅਤੇ ਰਾਜ ਦੀ ਹਕੂਮਤ ਸਿੱਧੇ ਤੌਰ ਤੇ ਆਪਣੇ ਹੱਥਾਂ ਵਿਚ ਲੈਣ ਦਾ ਅਖਤਿਆਰ ਹੈ। ਸੰਘੀ ਕੈਬਨਿਟ ਇਸ ਅਧਿਕਾਰ ਦੀ ਉਦੋਂ ਵਰਤੋਂ ਕਰਦਾ ਹੈ ਜਦੋਂ ਰਾਜ ਵਿਚ ਸੰਕਟ ਪੈਦਾ ਹੋ ਜਾਵੇ।

ਅਸੀਂ ਦੇਖਿਆ ਹੈ ਕਿ ਨੀਤੀ ਨਿਰਮਾਣ ਦਾ ਕੰਮ ਕੈਬਨਿਟ ਕਰਦੀ ਹੈ। ਪਰ ਸਰਕਾਰੀ ਕੰਮਕਾਰ ਹੁਣ ਇਤਨਾ ਵਧ ਗਿਆ ਹੈ ਕਿ ਕੈਬਨਿਟ ਲਈ ਇਹ ਸੰਭਵ ਨਹੀਂ ਰਿਹਾ ਕਿ ਉਹ ਮਾਮਲੇ ਬਾਰੇ ਆਪ ਵਿਚਾਰ ਕਰ ਸਕੇ। ਇਸ ਲਈ ਕੈਬਨਿਟ-ਕਮੇਟੀ ਦਾ ਸਿਸਟਮ ਹੋਂਦ ਵਿਚ ਆ ਗਿਆ ਹੈ। ਇਹ ਕਮੇਟੀਆਂ ਕੈਬਨਿਟ ਨਾਲੋਂ ਛੋਟੀਆਂ ਹੁੰਦੀਆਂ ਹਨ ਕਿਉਂਕਿ ਆਮ ਤੌਰ ਤੇ ਇਨ੍ਹਾਂ ਦੇ ਪੰਜ ਜਾਂ ਛੇ ਮੈਂਬਰ ਹੁੰਦੇ ਹਨ ਇਹ ਵਿਸ਼ੇ ਅਨੁਸਾਰ ਬਣਾਈਆਂ ਜਾਂਦੀਆਂ ਹਨ ਜਿਵੇਂ ਕਿ ਸੁਰੱਖਿਆ ਸੰਬੰਧੀ, ਆਰਥਿਕ ਮਾਮਲਿਆਂ ਸੰਬੰਧੀ, ਖੇਤੀਬਾੜੀ ਦੀ ਉੱਨਤੀ ਬਾਰੇ ਆਦਿ ਅਤੇ ਇਨ੍ਹਾਂ ਦੇ ਮੈਂਬਰ ਉਹ ਮੰਤਰੀ ਵੀ ਹੁੰਦੇ ਹਨ ਜਿਨ੍ਹਾਂ ਕੋਲ ਸੰਬੰਧਿਤ ਪੋਰਟਫੋਲਿਓ ਹੁੰਦੇ ਹਨ। ਅਤਿ ਮਹੱਤਵਪੂਰਣ ਕਮੇਟੀਆਂ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰਦਾ ਹੈ। ਭਾਰਤ ਵਿਚ ਦੋ ਕਿਸਮ ਦੀਆਂ ਕੈਬਨਿਟ ਕਮੇਟੀਆਂ ਹਨ ਅਰਥਾਤ ਸਥਾਈ ਕਮੇਟੀਆਂ (Standing Committees) ਅਤੇ ਤਦ-ਅਰਥੀ ਕਮੇਟੀਆਂ (Adhoc Committees) ਤਦ-ਅਰਥੀ ਕਮੇਟੀਆਂ ਉਹ ਹੁੰਦੀਆਂ ਹਨ, ਜੋ ਤਦ-ਅਰਥੀ ਤੇ ਕਿਸੇ ਆਕਾਰ ਤੇ ਕਿਸੇ ਖਾਸ ਮਾਮਲੇ ਜਾਂ ਸੰਕਟ ਕਾਲ ਸਥਿਤੀ ਨਾਲ ਨਿਪਟਣ ਲਈ ਬਣਾਈਆਂ ਜਾਂਦੀਆਂ ਹਨ ਅਤੇ ਜਦੋਂ ਸਥਿਤੀ ਠੀਕ ਹੋ ਜਾਂਦੀ ਹੈ ਤਾਂ ਇਹ ਖਤਮ ਹੋ ਜਾਂਦੀ

ਹੈ। ਇਸ ਲਈ ਇਹਨਾਂ ਦੀ ਗਿਣਤੀ ਸਮੇਂ ਸਮੇਂ ਬਦਲਦੀ ਰਹਿੰਦੀ ਹੈ।

## 5.7 ਭਾਰਤੀ ਕੈਬਨਿਟ ਸਿਸਟਮ ਦੀਆਂ ਕੁਝ ਵਿਸ਼ੇਸ਼ਤਾਵਾਂ

**(Some Unique Features of the Indian Cabinet System)**

ਭਾਰਤੀ ਕੈਬਨਿਟ ਸਿਸਟਮ ਦੀਆਂ ਉਪਰੋਕਤ ਖੂਬੀਆਂ ਤੋਂ ਇਲਾਵਾ, ਜਿਹੜੀ ਕਿ ਬਰਤਾਨੀਆਂ, ਆਸਟਰੇਲੀਆ ਅਤੇ ਕੈਨੇਡਾ ਦੀਆਂ ਪ੍ਰਣਾਲੀਆਂ ਮਿਲਦੀਆਂ ਜੁਲਦੀਆਂ ਹਨ, ਕੁਝ ਹੋਰ ਵਿਸ਼ੇਸ਼ਤਾਵਾਂ ਵੀ ਹਨ ਜੋ ਵਿਸ਼ੇਸ਼ ਰੂਪ ਭਾਰਤ ਦੀ ਕੈਬੇਨਿਟ ਪ੍ਰਣਾਲੀ ਵਿਚ ਹੀ ਹਨ। ਇਹ ਵਿਸ਼ੇਸ਼ਤਾਵਾਂ ਨਿਮਨ ਅਨੁਸਾਰ ਹਨ :-

1 ਬ੍ਰਿਟੇਨ ਵਿਚ ਕਾਮਨਵੈਲਥ ਦੇ ਯੂਰਪੀਅਨ ਦੇਸ਼ਾਂ ਵਿਚ ਮੰਤਰੀ ਮੰਡਲ ਦੀ ਪਾਰਲੀਮੈਂਟ ਪ੍ਰਤੀ ਜ਼ਿੰਮੇਵਾਰੀ ਕੇਵਲ ਪ੍ਰਥਾਵਾਂ ਤੇ ਆਧਾਰਿਤ ਹੈ। ਜਦੋਂ ਕਿ ਭਾਰਤ ਵਿਚ ਇਸ ਦਾ ਉਪਬੰਧ ਸੰਵਿਧਾਨ ਦੇ 75 ਅਨੁਛੇਦ ਦੁਆਰਾ ਕੀਤਾ ਗਿਆ।

2 ਭਾਰਤ ਵਿਚ ਕੈਬਨਿਟ ਦੇ ਮੈਂਬਰਾਂ ਦੀਆਂ ਨਿਯੁਕਤੀਆਂ ਕਰਨ, ਮੰਤਰੀਆਂ ਵਿਚ ਸਰਕਾਰ ਦੇ ਕੰਮ ਦੀ ਵੰਡ ਕਰਨ ਅਤੇ ਕੰਮ ਨੂੰ ਸੁਵਿਧਾ ਪੂਰਵਕ ਚਲਾਉਣ ਲਈ ਨਿਯਮ ਬਣਾਉਣ ਦਾ ਅਧਿਕਾਰ ਰਾਸ਼ਟਰਪਤੀ ਪਾਸ ਹੈ ਭਾਵੇਂ ਅਸਲ ਵਿਚ ਰਾਸ਼ਟਰਪਤੀ ਇਹ ਕੰਮ ਮੰਤਰੀ ਮੰਡਲ ਦੀ ਸਲਾਹ ਨਾਲ ਕਰਦਾ ਹੈ। ਪਰ ਕਾਨੂੰਨੀ ਤੌਰ ਤੇ ਇਹ ਅਧਿਕਾਰ ਉਸੇ ਦਾ ਹੈ ਜਦ ਕਿ ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਅਜਿਹਾ ਨਹੀਂ ਹੈ। ਬ੍ਰਿਟੇਨ ਵਿਚ ਪ੍ਰਧਾਨ ਮੰਤਰੀ ਆਪਣੇ ਕੈਬਨਿਟ ਸਾਥੀਆਂ ਦੀ ਆਪ ਹੀ ਚੋਣ ਕਰਦਾ ਹੈ ਤੇ ਆਪ ਹੀ ਉਨ੍ਹਾਂ ਵਿਚ ਵਿਭਾਗਾਂ ਦੀ ਵੰਡ ਕਰਦਾ ਹੈ।

3 ਇੰਗਲੈਂਡ ਵਿਚ ਮੰਤਰੀ ਨੂੰ ਉਸ ਸਦਨ ਵਿਚ ਬੈਠਣ ਦਾ ਅਧਿਕਾਰ ਨਹੀਂ ਜਿਸ ਦਾ ਉਹ ਮੈਂਬਰ ਨਹੀਂ ਪਰ ਭਾਰਤ ਵਿਚ ਆਮ ਤੌਰ ਤੇ ਮੰਤਰੀਆਂ ਨੂੰ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਬੈਠਣ ਅਤੇ ਉਹਨਾਂ ਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਖੁੱਲ੍ਹ ਹੈ। ਉਹ ਦੋਹਾਂ ਸਦਨਾਂ ਦੀ ਕਾਰਵਾਈ ਵਿਚ ਭਾਗ ਲੈ ਸਕਦੇ ਹਨ, ਪਰ ਵੋਟ ਸਿਰਫ ਉਸ ਸਦਨ ਵਿਚ ਹੀ ਦੇ ਸਕਦੇ ਹਨ ਜਿਸ ਦੇ ਕਿ ਉਹ ਮੈਂਬਰ ਹੋਣ।

4 ਬ੍ਰਿਟੇਨ ਵਿਚ ਕੈਬਨਿਟ ਬਾਦਸ਼ਾਹ ਅੱਗੇ ਇਕ ਇਕਾਈ ਦੇ ਤੌਰ ਤੇ ਪੇਸ਼ ਹੁੰਦੀ ਹੈ। ਸਰਕਾਰ ਦੇ ਸਾਰੇ ਫੈਸਲੇ ਕੈਬਨਿਟ ਦੇ ਫੈਸਲੇ ਸਮਝੇ ਜਾਂਦੇ ਹਨ। ਭਾਵੇਂ ਉਹ ਕਿਸੇ ਮੰਤਰੀ ਨੇ ਵਿਅਕਤੀਗਤ ਰੂਪ ਵਿਚ ਕੀਤੇ ਹੋਣ। ਭਾਰਤੀ ਸੰਵਿਧਾਨ ਵਿਚ ਕੈਬਨਿਟ ਦੁਆਰਾ ਕੀਤੇ ਗਏ ਫੈਸਲਿਆਂ ਅਤੇ ਮੰਤਰੀਆਂ ਦੁਆਰਾ ਵਿਅਕਤੀਗਤ ਰੂਪ ਵਿਚ ਕੀਤੇ ਗਏ ਫੈਸਲਿਆਂ ਵਿਚ ਫਰਕ ਰਖਿਆ ਗਿਆ। ਅਨੁਛੇਦ 78 ਅਨੁਸਾਰ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਕਿਸੇ ਅਜਿਹੇ ਮਾਮਲੇ ਨੂੰ ਕੈਬਨਿਟ ਵਿਚ ਪੇਸ਼ ਕਰਨ ਵਾਸਤੇ ਕਹਿ ਸਕਦਾ ਹੈ ਜਿਸ ਤੋਂ ਪਹਿਲਾਂ ਕਿਸੇ ਮੰਤਰੀ ਨੇ ਵਿਅਕਤੀਗਤ ਰੂਪ ਵਿਚ ਕਾਰਵਾਈ ਕੀਤੀ ਹੋਵੇ। ਇਸ ਦਾ ਮਤਲਬ ਇਹ ਵੀ ਹੁੰਦਾ ਹੈ ਕਿ ਰਾਸ਼ਟਰਪਤੀ ਨੂੰ ਇਹ ਜਾਨਣ ਦਾ ਵੀ ਅਧਿਕਾਰ ਹੈ ਕੋਈ ਫੈਸਲਾ ਕੈਬਨਿਟ ਨੇ ਸਮੁੱਚੇ ਰੂਪ ਵਿਚ ਕੀਤਾ ਹੈ ਜਾਂ ਕਿਸੇ ਮੰਤਰੀ ਨੇ ਵਿਅਕਤੀਗਤ ਰੂਪ ਵਿਚ। ਬ੍ਰਿਟੇਨ ਵਿਚ ਬਾਦਸ਼ਾਹ ਪਾਸ ਅਜਿਹਾ ਕੋਈ ਅਧਿਕਾਰ ਨਹੀਂ।

## 5.8 ਕੈਬਨਿਟ ਅਤੇ ਪਾਰਲੀਮੈਂਟ ਵਿੱਚ ਸੰਬੰਧ

ਭਾਵੇਂ ਕੈਬਨਿਟ ਪਾਰਲੀਮੈਂਟ ਦੀ ਉਪਜ ਹੈ। ਇਹ ਸੰਸਦੀ ਲੋਕਤੰਤਰ ਖੇਡ ਦੇ ਨਿਯਮ ਹਨ। ਸਿਧਾਂਤਕ ਰੂਪ ਵਿਚ ਰਾਸ਼ਟਰਪਤੀ ਲੋਕ ਸਭਾ ਦਾ ਬਹੁ-ਗਿਣਤੀ ਵਾਲੀ ਪਾਰਟੀ ਵਿਚੋਂ ਕੈਬਨਿਟ ਦੀ ਨਿਯੁਕਤੀ ਕਰਦਾ ਹੈ ਜੋ ਸਮੂਹਿਕ ਅਤੇ ਵਿਅਕਤੀਗਤ ਰੂਪ ਵਿਚ ਲੋਕ ਸਭਾ ਨੂੰ ਜਵਾਬਦੇਹ ਹੈ। ਇਸ ਲਈ ਸਰਕਾਰ ਦੀ ਹਰੇਕ ਕਾਰਵਾਈ ਵਾਸਤੇ ਕੈਬਨਿਟ ਨੂੰ ਪਾਰਲੀਮੈਂਟ ਦੀ ਮਨਜ਼ੂਰੀ ਮੰਗਣੀ ਪੈਂਦੀ ਹੈ ਜਦੋਂ ਕਦੇ ਪਾਰਲੀਮੈਂਟ ਸਰਕਾਰ ਦੀਆਂ ਕਾਰਵਾਈਆਂ ਨੂੰ ਨਾ-ਮਨਜ਼ੂਰ ਕਰ ਦੇਵੇ ਤਾਂ ਕੈਬਨਿਟ ਨੂੰ ਅਸਤੀਫਾ ਦੇਣਾ ਪੈਂਦਾ ਹੈ।

ਐਪਰ ਅਮਲੀ ਤੌਰ ਤੇ ਕੈਬਨਿਟ ਪਾਰਲੀਮੈਂਟ ਦੀ ਸੰਚਾਲਕ ਕਮੇਟੀ ਦੇ ਤੌਰ ਤੇ ਕੰਮ ਕਰਦੀ ਹੈ। ਜਦੋਂ ਤਕ ਬਹੁ-ਗਿਣਤੀ ਵਾਲੀ ਪਾਰਟੀ ਦਾ ਸਦਨ ਵਿਚ ਬਹੁ-ਮੱਤ ਰਹਿੰਦਾ ਹੈ ਅਤੇ ਜਦੋਂ ਤਕ ਪ੍ਰਧਾਨ ਮੰਤਰੀ ਨੂੰ ਆਪਣੀ ਪਾਰਟੀ ਦਾ ਵਿਸ਼ਵਾਸ ਪ੍ਰਾਪਤ ਹੁੰਦਾ ਹੈ, ਕੈਬਨਿਟ ਨੂੰ ਪਾਰਲੀਮੈਂਟ ਵਿਚ ਬਹੁ-ਗਿਣਤੀ ਦਾ ਸਮਰਥਨ ਪ੍ਰਾਪਤ ਹੁੰਦਾ ਹੈ ਅਤੇ ਜਦੋਂ ਤਕ ਇਸ ਦੀ ਲੀਡਰਸ਼ਿਪ ਮਜ਼ਬੂਤ ਹੱਥਾਂ ਵਿਚ ਹੁੰਦੀ ਹੈ, ਉਦੋਂ ਤੱਕ ਕੈਬਨਿਟ ਪਾਰਲੀਮੈਂਟ ਤੇ ਉਵੇਂ ਹੀ ਰਾਜ ਕਰਦੀ ਹੈ ਜਿਵੇਂ ਸਾਰੇ ਦੇਸ਼ ਤੇ ਭਾਰਤ ਪੰਡਿਤ ਨਹਿਰੂ ਦੇ ਸਮੇਂ ਤੱਕ ਮੰਤਰੀ ਮੰਡਲ ਪੂਰੀ ਤਰ੍ਹਾਂ ਨਾਲ

ਪਾਰਲੀਮੈਂਟ ਤੇ ਛਾਇਆ ਰਿਹਾ। ਚੌਥੀਆਂ ਆਮ ਚੋਣਾਂ ਤੋਂ ਪਿਛੋਂ ਪਾਰਟੀ ਦੀ ਬਹੁ-ਗਿਣਤੀ ਬਹੁਤ ਘੱਟ ਸੀ ਅਤੇ ਇਸ ਲਈ ਪਾਰਲੀਮੈਂਟ ਉਤੇ ਉਸ ਦੀ ਪਕੜ ਢਿੱਲੀ ਪੈ ਗਈ। ਪਰ 1971 ਵਿਚ ਹੋਈਆਂ ਆਮ ਚੋਣਾਂ ਵਿਚ ਕਾਂਗਰਸ ਨੂੰ ਫਿਰ ਸਪੱਸ਼ਟ ਬਹੁਮਤ ਪ੍ਰਾਪਤ ਹੋਣ ਨਾਲ ਕੈਬਨਿਟ ਦੀ ਸਥਿਤੀ ਫਿਰ ਮਜ਼ਬੂਤ ਹੋ ਗਈ ਸੀ। ਅੱਜ ਐਪਰ, ਭਾਰਤ ਵਿਚ ਕੈਬਨਿਟ ਪਾਰਲੀਮੈਂਟ ਦੇ ਸੰਬੰਧ ਦੀ ਖਾਸ ਖੂਬੀ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਵੀ, ਜਦੋਂ ਕਾਂਗਰਸ ਪਾਰਲੀਮੈਂਟ ਤੇ ਵੀ ਛਾਈ ਹੋਈ ਸੀ (ਸਿਵਾਏ ਅੰਦਰੂਨੀ ਐਮਰਜੈਂਸੀ ਦੇ ਸਮੇਂ ਤੋਂ) ਕੈਬਨਿਟ ਮਨਮਾਨੀ ਕਾਰਵਾਈਆਂ ਨਹੀਂ ਕਰ ਸਕੀ। ਕੁਝ ਵੀ ਹੋਵੇ ਸਚਾਈ ਤਾਂ ਇਹ ਹੈ ਕਿ ਪਾਰਲੀਮੈਂਟ ਹੀ ਹੈ, ਜੋ ਸਰਕਾਰ ਨੂੰ ਆਪਣੇ ਤੌਰ ਤਰੀਕੇ ਬਦਲਣ ਅਤੇ ਲੋਕ ਰਾਇ ਵੱਲ ਧਿਆਨ ਦੇਣ ਤੇ ਮਜਬੂਰ ਹੋਣਾ ਪਿਆ ਹੈ, ਜਿਵੇਂ ਬੰਬਈ ਰਾਜ ਦਾ ਮਹਾਰਾਸ਼ਟਰ ਤੇ ਗੁਜਰਾਤ ਵਿਚ ਵੰਡੇ ਜਾਣਾ ਵਿੱਤ ਬਿਲਾਂ ਵਿਚ ਤਬਦੀਲੀ ਕਰਨਾ, ਨੀਤੀ ਵਿਚ ਤਬਦੀਲੀ ਆਦਿ।

ਭਾਰਤ ਵਿਚ ਪਾਰਲੀਮੈਂਟ ਸਿਸਟਮ ਦੇ ਦੋ ਹੋਰ ਵਿਸ਼ੇਸ਼ ਲੱਛਣ ਹਨ, ਉਹ ਵਿਅਕਤੀ ਵੀ, ਜੋ ਕਿ ਪਾਰਲੀਮੈਂਟ ਦਾ ਮੈਂਬਰ ਨਹੀਂ ਮੰਤਰੀ ਬਣ ਸਕਦਾ ਹੈ ਪਰ ਵੱਧ ਤੋਂ ਵੱਧ ਛੇ ਮਹੀਨੇ ਤੇ ਅਰਸੇ ਲਈ, ਜੇਕਰ ਇਨ੍ਹਾਂ ਛੇ ਮਹੀਨਿਆਂ ਦੇ ਦੌਰਾਨ ਉਹ ਦੋਹਾਂ ਸਦਨਾਂ ਵਿਚੋਂ ਕਿਸੇ ਇਕ ਲਈ ਚੁਣਿਆ ਨਹੀਂ ਜਾਂਦਾ ਜਾਂ ਰਾਜ ਸਭਾ ਵਿਚ ਨਾਮਜ਼ਦ ਨਹੀਂ ਹੋ ਜਾਂਦਾ ਤਾਂ ਉਹ ਮੰਤਰੀ ਨਹੀਂ ਰਹਿ ਸਕਦਾ। ਦੂਜਾ, ਮੰਤਰੀ ਭਾਵੇਂ ਸਦਨ ਦਾ ਮੈਂਬਰ ਹੋਵੇ ਜਾਂ ਨਾ ਸਦਨ ਵਿਚ ਹਾਜ਼ਰ ਹੋ ਸਕਦਾ ਹੈ ਅਤੇ ਕਾਰਵਾਈ ਵਿਚ ਹਿੱਸਾ ਲੈ ਸਕਦਾ ਪਰ ਉਹ ਸਿਵਾਏ ਉਸ ਸਦਨ ਦੇ ਜਿਸ ਦਾ ਕਿ ਉਹ ਮੈਂਬਰ ਹੋਵੇ, ਵੋਟ ਨਹੀਂ ਦੇ ਸਕਦਾ।

ਸਮੁੱਚੇ ਤੌਰ ਤੇ ਕੈਬਨਿਟ ਅਤੇ ਪਾਰਲੀਮੈਂਟ ਵਿਚਕਾਰ ਸੰਬੰਧ ਮਿਲਵਰਤੋਂ ਵਾਲੇ ਅਤੇ ਚੰਗੇ ਰਹੇ ਹਨ, ਜਿਸ ਨਾਲ ਲੋਕ ਰਾਜ ਦੇ ਸਫਲ ਹੋਣ ਵਿਚ ਸਹਾਇਤਾ ਮਿਲਦੀ ਹੈ।

### ਸਵੈ-ਅਭਿਆਸ ਪ੍ਰਸ਼ਨਾਵਲੀ-।।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਕੈਬਨਿਟ ਦੀਆਂ ਕੋਈ ਦੋ ਸ਼ਕਤੀਆਂ ਦਾ ਉਲੇਖ ਕਰੋ।

2) ਕੈਬਨਿਟ ਅਤੇ ਪਾਰਲੀਮੈਂਟ ਵਿੱਚ ਸਬੰਧ ਉਪਰ 5 ਲਾਈਨਾਂ ਲਿਖੋ।

## 5.9 ਪ੍ਰਸ਼ਾਸਕੀ ਢਾਂਚੇ ਵਿਚ ਕੈਬਨਿਟ ਦਾ ਸਥਾਨ
## (Place of the Cabinet in Administrative Set-up)

ਭਾਰਤੀ ਪ੍ਰਸ਼ਾਸਕੀ ਢਾਂਚੇ ਵਿਚ ਕੈਬਨਿਟ ਦਾ ਕੇਂਦਰੀ ਸਥਾਨ ਹੈ। ਇਹ ਪਾਲਿਸੀ ਬਣਾਉਣ ਵਾਲੀ ਮੁੱਖ ਏਜੰਸੀ ਹੈ, ਪ੍ਰਸ਼ਾਸਨ ਦਾ ਮੁੱਖ ਸੰਚਾਲਨ ਅਤੇ ਦੇਸ਼ ਦੇ ਅੰਦਰ ਤੇ ਬਾਹਰ ਭਾਰਤ ਸਰਕਾਰ ਦੇ ਹਿੱਤਾਂ ਦੀ ਮੁੱਖ ਸੁਰੱਖਿਅਕ ਹੈ। ਕੇਂਦਰੀ ਪ੍ਰਸ਼ਾਸਨ ਵਿਚ ਇਸ ਦੇ ਕਰਤੱਵਾਂ ਦਾ ਅਧਿਐਨ ਚਾਰ ਮੁੱਖ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ।

ਪਹਿਲਾ ਕਾਨੂੰਨ ਸਾਜ਼ੀ ਵਾਸਤੇ ਸਾਰੀਆਂ ਤਜਵੀਜ਼ਾਂ, ਜਿਨ੍ਹਾਂ ਵਿਚ ਭਾਰਤ ਸਰਕਾਰ ਦੀਆਂ ਨੀਤੀਆਂ ਵੀ ਸ਼ਾਮਲ ਹਨ ਕੈਬਨਿਟ ਕੋਲ ਮਨਜ਼ੂਰੀ ਵਾਸਤੇ ਪੇਸ਼ ਹੁੰਦੀਆਂ ਹਨ। ਜਦੋਂ ਤਕ ਕੈਬਨਿਟ ਇਨ੍ਹਾਂ ਦੀ ਮਨਜ਼ੂਰੀ ਨਾ ਦੇਵੇ, ਇਨ੍ਹਾਂ ਨੂੰ ਪਾਰਲੀਮੈਂਟ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਵਿਚ ਸ਼ੱਕ ਨਹੀਂ ਕਿ ਪਾਰਲੀਮੈਂਟ ਦੇ ਪ੍ਰਾਈਵੇਟ ਮੈਂਬਰਾਂ ਨੂੰ ਸੂਦਨ ਵਿਚ ਬਿਲ ਜਾਂ ਮਤਾ ਪੇਸ਼ ਕਰਨ ਦਾ ਨੋਟਿਸ ਦੇਣ ਦਾ ਹੱਕ ਹੈ ਪਰ ਵਾਸਤਵ ਵਿਚ ਅਜਿਹੇ ਬਿਲ ਦਾ ਪੇਸ਼ ਕੀਤੇ ਜਾਣਾ ਅਤੇ ਪਾਸ ਕਰਕੇ ਇਸ ਨੂੰ ਅਪਣਾਉਣਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕੈਬਨਿਟ ਦਾ ਰਵੱਈਆ ਇਹਦੇ ਵੱਲ ਕਿਹੋ ਜਿਹਾ ਹੈ। ਕਿਸੇ ਵੀ ਅਜਿਹੇ ਬਿਲ ਦਾ ਪਾਸ ਹੋਣਾ ਸੰਭਵ ਨਹੀਂ ਜਿਸ ਦਾ ਉਹ ਵਿਰੋਧ ਕਰਦੀ ਹੋਵੇ।

ਦੂਜਾ, ਸਾਰੀਆਂ ਮੁੱਖ ਨਿਯੁਕਤੀਆਂ ਕੈਬਨਿਟ ਹੀ ਕਰਦੀ ਹੈ। ਭਾਰਤ ਦੇ ਸਫਾਰਤੀ ਪ੍ਰਤੀਨਿਧ, ਸੁਰੱਖਿਆ ਫੌਜਾਂ ਦੇ ਚੀਫ਼ ਅਤੇ ਡਿਪਟੀ ਕਮਾਂਡਰ ਸਾਰੇ ਸਕੱਤਰ ਤੇ ਉਨ੍ਹਾਂ ਦੇ ਡਿਪਟੀ ਅਤੇ ਵਿਭਾਗਾਂ ਦੇ ਮੁੱਖੀ ਅਤੇ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜ ਕੈਬਨਿਟ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ।

ਤੀਜਾ, ਕੈਬਨਿਟ ਕੇਂਦਰੀ ਪ੍ਰਸ਼ਾਸਨ ਵਿਚ ਤਾਲਮੇਲ ਅਤੇ ਕੰਟਰੋਲ ਦੀ ਮੁੱਖ ਏਜੰਸੀ ਹੈ। ਸਾਰੀਆਂ ਅੰਤਰ-ਵਿਭਾਗੀ ਸਰਗਰਮੀਆਂ ਦਾ ਤਾਲਮੇਲ ਕੈਬਨਿਟ ਦੇ ਪੱਧਰ ਤੇ ਹੁੰਦਾ ਹੈ। ਇਸ ਤਰ੍ਹਾਂ ਸਾਰੇ ਅੰਤਰ ਵਿਭਾਗੀ ਝਗੜੇ ਅਤੇ ਵਿਤਕਰੇ ਕੈਬਨਿਟ ਪੱਧਰ ਤੇ ਹੀ ਨਿਪਟਾਏ ਜਾਂਦੇ ਹਨ। ਨਿਰਸੰਦੇਹ, ਕੈਬਨਿਟ ਨੂੰ ਇਨ੍ਹਾਂ ਕਰਤੱਵਾਂ ਦੀ

ਪਾਲਣਾ ਵਿਚ ਸਹਾਇਤਾ ਦੇਣ ਲਈ ਕੈਬਨਿਟ ਸਕੱਤਰੇਤ, ਜਿਸ ਦਾ ਮੁੱਖ ਇਕ ਸੀਨੀਅਰ ਕਰਮਚਾਰੀ ਹੁੰਦਾ ਹੈ ਜਿਸ ਦਾ ਰੁਤਬਾ ਕੈਬਨਿਟ ਸਕੱਤਰ ਦਾ ਹੁੰਦਾ ਹੈ। ਕੈਬਨਿਟ ਸਕੱਤਰ ਕੰਨਾਂ, ਅੱਖਾਂ ਅਤੇ ਹੱਥਾਂ ਦਾ ਕੰਮ ਕਰਦਾ ਹੈ ਅਤੇ ਸਰਕਾਰ ਦੀਆਂ ਵੱਖ ਵੱਖ ਏਜੰਸੀਆਂ ਦੀ ਨਿਗਰਾਨੀ ਅਤੇ ਇਨ੍ਹਾਂ ਦੇ ਕੰਮਾਂ ਵਿਚ ਕੈਬਨਿਟ ਦੀ ਸਹਾਇਤਾ ਕਰਦੀ ਹੈ।

ਅੰਤ ਵਿਚ ਕੈਬਨਿਟ ਵੱਖ ਵੱਖ ਏਜੰਸੀਆਂ ਅਤੇ ਸੇਵਾਵਾਂ ਦੇ ਭਿੰਨ ਭਿੰਨ ਹਿੱਤਾਂ ਦਾ ਅੰਤਿਮ ਸਾਲਿਸ ਵੀ ਹੈ। ਜਦੋਂ ਇਨ੍ਹਾਂ ਏਜੰਸੀਆਂ ਅਤੇ ਗਰੁੱਪਾਂ ਵਲੋਂ ਵਿਰੋਧੀ ਦਾਅਵੇ ਕੀਤੇ ਜਾਂਦੇ ਹਨ ਤਾਂ ਅੰਤਿਮ ਫੈਸਲਾ ਕੈਬਨਿਟ ਕਰਦਾ ਹੈ।

ਇਸ ਤਰ੍ਹਾਂ ਕੈਬਨਿਟ ਭਾਰਤੀ ਪ੍ਰਸ਼ਾਸਨ ਵਿਚ ਕੇਂਦਰੀ ਨੁਕਤਾ ਹੈ। ਇਸ ਹਕੀਕਤ ਦੇ ਬਾਵਜੂਦ ਕਿ ਭਾਰਤ ਇਕ ਸੰਘ ਰਾਜ ਪ੍ਰਬੰਧ ਹੈ ਇਸ ਵਿਚ ਪ੍ਰਸ਼ਾਸਨ ਦੇ ਵਿਕੇਂਦਰੀਕਰਣ ਦਾ ਸਿਸਟਮ ਲਾਗੂ ਹੈ, ਕੈਬਨਿਟ ਵਿਸ਼ਾਲ ਸ਼ਕਤੀਆਂ ਅਤੇ ਮਹਾਨ ਅਧਿਕਾਰਾਂ ਦਾ ਮਾਲਕ ਹੈ।

### 5.10 ਸਾਰਾਂਸ਼ :

ਇਸ ਪਾਠ ਵਿਚ ਅਸੀਂ ਭਾਰਤ ਦੀ ਪਾਰਲੀਮੈਂਟਰੀ ਪ੍ਰਣਾਲੀ ਬਾਰੇ ਪੜ੍ਹਿਆ ਹੈ। ਅਸਲ ਵਿਚ ਭਾਰਤ ਵਿਚ ਕਾਰਜਕਾਰੀ ਸ਼ਕਤੀ ਮੰਤਰੀ ਪਰਿਸ਼ਦ ਪਾਸ ਹੈ। ਰਾਸ਼ਟਰਪਤੀ ਤਾਂ ਇਕ ਨਾਂ ਮਾਤਰ ਦਾ ਸੰਵਿਧਾਨਕ ਮੁੱਖੋਟਾ ਹੈ ਜੋ ਮੰਤਰੀ ਪਰਿਸ਼ਦ ਦੀ ਸਲਾਹ ਨਾਲ ਕੰਮ ਕਰਦਾ ਹੈ। ਮੰਤਰੀ ਪਰਿਸ਼ਦ ਰਾਜ ਦੀ ਨੀਤੀ ਬਣਾਉਂਦਾ ਹੈ, ਇਸ ਨੂੰ ਸੰਸਦ ਵਿਚ ਪਾਸ ਕਰਾਉਂਦਾ ਹੈ ਅਤੇ ਇਸ ਨੂੰ ਅਮਲ ਵਿਚ ਲਿਆਉਂਦਾ ਹੈ। ਵਿੱਤੀ ਮਾਮਲੇ, ਦੇਸ਼ ਦਾ ਬਜਟ, ਦੇਸ਼ ਦੀ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਵੱਡੀਆਂ ਵੱਡੀਆਂ ਨਿਯੁਕਤੀਆਂ ਕਰਨਾ ਵੀ ਮੰਤਰੀ ਪਰਿਸ਼ਦ ਦੇ ਅਧਿਕਾਰ ਵਿਚ ਹੈ। ਭਾਵੇਂ ਮੰਤਰੀ ਪਰਿਸ਼ਦ ਸੰਸਦ ਪ੍ਰਤੀ ਜੁਆਬਦੇਹ ਹੁੰਦਾ ਹੈ, ਪਰ ਵੇਖਿਆ ਜਾਵੇ ਤਾਂ ਅਸਲ ਵਿਚ ਮੰਤਰੀ ਪਰਿਸ਼ਦ ਹੀ ਸੰਸਦ ਉਤੇ ਛਾਇਆ ਹੁੰਦਾ ਹੈ। ਪ੍ਰਸ਼ਾਸਨ ਵਿਚ ਇਸ ਦਾ ਕੇਂਦਰੀ ਸਥਾਨ ਹੈ ਅਤੇ ਇਹੀ ਦੇਸ਼ ਦਾ ਅਸਲੀ ਸ਼ਾਸਕ ਹੈ।

### 5.11 ਸ਼ਬਦਾਵਲੀ :

ਮੰਤਰੀ ਪਰਿਸ਼ਦ –ਜਿਸਨੂੰ ਅੰਗਰੇਜ਼ੀ ਵਿੱਚ Council of Ministers ਕਿਹਾ ਜਾਂਦਾ ਹੈ, ਇਹ ਕਾਫੀ ਵੱਡੀ ਹੁੰਦੀ ਹੈ ਅਤੇ ਇਸ ਵਿੱਚ ਚਾਰ ਤਰ੍ਹਾਂ ਦੇ ਮੰਤਰੀ ਪਾਏ ਜਾਂਦੇ ਹਨ। ਸਭ ਤੋਂ ਉਪਰ ਕੈਬਨਿਟ ਰੈਂਕ ਦੇ, ਫਿਰ ਮਿਨਿਸਟਰ ਆਫ਼ ਸਟੇਟ ਰੈਂਕ ਦੇ ਮੰਤਰੀ, ਡਿਪਟੀ ਮੰਤਰੀ ਅਤੇ ਅੰਤ ਵਿੱਚ ਪਾਰਲੀਮੈਂਟਰੀ ਸਕੱਤਰ।

ਮੰਤਰੀ ਮੰਡਲ – ਜਿਸ ਨੂੰ ਅੰਗਰੇਜ਼ੀ ਵਿੱਚ ਕੈਬਨਿਟ ਕਿਹਾ ਜਾਂਦਾ ਹੈ, ਇਸ ਵਿੱਚ ਪ੍ਰਧਾਨ ਮੰਤਰੀ ਅਤੇ ਕੇਵਲ ਕੈਬਨਿਟ ਰੈਂਕ ਦੇ ਮੰਤਰੀ ਹੀ ਸ਼ਾਮਿਲ ਹਨ।

### 5.12 ਸੁਝਾਈਆਂ ਗਈਆਂ ਪੁਸਤਕਾਂ :


ਸ਼ਰਮਾ ਐਮ.ਪੀ. – ਲੋਕ ਪ੍ਰਸ਼ਾਸਨ
ਹਰਬੀਰ ਸਿੰਘ – ਭਾਰਤੀ ਪ੍ਰਸ਼ਾਸਨ
ਨੰਦਾ ਐਸ.ਐਸ. – ਭਾਰਤੀ ਰਾਜਨੀਤਕ ਪ੍ਰਣਾਲੀ
ਘਈ ਯੂ.ਆਰ. – ਭਾਰਤੀ ਰਾਜਨੀਤਕ ਪ੍ਰਣਾਲੀ
ਸੰਸਾਰ ਸਿੰਘ – ਭਾਰਤੀ ਪ੍ਰਸ਼ਾਸਨ
ਪੂਰੀ ਕੇ.ਕੇ. – ਭਾਰਤੀ ਪ੍ਰਸ਼ਾਸਨ


### 5.13 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉੱਤਰ :

**ਪ੍ਰਸ਼ਨਾਵਲੀ-।**

1) ਪਾਠ ਵਿੱਚ 5.4 ਨੰਬਰ 'ਤੇ 'ਕੈਬਨਿਟ ਸ਼ਬਦ ਦਾ ਮੂਲ' ਟਾਈਟਲ ਅਧੀਨ ਇਸ ਸ਼ਬਦ ਦਾ ਅਰਥ ਸਪੱਸ਼ਟ ਕੀਤਾ ਗਿਆ ਹੈ। ਸ਼ਬਦਾਵਲੀ (5.11) ਵਿੱਚ ਵੀ ਇਸ ਦਾ ਅਰਥ ਦੱਸਿਆ ਗਿਆ ਹੈ।

2) ਕੈਬਨਿਟ ਸਿਸਟਮ ਦੀਆਂ ਵਿਸ਼ੇਸ਼ਤਾਵਾਂ (5.5) ਅਧੀਨ ਕਈ ਵਿਸ਼ੇਸ਼ਤਾਵਾਂ ਦਾ ਉਲੇਖ ਕੀਤਾ

ਗਿਆ ਹੈ। ਉਨ੍ਹਾਂ ਨੂੰ ਪੜ੍ਹ ਕੇ ਅਤੇ ਸਮਝ ਕੇ ਕੋਈ ਦੋ ਲਿਖੋ।

3) ਇਹ ਅੰਤਰ 5.3 ਵਿੱਚ ਦਿੱਤੀ ਪਾਠ ਸਮੱਗਰੀ ਵਿੱਚ ਸਪੱਸ਼ਟ ਕੀਤਾ ਗਿਆ ਹੈ।

### ਪ੍ਰਸ਼ਨਾਵਲੀ-।।

1) ਪਾਠ ਵਿੱਚ 5.6 ਹੇਠ ਕੈਬਨਿਟ ਦੀਆਂ ਵੱਖ-ਵੱਖ ਸ਼ਕਤੀਆਂ ਦਾ ਉਲੇਖ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਕੋਈ ਦੋ ਦੱਸੋ।

2) 5.8 ਹੇਠ ਦਿੱਤੀ ਪਾਠ ਸਮੱਗਰੀ ਨੂੰ ਧਿਆਨ ਨਾਲ ਪੜ੍ਹੋ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ, ਆਪਣੇ ਸ਼ਬਦਾਂ ਵਿੱਚ ਪੰਜ ਕੁ ਲਾਈਨਾਂ ਵਿੱਚ ਪਾਰਲੀਮੈਂਟ ਅਤੇ ਕੈਬਨਿਟ ਦੇ ਵਿਚਕਾਰ ਸੰਬੰਧ ਦਾ ਉਲੇਖ ਕਰੋ।

ਪਾਠ ਨੰਬਰ-1.6 ਰੂਪਾਂਤਰਿਤ ਕਰਤਾ : ਰਵਨੀਤ ਕੌਰ

# ਭਾਰਤੀ ਸੰਸਦ
## (Parliament of India)

**ਰੂਪ-ਰੇਖਾ** :

6.0 ਉਦੇਸ਼
6.1 ਭੂਮਿਕਾ
6.2 ਲੋਕ ਸਭਾ
6.3 ਚੋਣ ਪ੍ਰਣਾਲੀ
6.4 ਚੋਣ ਲੜਨ ਲਈ ਲੋੜੀਂਦੀਆਂ ਯੋਗਤਾਵਾਂ
6.5 ਲੋਕ ਸਭਾ ਦੀ ਮਿਆਦ
6.6 ਲੋਕ ਸਭਾ ਦੇ ਮੈਂਬਰ ਦੇ ਅਧਿਕਾਰ
6.7 ਲੋਕ ਸਭਾ ਦੀਆਂ ਸ਼ਕਤੀਆਂ
6.8 ਰਾਜ ਸਭਾ
 6.8.1 ਚੋਣ ਪ੍ਰਕਿਰਿਆ
 6.8.2 ਅਧਿਅਕਸ਼
6.9 ਰਾਜ ਸਭਾ ਦੀਆਂ ਸ਼ਕਤੀਆਂ
6.10 ਭਾਰਤੀ ਸੰਸਦ ਦੀ ਸਥਿਤੀ
6.11 ਸਾਰਾਂਸ਼
6.12 ਸ਼ਬਦਾਵਲੀ
6.13 ਸੁਝਾਈਆਂ ਗਈਆਂ ਪੁਸਤਕਾਂ
6.14 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉੱਤਰ

### 6.0 ਉਦੇਸ਼ :

ਇਸ ਪਾਠ ਦਾ ਧਿਆਨ-ਪੂਰਵਕ ਅਧਿਐਨ ਕਰਨ ਉਪਰੰਤ ਤੁਸੀਂ :

- ਭਾਰਤੀ ਸੰਸਦ ਪ੍ਰਣਾਲੀ ਤੋਂ ਜਾਣੂ ਹੋਵੋਗੇ,
- ਲੋਕ ਸਭਾ ਸਬੰਧੀ ਵਿਸਥਾਰ-ਪੂਰਵਕ ਜਾਣਕਾਰੀ ਹਾਸਿਲ ਕਰਕੇ ਉਸਦੇ ਕਾਰਜ ਅਤੇ ਸ਼ਕਤੀਆਂ ਦਾ ਉਲੇਖ ਕਰਨ ਯੋਗ ਹੋਵੋਗੇ, ਅਤੇ
- ਰਾਜ ਸਭਾ ਦੀ ਜ਼ਰੂਰਤ ਅਤੇ ਲੋਕ ਸਭਾ ਦੇ ਮੁਕਾਬਲੇ ਉਸ ਦੀ ਕਮਜ਼ੋਰ ਸਥਿਤੀ ਦੇ ਕਾਰਨਾਂ ਨੂੰ ਚੰਗੀ ਤਰ੍ਹਾਂ ਸਮਝ ਸਕੋਗੇ।

### 6.1 ਭੂਮਿਕਾ (Introduction)

ਹਰੇਕ ਲੋਕਤੰਤਰੀ ਦੇਸ਼ ਵਿਚ ਕਾਨੂੰਨ ਬਣਾਣ ਵਾਲੀ ਸੰਸਥਾ ਦਾ ਹੋਣਾ ਜ਼ਰੂਰੀ ਹੈ। ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ, ਭਾਰਤੀ ਸੰਵਿਧਾਨ ਇਕ ਸੰਸਦ ਦੀ ਵਿਵਸਥਾ ਕਰਦਾ ਹੈ ਜਿਸ ਦੇ ਦੋ ਸਦਨ ਹਨ - ਲੋਕ ਸਭਾ ਅਤੇ ਰਾਜ ਸਭਾ। ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਇਹ ਦੋਵੇਂ ਸਦਨ ਮਿਲ ਕੇ ਸੰਸਦ ਬਣਾਉਂਦੇ ਹਨ ਪਰੰਤੂ ਇਹ ਗਲਤ ਧਾਰਣਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 79 ਵਿਚ ਇਹ ਸਾਫ਼ ਤੌਰ ਤੇ ਲਿਖਿਆ ਹੋਇਆ ਹੈ ਕਿ ਸੰਸਦ ਵਿਚ ਰਾਸ਼ਟਰਪਤੀ ਅਤੇ ਸੰਸਦ ਦੇ ਦੋਵੇਂ ਸਦਨ ਸ਼ਾਮਿਲ ਹਨ।

ਭਾਰਤੀ ਸੰਸਦ ਇੰਗਲੈਂਡ, ਅਮਰੀਕਾ, ਰੂਸ ਅਤੇ ਸਵਿਟਜ਼ਰਲੈਂਡ ਦੀਆਂ ਵਿਧਾਨ ਸਭਾਵਾਂ ਦੀ ਤਰ੍ਹਾਂ ਹੈ। ਭਾਰਤ ਵਿਚ ਸੰਘਾਤਮਕ ਪ੍ਰਣਾਲੀ ਹੋਣ ਕਾਰਨ, ਸੰਸਦ ਦਾ ਹੇਠਲਾ ਸਦਨ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਉਪਰਲਾ ਸਦਨ ਰਾਜਾਂ ਦੀ।

## 6.2 ਲੋਕ ਸਭਾ (House of People)

ਲੋਕ ਸਭਾ ਭਾਰਤੀ ਸੰਸਦ ਦਾ ਹੇਠਲਾ ਅਤੇ ਵਧੇਰੇ ਮਹੱਤਵ ਵਾਲਾ ਸਦਨ ਹੈ। ਇਸ ਦੇ ਕੁਲ 545 ਮੈਂਬਰ ਹੁੰਦੇ ਹਨ ਜ੍ਹਿਨਾਂ ਵਿਚੋਂ 525 ਭਾਰਤ ਸੰਘ ਦੇ ਰਾਜਾਂ ਵਿਚੋਂ ਸਿੱਧੇ ਤੌਰ ਤੇ ਲੋਕਾਂ ਦੁਆਰਾ ਚੁਣੇ ਜਾਂਦੇ ਹਨ ਅਤੇ ਬਾਕੀ ਦੇ 20 ਮੈਂਬਰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚੋਂ ਸੰਸਦ ਦੇ ਇਸ ਸੰਬੰਧ ਵਿਚ ਬਣਾਏ ਗਏ ਕਾਨੂੰਨ ਮੁਤਾਬਿਕ ਚੁਣੇ ਜਾਂਦੇ ਹਨ।

ਅਸਲ ਵਿਚ ਮੌਲਿਕ ਰੂਪ ਵਿਚ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ 500 ਨਿਸ਼ਚਿਤ ਕੀਤੀ ਗਈ ਸੀ ਪਰੰਤੂ ਬਾਅਦ ਵਿਚ 14ਵੀਂ ਸੋਧ ਰਾਹੀਂ ਇਹ ਗਿਣਤੀ ਵਧਾ ਕੇ 525 ਕਰ ਦਿੱਤੀ ਗਈ ਅਤੇ ਫੇਰ 8 ਮਈ 1973 ਨੂੰ 31ਵੀਂ ਸੋਧ ਪਾਸ ਕਰਕੇ, ਇਹ ਗਿਣਤੀ 545 ਕਰ ਦਿੱਤੀ ਗਈ ਹੈ। ਇਸ ਦੇ ਇਲਾਵਾ ਅਨੁਛੇਦ ਤੱਤਾਂ ਅਧੀਨ ਰਾਸ਼ਟਰਪਤੀ ਨੂੰ ਇਹ ਅਧਿਕਾਰ ਹੈ ਕਿ ਉਹ ਲੋਕ ਸਭਾ ਵਿਚ ਦੋ ਮੈਂਬਰ ਐਂਗਲੋਂ-ਇੰਡੀਅਨ ਜਾਤੀ ਦੇ ਨਾਮਜ਼ਦ ਕਰ ਸਕਦਾ ਹੈ ਜੋ ਉਸ ਨੂੰ ਅਜਿਹਾ ਪ੍ਰਤੀਤ ਹੋਵੇ ਕਿ ਇਸ ਜਾਤੀ ਨੂੰ ਚੋਣਾਂ ਵਿਚ ਉਚਿਤ ਪ੍ਰਤੀਨਿਧਤਾ ਨਹੀਂ ਮਿਲੀ। ਲੋਕ ਸਭਾ ਦੀਆਂ ਕੁਲ 545 ਸੀਟਾਂ ਵਿਚੋਂ ਕੁਝ ਸੀਟਾਂ ਪਛੜੀਆਂ ਜਾਤੀਆਂ ਲਈ ਵੀ ਰਾਖਵੀਆਂ ਰੱਖੀਆਂ ਜਾਂਦੀਆਂ ਹਨ।

ਸੰਵਿਧਾਨ ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਵੱਖ ਵੱਖ ਰਾਜਾਂ ਨੂੰ ਵਸੋਂ ਦੇ ਆਧਾਰ ਤੇ ਲੋਕ ਸਭਾ ਵਿਚ ਸਥਾਨ ਦਿੱਤੇ ਜਾਣਗੇ। ਵੱਖ ਵੱਖ ਰਾਜਾਂ ਦੇ ਸਥਾਨਾਂ ਦੀ ਗਿਣਤੀ ਨਿਸ਼ਚਿਤ ਕਰਨ ਲਈ ਵਸੋਂ ਦੇ ਅਧਾਰ ਉਹ ਆਂਕੜੇ ਲਏ ਜਾਂਦੇ ਹਨ ਜੋ ਪਿਛਲੇ ਮਰਦਮ ਸ਼ੁਮਾਰੀ ਦੇ ਅਧਾਰ ਤੇ ਪ੍ਰਕਾਸ਼ਤ ਕੀਤੇ ਗਏ ਹਨ। ਪਰੰਤੂ 42ਵੀਂ ਸੰਵਿਧਾਨਕ ਸੋਧ ਦੁਆਰਾ ਇਹ ਵਿਵਸਥਾ ਕਰ ਦਿੱਤੀ ਗਈ ਹੈ ਕਿ ਸਨ 2000 ਈ. ਤੋਂ ਬਾਅਦ ਹੋਣ ਵਾਲੀ ਪਹਿਲੀ ਜਨਗਣਨਾ ਤਕ ਵੱਖ-ਵੱਖ ਰਾਜਾਂ ਵਿਚ ਲੋਕ ਸਭਾ ਵਿਚ ਸਥਾਨਾਂ ਦੀ ਵੰਡ ਕਰਨ ਲਈ ਵਸੋਂ ਤੇ ਉਹੀ ਅੰਕੜੇ ਲਏ ਜਾਣਗੇ ਜੋ 1971 ਦੀ ਜਨਗਣਨਾ ਵਿਚ ਨਿਸ਼ਚਿਤ ਅਤੇ ਪ੍ਰਕਾਸ਼ਤ ਕੀਤੇ ਜਾ ਚੁੱਕੇ ਹਨ। ਇਸ ਦਾ ਅਰਥ ਇਹ ਹੋਇਆ ਕਿ ਸੰਨ 2000 ਤੋਂ ਪਿੱਛੋਂ ਹੋਣ ਵਾਲੀ ਪਹਿਲੀ ਜਨਗਣਨਾ ਤਕ ਲੋਕ ਸਭਾ ਵਿਚ ਵੱਖ-ਵੱਖ ਰਾਜਾਂ ਦੇ ਸਥਾਨਾਂ ਦੀ ਗਿਣਤੀ ਉਤਨੀ ਹੀ ਰਹੇਗੀ ਜਿਤਨੀ ਕਿ 1971 ਦੀ ਜਨਗਣਨਾ ਦੇ ਅੰਕੜਿਆਂ ਅਨੁਸਾਰ ਨਿਸ਼ਚਿਤ ਕੀਤੀ ਗਈ ਸੀ। ਇਹ ਸਿਧਾਂਤ ਪਛੜੀਆਂ ਜਾਤੀਆਂ ਅਤੇ ਪਛੜੀਆਂ ਕਬੀਲਿਆਂ ਲਈ ਰਾਖਵੇਂ ਸਥਾਨਾਂ ਦੀ ਗਿਣਤੀ ਨਿਸ਼ਚਿਤ ਕਰਨ ਲਈ ਵੀ ਅਪਨਾਇਆ ਜਾਵੇਗਾ। ਅਜੋਕੇ ਸਮੇਂ ਕੈਬਨਿਟ ਨੇ ਲੋਕ ਸਭਾ ਦੀਆਂ ਸੀਟਾਂ 2026 ਤਕ ਇਸੀ ਸੀਮਾ ਤਕ ਨਿਸ਼ਚਿਤ ਕਰਨ ਲਈ ਤਜਵੀਜ ਕੀਤੀ ਹੈ।

## 6.3 ਚੋਣ ਪ੍ਰਣਾਲੀ :

ਲੋਕ ਸਭਾ ਦੇ ਮੈਂਬਰਾਂ ਦੀ ਚੋਣ ਬਾਲਗ ਮੱਤ ਅਧਿਕਾਰ ਪ੍ਰਣਾਲੀ ਤੇ ਅਧਾਰ ਤੇ ਹੁੰਦੀ ਹੈ। 16ਵੀਂ ਸੋਧ ਅਨੁਸਾਰ ਜੋ 1988 ਵਿਚ ਪਾਸ ਕੀਤੀ ਗਈ ਹਰੇਕ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਜ਼ਿਆਦਾ ਹੋਵੇ ਉਸ ਨੂੰ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਤਾਂ ਕਿ ਨੌਜਵਾਨ ਲੋਕਾਂ ਨੂੰ ਲੋਕ ਸਭਾ ਦੀਆਂ ਚੋਣਾਂ ਵਿਚ ਵਧੇਰੇ ਹਿੱਸਾ ਲੈਣ ਦਾ ਅਵਸਰ ਪ੍ਰਾਪਤ ਹੋ ਸਕੇ। ਇਸ ਤੋਂ ਪਹਿਲਾਂ ਵੋਟ ਪਾਉਣ ਲਈ ਘੱਟ ਤੋਂ ਘੱਟ ਉਮਰ21 ਸਾਲ ਸੀ। ਇਥੇ ਇਹ ਗੱਲ ਵਰਣਨਯੋਗ ਹੈ ਕਿ ਅਜਿਹੇ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਨਹੀਂ ਜੋ ਦਿਮਾਗੀ ਤੌਰ ਤੇ ਠੀਕ ਨਾ ਹੋਣ।

## 6.4 ਚੋਣ ਲੜਨ ਲਈ ਲੋੜੀਂਦੀਆਂ ਯੋਗਤਾਵਾਂ :

ਲੋਕ ਸਭਾ ਦੇ ਮੈਂਬਰ ਦੀ ਚੋਣ ਲੜਨ ਲਈ ਇਕ ਵਿਅਕਤੀ ਨੂੰ ਸੰਵਿਧਾਨ ਵਿਚ ਅੰਕਿਤ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਇਹ ਹਨ : (1) ਉਹ ਭਾਰਤ ਦਾ ਨਾਗਰਿਕ ਹੋਵੇ (2) ਉਸ ਦੀ ਉਮਰ 25 ਸਾਲ ਤੋਂ ਘੱਟ ਨਾ ਹੋਵੇ (3) ਉਹ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਕਿਸੇ ਲਾਭਦਾਇਕ ਪਦਵੀ ਤੇ ਨਾ ਲੱਗਾ ਹੋਵੇ, (4) ਉਸ ਵਿਚ ਉਹ ਸਾਰੀਆਂ ਯੋਗਤਾਵਾਂ ਹੋਣ ਜੋ ਸੰਸਦ ਕਾਨੂੰਨ ਦੁਆਰਾ ਨਿਸ਼ਚਿਤ ਕਰਦੀ ਹੈ ਅਤੇ (5) ਉਹ ਪਾਗਲ ਜਾਂ ਦਿਵਾਲੀਆ ਨਾ ਹੋਵੇ ਅਤੇ ਕਿਸੇ ਅਦਾਲਤ ਨੇ ਉਸ ਨੂੰ ਇਸ ਪਦਵੀ ਲਈ ਆਯੋਗ ਘੋਸ਼ਿਤ ਨਾ ਕੀਤਾ ਹੋਵੇ।

## 6.5 ਲੋਕ ਸਭਾ ਦੀ ਮਿਆਦ :

ਸਾਧਾਰਣ ਸਥਿਤੀ ਵਿਚ ਲੋਕ ਸਭਾ ਦੀ ਮਿਆਦ 5 ਸਾਲ ਹੈ। 42ਵੀਂ ਸੋਧ ਅਧੀਨ ਇਹ ਮਿਆਦ ਵਧਾ ਕੇ 6 ਸਾਲ ਦੀ ਕਰ ਦਿੱਤੀ ਸੀ ਪਰ 44ਵੀਂ ਸੰਵਿਧਾਨਿਕ ਸੋਧ ਦੁਆਰਾ ਇਸ ਦਾ ਕਾਰਜ ਕਾਲ ਫਿਰ 5 ਸਾਲ ਕਰ ਦਿੱਤਾ ਗਿਆ ਹੈ ਇਹ ਮਿਆਦ ਪੂਰੀ ਹੁੰਦਿਆਂ ਹੀ ਲੋਕ ਸਭਾ ਆਪਣੇ ਆਪ ਹੀ ਭੰਗ ਹੋ ਜਾਂਦੀ ਹੈ। ਰਾਸ਼ਟਰਪਤੀ ਇਹ ਮਿਆਦ ਖਤਮ ਹੋਣ ਤੋਂ ਪਹਿਲਾਂ ਵੀ ਲੋਕ ਸਭਾ ਨੂੰ ਪ੍ਰਧਾਨ ਮੰਤਰੀ ਦੀ ਸਲਾਹ ਤੇ ਭੰਗ ਕਰ ਸਕਦਾ ਹੈ। ਉਦਾਹਰਣ ਦੇ ਤੌਰ ਤੇ 1967 ਵਿਚ ਚੁਣੀ ਗਈ ਲੋਕ ਸਭਾ ਪੰਜ ਸਾਲ ਤੋਂ ਪਹਿਲਾਂ ਹੀ 1970 ਵਿਚ ਭੰਗ ਕਰ ਦਿੱਤਾ ਗਿਆ ਸੀ। ਫਿਰ 1977 ਵਿਚ ਬਣੀ ਲੋਕ ਸਭਾ ਦੀ ਅਵਧੀ ਖਤਮ ਹੋਣ ਤੋਂ ਪਹਿਲਾਂ ਭੰਗ ਹੋਈ ਅਤੇ ਜਨਵਰੀ 1980 ਵਿਚ ਚੋਣਾਂ ਹੋਈਆਂ। 1989 ਵਿਚ ਹੋਈਆਂ ਚੋਣਾਂ ਬਾਅਦ ਵੀ ਲੋਕ ਸਭਾ ਪੰਜ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਭੰਗ ਕਰ ਦਿੱਤੀ ਗਈ ਅਤੇ ਜੂਨ 1991 ਵਿਚ ਮੌਜੂਦਾ ਲੋਕ ਸਭਾ ਦੀਆਂ ਚੋਣਾਂ ਹੋਈਆਂ। ਸੰਕਟਕਾਲ ਵਿਚ ਲੋਕ ਸਭਾ ਦਾ ਕਾਰਜਕਾਲ ਸੰਸਦ ਦੁਆਰਾ ਇਕ ਇਕ ਸਾਲ ਕਰਕੇ ਵਧਾਇਆ ਜਾ ਸਕਦਾ ਹੈ। ਉਦਾਹਰਣ ਵਜੋਂ ਸੰਕਟ ਕਾਲੀਨ ਦੌਰਾਨ ਲੋਕ ਸਭਾ ਦੀ ਮਿਆਦ 18 ਮਾਰਚ, 1976 ਨੂੰ ਸਮਾਪਤ ਹੋਣੀ ਸੀ। ਫਰਵਰੀ 1976 ਵਿਚ ਸੰਸਦ ਦੇ ਕਾਨੂੰਨ ਦੁਆਰਾ ਇਕ ਸਾਲ ਲਈ ਵਧਾ ਦਿੱਤੀ ਗਈ ਸੀ। ਇਹ ਵਧਾਈ ਗਈ ਮਿਆਦ 18 ਮਾਰਚ, 1977 ਨੂੰ ਸਮਾਪਤ ਹੋਣੀ ਸੀ ਪਰੰਤੂ ਇਸ ਤੋਂ ਪਹਿਲਾਂ ਹੀ ਸੰਸਦ ਨੇ ਇਸ ਦੀ ਮਿਆਦ ਇੱਕ ਸਾਲ ਲਈ ਹੋਰ ਵਧਾ ਦਿੱਤੀ ਸੀ ਜਿਹੜੀ ਕਿ ਅਮਲ ਵਿਚ ਨਹੀਂ ਆਈ ਕਿਉਂਕਿ ਮਾਰਚ 1977 ਵਿਚ ਲੋਕ ਸਭਾ ਚੋਣਾਂ ਹੋ ਕੇ ਨਵੀਂ ਲੋਕ ਸਭਾ ਬਣ ਗਈ। ਗਿਆਰਵੀਂ ਲੋਕ ਸਭਾ 1996, ਬਾਰ੍ਹਵੀਂ 1998 ਅਤੇ ਮੌਜੂਦਾ ਲੋਕ ਸਭਾ 1999 ਵਿਚ ਚੁਣੀ ਗਈ।

## 6.6 ਲੋਕ ਸਭਾ ਦੇ ਮੈਂਬਰ ਦੇ ਕਰਤੱਵ ਅਤੇ ਅਧਿਕਾਰ :

ਲੋਕ ਸਭਾ ਦੇ ਹਰੇਕ ਮੈਂਬਰ ਨੂੰ ਸਦਨ ਵਿਚ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਸ਼ਟਰਪਤੀ ਜਾਂ ਉਸ ਦੁਆਰਾ ਨਿਯੁਕਤ ਵਿਅਕਤੀ ਦੇ ਸਾਹਮਣੇ ਸਹੁੰ ਚੁਕਣੀ ਪੈਂਦੀ ਹੈ। ਜੇਕਰ, ਕੋਈ ਵਿਅਕਤੀ ਇਕ ਹੀ ਸਮੇਂ ਦੋਹਾਂ ਸਦਨਾਂ ਦਾ ਮੈਂਬਰ ਚੁਣਿਆ ਜਾਂਦਾ ਹੈ ਤਾਂ ਉਸ ਨੂੰ ਇਕ ਸਦਨ ਦੀ ਮੈਂਬਰੀ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਜੇਕਰ ਲੋਕ ਸਭਾ ਦਾ ਕੋਈ ਮੈਂਬਰ ਸਦਨ ਦੀ ਆਗਿਆ ਤੋਂ ਬਿਨਾਂ 60 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਸਦਨ ਦੀਆਂ ਬੈਠਕਾਂ ਵਿਚ ਗੈਰ ਹਾਜ਼ਰ ਰਹੇ ਤਾਂ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।

ਲੋਕ ਸਭਾ ਦੇ ਮੈਂਬਰ ਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ। ਪਹਿਲੇ, ਲੋਕ ਸਭਾ ਦੇ ਮੈਂਬਰਾਂ ਨੂੰ ਸਦਨ ਵਿਚ ਆਪਣੇ ਵਿਚਾਰ ਸੁਤੰਤਰਤਾ ਪੂਰਵਕ ਪ੍ਰਗਟਾਉਣ ਦੀ ਖੁਲ੍ਹ ਹੈ। ਲੋਕ ਸਭਾ ਦੇ ਮੈਂਬਰ ਵਿਚ ਜਾਂ ਸਦਨ ਦੀਆਂ ਸਮਿਤੀਆਂ ਵਿਚ ਜੋ ਕੁਝ ਵੀ ਆਪਣੇ ਭਾਸ਼ਨ ਵਿਚ ਕਹਿੰਦੇ ਹਨ, ਉਸ ਵਿਰੁੱਧ ਕਿਸੇ ਕਿਸਮ ਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਦੂਜੇ, ਸਦਨ ਦੇ ਸਮਾਗਮ ਦੌਰਾਨ ਕਿਸੇ ਮੈਂਬਰ ਨੂੰ ਦੀਵਾਨੀ ਮੁਕੱਦਮਿਆਂ ਸੰਬੰਧੀ ਕੈਦੀ ਨਹੀਂ ਬਣਾਇਆ ਜਾ ਸਕਦਾ ਅਤੇ ਨਾ ਹੀ ਸਮਾਗਮ ਦੇ ਆਰੰਭ ਹੋਣ ਤੋਂ 40 ਦਿਨ ਪਹਿਲਾਂ ਅਤੇ ਸਮਾਗਮ ਦੀ ਸਮਾਪਤੀ ਤੋਂ 40 ਦਿਨਾਂ ਮਗਰੋਂ ਹੀ ਦਿਵਾਨੀ ਤੇ ਕਿਸੇ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇਗਾ। ਜੇਕਰ ਸਦਨ ਦੇ ਮੈਂਬਰ ਦੀ ਗ੍ਰਿਫ਼ਤਾਰੀ ਕਿਸੇ ਫੌਜਦਾਰੀ ਮੁਕੱਦਮੇ ਸੰਬੰਧੀ ਜਾਂ ਨਿਵਾਰਕ ਨਜ਼ਰਬੰਦੀ ਦੇ ਕਾਰਨ ਹੁੰਦੀ ਹੈ ਤਾਂ ਗ੍ਰਿਫ਼ਤਾਰ ਕਰਨ ਵਾਲੇ ਅਧਿਕਾਰੀ ਨੂੰ ਇਹ ਸੂਚਨਾ ਤੁਰੰਤ ਹੀ ਲੋਕ ਸਭਾ ਦੇ ਸਪੀਕਰ ਕੋਲ ਭੇਜਣੀ ਪੈਂਦੀ ਹੈ। ਤੀਜੇ, ਲੋਕ ਸਭਾ ਦੇ ਮੈਂਬਰ ਸਦਨ ਦੀ ਕਾਰਜ ਵਿਧੀ ਨਿਸ਼ਚਿਤ ਕਰਨ ਵਿਚ ਪੂਰਨ ਰੂਪ ਵਿਚ ਸੁਤੰਤਰ ਹਨ। ਚੌਥੇ, ਜੇਕਰ ਕੋਈ ਵਿਅਕਤੀ ਲੋਕ ਸਭਾ ਦੇ ਮੈਂਬਰ ਦੀ ਸ਼ਾਨ ਜਾਂ ਗੌਰਵ ਵਿਰੁੱਧ ਕਿਸੇ ਕਿਸਮ ਦੀ ਕਾਰਵਾਈ ਕਰਦਾ ਹੈ ਜਾਂ ਉਨ੍ਹਾਂ ਦਾ ਅਪਮਾਨ ਕਰਦਾ ਹੈ ਤਾਂ ਲੋਕ ਸਭਾ ਉਸ ਦੇ ਵਿਰੁੱਧ ਲੋੜੀਂਦੀ ਕਾਰਵਾਈ ਕਰ ਸਕਦੀ ਹੈ। ਅਜਿਹੇ ਵਿਅਕਤੀ ਨੂੰ ਲੋਕ ਸਭਾ ਕੈਦ ਜਾਂ ਦੰਡ ਵੀ ਦੇ ਸਕਦੀ ਹੈ।

## 6.7 ਲੋਕ ਸਭਾ ਦੀਆਂ ਸ਼ਕਤੀਆਂ (Powers of Lok Sabha)

ਲੋਕ ਸਭਾ ਨੂੰ ਕਈ ਪ੍ਰਕਾਰ ਦੀਆਂ ਵਿਧਾਨਿਕ, ਵਿਤੀ, ਕਾਰਜਕਾਰੀ, ਨਿਆਂਇਕ ਅਤੇ ਸੰਵਿਧਾਨਿਕ ਸ਼ਕਤੀਆਂ ਪ੍ਰਾਪਤ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. **ਵਿਧਾਨਿਕ ਸ਼ਕਤੀਆਂ (Legislative Powers) :-** ਵਿਧਾਨਿਕ ਖੇਤਰਾਂ ਵਿਚ ਲੋਕ ਸਭਾ ਨੂੰ ਮਹੱਤਵਪੂਰਣ ਸ਼ਕਤੀਆਂ ਪ੍ਰਾਪਤ ਹਨ। ਕੋਈ ਵੀ ਬਿਲ ਉਦੋਂ ਤੱਕ ਕਾਨੂੰਨ ਦਾ ਰੂਪ ਧਾਰਨ ਨਹੀਂ ਕਰ ਸਕਦਾ ਜਦੋਂ ਤੱਕ ਉਸ ਨੂੰ ਲੋਕ ਸਭਾ ਦੀ ਪ੍ਰਵਾਨਗੀ ਨਹੀਂ ਮਿਲ ਜਾਂਦੀ। ਜ਼ਿਆਦਾਤਰ ਗੈਰ-ਵਿੱਤੀ ਬਿਲ ਇਸੇ ਸਦਨ ਵਿਚ ਜਨਮ

ਲੈਂਦੇ ਹਨ ਕਿਉਂਕਿ ਆਮ ਤੌਰ ਤੇ ਮੰਤਰੀ ਇਸੀ ਸਦਨ ਵਿਚ ਬੈਠਦੇ ਹਨ ਅਤੇ ਵੱਖ ਵੱਖ ਕਿਸਮਾਂ ਦੇ ਬਿਲਾਂ ਦੀ ਅਗਵਾਈ ਕਰਦੇ ਹਨ। ਅਜਿਹਾ ਕਦੇ ਹੀ ਹੁੰਦਾ ਹੈ ਕੋਈ ਮਹੱਤਵਪੂਰਨ ਬਿਲ ਰਾਜ ਸਭਾ ਵਿਚ ਸ਼ੁਰੂ ਹੋਵੇ। ਸਾਧਾਰਨ ਕਾਨੂੰਨ ਨਿਰਮਾਣ ਸੰਬੰਧੀ ਲੋਕ ਸਭਾ ਦੀ ਸਥਿਤੀ ਰਾਜ ਸਭਾ ਦੇ ਮੁਕਾਬਲੇ ਅਧਿਕ ਸ਼ਕਤੀਸ਼ਾਲੀ ਹੈ ਕਿਉਂਕਿ ਰਾਜ ਸਭਾ ਸਾਧਾਰਣ ਬਿਲ ਨੂੰ ਵੱਧ ਤੋਂ ਵੱਧ 6 ਮਹੀਨੇ ਅਟਕਾ ਸਕਦੀ ਹੈ। ਜੇਕਰ ਲੋਕ ਸਭਾ ਦੁਆਰਾ ਪਾਸ ਕੀਤੇ ਸਾਧਾਰਨ ਬਿਲ ਨੂੰ ਰਾਜ ਸਭਾ 6 ਮਹੀਨੇ ਅੰਦਰ ਪਾਸ ਨਹੀਂ ਕਰਦੀ ਜਾਂ ਅਜਿਹੀ ਸੋਧ ਦਾ ਪ੍ਰਸਤਾਵ ਕਰਦੀ ਹੈ ਜੋ ਕਿ ਲੋਕਾਂ ਨੂੰ ਮਨਜ਼ੂਰ ਨਹੀਂ ਤਾਂ ਰਾਸ਼ਟਰਪਤੀ ਅਨੁਛੇਦ 108 ਦੇ ਅਧੀਨ ਦੋਹਾਂ ਸਦਨਾਂ ਦਾ ਸਾਂਝਾ ਸਮਾਗਮ ਬੁਲਾ ਸਕਦਾ ਹੈ ਜਿਸਦੀ ਪ੍ਰਵਾਨਗੀ ਲੋਕ ਸਭਾ ਸਪੀਕਰ ਕਰਦਾ ਹੈ। ਇਸ ਸਾਂਝੇ ਸਮਾਗਮ ਵਿਚ ਲੋਕ ਸਭਾ ਦੀ ਜਿੱਤ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਕਿਉਂਕਿ ਇਸ ਦੇ ਮੈਂਬਰ ਰਾਜ ਸਭਾ ਤੋਂ ਜ਼ਿਆਦਾ ਹੁੰਦੇ ਹਨ।

2. **ਵਿੱਤੀ ਸ਼ਕਤੀਆਂ (Financial Powers) :-** ਵਿੱਤੀ ਬਿਲ ਸਿਰਫ ਲੋਕ ਸਭਾ ਵਿਚ ਹੀ ਜਨਮ ਲੈਂਦੇ ਹਨ, ਰਾਜ ਸਭਾ ਵਿਚ ਇਹ ਪੇਸ਼ ਨਹੀਂ ਕੀਤੇ ਜਾ ਸਕਦੇ। ਲੋਕ ਸਭਾ ਵਿਚੋਂ ਪਾਸ ਹੋਣ ਮਗਰੋਂ ਧਨ ਬਿਲ ਰਾਜ ਸਭਾ ਕੋਲ ਭੇਜਿਆ ਜਾਂਦਾ ਹੈ। ਰਾਜ ਸਭਾ ਜੇਕਰ ਵਿੱਤੀ ਬਿਲ ਤੇ 14 ਦਿਨ ਤਕ ਕੋਈ ਕਾਰਵਾਈ ਨਹੀਂ ਕਰਦੀ ਤਾਂ ਉਹ ਬਿਲ ਉਸੇ ਰੂਪ ਵਿਚ ਹੀ ਪਾਸ ਸਮਝਿਆ ਜਾਵੇਗਾ ਜਿਸ ਰੂਪ ਵਿਚ ਲੋਕ ਸਭਾ ਨੇ ਪਾਸ ਕੀਤਾ ਸੀ। ਜੇਕਰ ਰਾਜ ਸਭਾ ਕਿਸੇ ਧਨ ਬਿਲ ਨੂੰ ਰੱਦ ਕਰ ਦੇਵੇ ਜਾਂ ਉਸ ਪ੍ਰਤੀ ਅਜਿਹੇ ਤਰਮੀਮ ਪਾਸ ਕਰ ਦੇਵੇ ਜਾਂ ਜੋ ਲੋਕ ਸਭਾ ਨੂੰ ਪ੍ਰਵਾਨ ਨਾ ਹੋਵੇ ਤਾਂ ਇਨ੍ਹਾਂ ਸਥਿਤੀਆਂ ਵਿਚ ਉਬਹ ਬਿਲ ਦੋਹਾਂ ਸਦਨਾਂ ਵਲੋਂ ਪਾਸ ਸਮਝਿਆ ਜਾਵੇਗਾ। ਇਸ ਦਾ ਅਰਥ ਇਹ ਹੋਇਆ ਕਿ ਧਨ ਬਿਲ ਸੰਬੰਧੀ ਲੋਕ ਸਭਾ ਦਾ ਨਿਰਣਾ ਅੰਤਿਮ ਹੁੰਦਾ ਹੈ ਅਤੇ ਰਾਜ ਸਭਾ ਇਸ ਬਿਲ ਨੂੰ ਕੇਵਲ 14 ਦਿਨਾਂ ਤਕ ਰੋਕ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਬਿਲ ਸੰਬੰਧੀ ਇਹ ਫੈਸਲਾ ਕਰਨਾ ਕਿ ਉਹ ਧਨ ਬਿਲ ਹੈ ਜਾਂ ਸਾਧਾਰਣ ਬਿਲ, ਲੋਕ ਸਭਾ ਦੇ ਸਪੀਕਰ ਦਾ ਅਧਿਕਾਰ ਹੈ।

3. **ਕਾਰਜਕਾਰੀ ਸ਼ਕਤੀਆਂ (Executive Powers) :-** ਲੋਕ ਸਭਾ ਵਿਆਪਕ ਕਾਰਜਕਾਰੀ ਸ਼ਕਤੀਆਂ ਦੀ ਮਾਲਕ ਹੈ। ਮੰਤਰੀ ਪ੍ਰੀਸ਼ਦ ਲੋਕ ਸਭਾ ਨੂੰ ਜਵਾਬਦੇਹ ਹੈ। ਇਸ ਜ਼ਿੰਮੇਵਾਰੀ ਨੂੰ ਕਈ ਤਰੀਕਿਆਂ ਨਾਲ ਅਮਲ ਵਿਚ ਲਿਆਂਦਾ ਜਾਂਦਾ ਹੈ। ਪਹਿਲੇ, ਸਦਨ ਦੇ ਮੈਂਬਰ ਮੰਤਰੀਆਂ ਨੂੰ ਉਨ੍ਹਾਂ ਦੇ ਵਿਭਾਗ ਨਾਲ ਸੰਬੰਧਿਤ ਕੋਈ ਪ੍ਰਸ਼ਨ ਪੁੱਛ ਸਕਦੇ ਹਨ। ਸੰਬੰਧਿਤ ਮੰਤਰੀ ਨੂੰ ਇਸ ਦਾ ਉੱਤਰ ਦੇਣਾ ਪੈਂਦਾ ਹੈ। ਜੇਕਰ ਮੈਂਬਰ ਨੂੰ ਲਗੇ ਕਿ ਦਿੱਤਾ ਗਿਆ ਜਵਾਬ ਸੰਤੋਸ਼ਜਨਕ ਨਹੀਂ ਤਾਂ ਉਸੀ ਵਿਸ਼ੇ ਤੇ ਸਪਲੀਮੈਂਟਰੀ (Supplementary) ਸਵਾਲ ਵੀ ਪੁੱਛਿਆ ਜਾ ਸਕਦਾ ਹੈ। ਦੂਜੇ, ਜਦੋਂ ਲੋਕ ਸਭਾ ਦਾ ਇਜਲਾਸ ਜਾਰੀ ਹੋਵੇ ਅਤੇ ਕੋਈ ਮੈਂਬਰ ਸਦਨ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵੱਲ ਦਿਵਾਉਣਾ ਚਾਹੁੰਦਾ ਹੋਵੇ, ਤਾਂ ਉਹ ਧਿਆਨ ਦਿਵਾਊ ਮੱਤਾ (Call Attention Motion) ਪੇਸ਼ ਕਰ ਸਕਦਾ ਹੈ। ਅਜਿਹੇ ਮੱਤੇ ਅਕਸਰ ਮੰਤਰੀਆਂ ਦੇ ਹੀ ਧਿਆਨ ਦਿਵਾਉਣ ਲਈ ਪੇਸ਼ ਕੀਤੇ ਜਾਂਦੇ ਹਨ। ਤੀਜੇ ਲੋਕ ਸਭਾ ਪਾਸ ਮੰਤਰੀ ਪ੍ਰੀਸ਼ਦ ਨੂੰ ਨਿਯੰਤਰਣ ਵਿਚ ਰੱਖਣ ਲਈ ਸਭ ਤੋਂ ਮਜ਼ਬੂਤ ਹਥਿਆਰ ਅਵਿਸ਼ਵਾਸ ਦਾ ਪ੍ਰਸਤਾਵ ਹੈ। ਜੇਕਰ ਇਹ ਮੱਤਾ ਪਾਸ ਹੋ ਜਾਵੇ ਤਾਂ ਤੁਰੰਤ ਮੰਤਰੀ ਪ੍ਰੀਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

4. **ਨਿਆਂਇਕ ਸ਼ਕਤੀਆਂ (Judicial Powers) :-** ਲੋਕ ਸਭਾ ਦੀਆਂ ਨਿਆਂ ਸੰਬੰਧੀ ਸ਼ਕਤੀਆਂ ਵੀ ਕੋਈ ਘੱਟ ਮਹੱਤਵ ਵਾਲੀਆਂ ਨਹੀਂ ਹਨ। ਇਹ ਰਾਸ਼ਟਰਪਤੀ ਉੱਤੇ ਕੁਝ ਇਲਜਾਮਾਂ ਦੇ ਆਧਾਰ ਤੇ ਮਹਾਂਦੋਸ਼ ਦਾ ਮੁੱਕਦਮਾ ਚਲਾ ਸਕਦੀ ਹੈ। ਜੇਕਰ ਦੂਜਾ ਸਦਨ (ਰਾਜ ਸਭਾ) ਛਾਣਬੀਣ ਕਰਕੇ 2/3 ਬਹੁਮਤ ਨਾਲ ਲਗਾਏ ਦੋਸ਼ਾਂ ਦੇ ਪੱਖ ਵਿਚ ਮਤਾ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਨੂੰ ਆਪਣਾ ਅਹੁਦਾ ਤਿਆਗਣਾ ਪੈਂਦਾ ਹੈ।

ਉਪ-ਰਾਸ਼ਟਰਪਤੀ ਦੇ ਵਿਰੁੱਧ ਇਲਜ਼ਾਮ ਭਾਵੇਂ ਕੇਵਲ ਰਾਜ ਸਭਾ ਹੀ ਲਗਾ ਸਕਦੀ ਹੈ, ਪ੍ਰੰਤੂ ਉਸ ਨੂੰ ਪਦਵੀਂ ਤੋਂ ਉਸ ਸਮੇਂ ਹੀ ਹਟਾਇਆ ਜਾ ਸਕਦਾ ਹੈ ਜਦੋਂ ਰਾਜ ਸਭਾ ਦੁਆਰਾ ਲਗਾਏ ਗਏ ਇਲਜਾਮਾਂ ਨੂੰ ਲੋਕ ਸਭਾ ਪ੍ਰਵਾਨ ਕਰ ਲਵੇ।

ਲੋਕ ਸਭਾ ਰਾਜ ਸਭਾ ਨਾਲ ਮਿਲ ਕੇ ਸਰਵਉੱਚ ਅਦਾਲਤ ਅਤੇ ਉੱਚ ਅਦਾਲਤ ਅਤੇ ਉੱਚ ਅਦਾਲਤਾਂ ਦੇ ਜੱਜਾਂ ਵਿਰੁੱਧ ਦੋਸ਼ ਸੰਬੰਧੀ ਮਤੇ ਪਾਸ ਕਰ ਸਕਦੀ ਹੈ। ਜੇਕਰ ਕਿਸੇ ਜੱਜ ਵਿਰੁੱਧ ਸੰਸਦ ਦੇ ਦੋਹਾਂ ਸਦਨਾਂ ਦੁਆਰਾ ਅਜਿਹਾ ਮੱਤਾ ਪਾਸ ਹੋ ਜਾਵੇ ਤਾਂ ਰਾਸ਼ਟਰਪਤੀ ਨੂੰ ਉਸ ਜੱਜ ਨੂੰ ਪਦ ਤੋਂ ਹਟਾਉਣ ਦਾ ਆਦੇਸ਼ ਦੇਣਾ ਪੈਂਦਾ ਹੈ।

ਲੋਕ ਸਭਾ ਕਿਸੇ ਵਿਅਕਤੀ ਨੂੰ ਇਸ ਦੇ ਵਿਸ਼ੇਸ਼ ਅਧਿਕਾਰ ਭੰਗ ਕਰਨ ਜਾਂ ਨਿਰਾਦਰੀ ਕਰਨ ਦੇ ਦੋਸ਼ ਵਿਚ ਸਜ਼ਾ ਵੀ ਦੇ ਸਕਦੀ ਹੈ।

5. **ਸੰਵਿਧਾਨਿਕ ਸ਼ਕਤੀਆਂ (Constitutional Powers) :-** ਲੋਕ ਸਭਾ ਦੀਆਂ ਸੰਵਿਧਾਨਿਕ ਸ਼ਕਤੀਆਂ ਵੀ ਵਰਣਨਯੋਗ ਹਨ। ਭਾਵੇਂ ਇਹ ਖੁਦ ਸੰਵਿਧਾਨ ਦੇ ਮੁਤਾਬਿਕ ਕੰਮ ਕਰਦੀ ਹੈ, ਪ੍ਰੰਤੂ ਲੋੜ ਪੈਣ ਤੇ ਇਹ ਉਸ ਨੂੰ ਬਦਲ ਵੀ ਸਕਦੀ ਹੈ। ਇਹ ਗੱਲ ਵੱਖਰੀ ਹੈ ਕਿ ਸੰਸਦ ਦੁਆਰਾ ਪਾਸ ਕੀਤੀ ਸੋਧ ਨੂੰ ਸੁਪਰੀਮ ਕੋਰਟ ਰੱਦ ਕਰ ਸਕਦਾ ਹੈ ਜੇ ਉਹ ਸੰਵਿਧਾਨ ਦੀ ਮੌਲਿਕ ਢਾਂਚੇ ਦੀ ਉਲੰਘਣਾ ਕਰਦੀ ਹੋਵੇ। ਕੋਈ ਵੀ ਸੰਵਿਧਾਨ ਸਥਾਈ ਨਹੀਂ ਹੁੰਦਾ, ਇਸ ਨੂੰ ਸਮੇਂ ਨਾਲ ਤਬਦੀਲ ਕਰਨਾ ਪੈਂਦਾ ਹੈ। ਸੰਵਿਧਾਨ ਦੀ ਤਰਸੀਮ ਦੇ ਮਾਮਲੇ ਵਿਚ ਲੋਕ ਸਭਾ ਅਤੇ ਰਾਜ ਸਭਾ ਨੂੰ ਬਰਾਬਰ ਸ਼ਕਤੀਆਂ ਪ੍ਰਾਪਤ ਹਨ।

6. **ਚੋਣ ਸੰਬੰਧੀ ਸ਼ਕਤੀਆਂ (Electoral Powers) :-** ਲੋਕ ਸਭਾ ਨੂੰ ਕੁਝ ਚੋਣ ਸੰਬੰਧੀ ਸ਼ਕਤੀਆਂ ਵੀ ਪ੍ਰਾਪਤ ਹਨ। ਇਸ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਵਿਚ ਭਾਗ ਲੈਂਦੇ ਹਨ। ਲੋਕ ਸਭਾ ਦੇ ਮੈਂਬਰ (ਚੁਣੇ ਹੋਏ ਨਾਮਜ਼ਦ) ਉਪ-ਰਾਸ਼ਟਰਪਤੀ ਦੀ ਚੋਣ ਵਿਚ ਹਿੱਸਾ ਲੈਂਦੇ ਹਨ। ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੀ ਚੋਣ ਤੋਂ ਇਲਾਵਾ, ਲੋਕ ਸਭਾ ਦੇ ਮੈਂਬਰਾਂ ਨੂੰ ਆਪਣੇ ਵਿਚੋਂ ਇਕ ਮੈਂਬਰ ਨੂੰ ਸਪੀਕਰ ਅਤੇ ਇਕ ਹੋਰ ਨੂੰ ਡਿਪਟੀ ਸਪੀਕਰ ਚੁਣਨ ਦਾ ਵੀ ਅਧਿਕਾਰ ਹੈ।

ਲੋਕ ਸਭਾ ਦੀਆਂ ਸ਼ਕਤੀਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਲੋਕ ਸਭਾ ਕੋਲ ਅਨੇਕਾਂ ਮਹੱਤਵਪੂਰਨ ਸ਼ਕਤੀਆਂ ਹਨ, ਅਸਲ ਵਿਚ ਸੰਸਦ ਦੀਆਂ ਸਾਰੀਆਂ ਸ਼ਕਤੀਆਂ ਦਾ ਪ੍ਰਯੋਗ ਲੋਕ ਸਭਾ ਹੀ ਕਰਦੀ ਹੈ ਕਿਉਂਕਿ ਰਾਜ ਸਭਾ ਕੋਲ ਕੋਈ ਮਹੱਤਵਪੂਰਨ ਸ਼ਕਤੀਆਂ ਨਹੀਂ ਹੁੰਦੀਆਂ। ਰਾਸ਼ਟਰ ਦੇ ਵਿੱਤ ਤੇ ਲੋਕ ਸਭਾ ਦਾ ਪੂਰਾ ਨਿਯੰਤਰਣ ਰਹਿੰਦਾ ਹੈ। ਇਹ ਮੰਤਰੀ ਪ੍ਰਿਸ਼ਦ ਨੂੰ ਅਵਿਸ਼ਵਾਸੀ ਦਾ ਮਤਾ ਪਾਸ ਕਰਕੇ ਅਹੁਦੇ ਤੋਂ ਹਟਾ ਸਕਦਾ ਹੈ।

## ਸਵੈ-ਅਭਿਆਸ ਪ੍ਰਸ਼ਨਾਵਲੀ-।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਲੋਕ ਸਭਾ ਦੇ ਮੈਂਬਰ ਕਿੰਨੇ ਸਮੇਂ ਲਈ ਚੁਣੇ ਜਾਂਦੇ ਹਨ?

2) ਲੋਕ ਸਭਾ ਦੇ ਮੈਂਬਰ ਬਣਨ ਲਈ ਕਿਹੜੀਆਂ ਯੋਗਤਾਵਾਂ ਲੋੜੀਂਦੀਆਂ ਹਨ?

3) ਲੋਕ ਸਭਾ ਦੀਆਂ ਕੋਈ ਤਿੰਨ ਸ਼ਕਤੀਆਂ ਦਾ ਉਲੇਖ ਕਰੋ।

## 6.8 ਰਾਜ ਸਭਾ (Rajya Sabha)

ਇਹ ਭਾਰਤੀ ਸੰਸਦ ਦਾ ਉਪਰਲਾ ਸਦਨ ਹੈ ਅਤੇ ਭਾਰਤੀ ਸੰਘ ਦੇ ਰਾਜਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਥੇ ਇਹ ਗੱਲ ਵਰਣਨਯੋਗ ਹੈ ਕਿ ਅਮਰੀਕਾ ਦੀ ਸੈਨੇਟ ਦੀ ਤਰ੍ਹਾਂ ਇਸ ਵਿਚ ਸਾਰੇ ਰਾਜਾਂ ਨੂੰ ਸਮਾਨ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਅਮਰੀਕਾ ਵਿਚ ਹਰੇਕ ਰਾਜ ਵਸੋਂ ਅਤੇ ਇਲਾਕੇ ਦੇ ਖੇਤਰ ਦੇ ਭੇਦ-ਭਾਵ ਤੋਂ ਬਿਨਾਂ ਸੈਨੇਟ ਵਿਚ ਆਪਣੇ ਦੋ ਪ੍ਰਤੀਨਿਧੀ ਭੇਜਦਾ ਹੈ। ਪ੍ਰੰਤੂ ਭਾਰਤ ਵਿਚ ਵੱਖ-ਵੱਖ ਰਾਜਾਂ ਨੂੰ ਆਪਣੀ ਕੁਲ ਵਸੋਂ ਦੇ ਅਧਾਰ ਤੇ ਪ੍ਰਤੀਨਿਧੀ ਭੇਜਣੇ ਹੁੰਦੇ ਹਨ। ਰਾਜ ਸਭਾ ਦੇ ਮੈਂਬਰਾਂ ਦੀ ਕੁਲ ਗਿਣਤੀ 250 ਨਿਸ਼ਚਿਤ ਕੀਤੀ ਗਈ ਹੈ ਜਿਨ੍ਹਾਂ ਵਿਚ 12 ਉਹ ਵਿਅਕਤੀਆਂ ਨੂੰ ਰਾਸ਼ਟਰਪਤੀ ਨਾਮਜ਼ਦ ਕਰਦਾ ਹੈ ਜਿਨ੍ਹਾਂ ਨੂੰ ਸਾਹਿਤ ਕਲਾ ਵਿਗਿਆਨ ਦਾ ਸਮਾਂ ਸੇਵਾ ਦੇ ਖੇਤਰ ਵਿਚ ਵਿਸ਼ੇਸ਼ ਗਿਆਨ ਜਾਂ ਦਰਜਾ ਪ੍ਰਾਪਤ ਕੀਤਾ ਹੋਵੇ। ਬਾਕੀ ਦੇ 238 ਮੈਂਬਰ ਲੋਕ ਦੁਆਰਾ ਸਿੱਧੇ ਰੂਪ ਵਿਚ ਨਹੀਂ ਚੁਣੇ ਜਾਂਦੇ, ਬਲਕਿ ਇਨ੍ਹਾਂ ਦੀ ਚੋਣ ਰਾਜਾਂ ਦੀ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਅਨੁਪਾਤਿਕ ਪ੍ਰਤੀਨਿਧਤਾ ਪ੍ਰਣਾਲੀ ਦੇ ਆਧਾਰ ਤੇ ਇਕਹਰੀ ਬਦਲਵੀਂ ਵੋਟ ਪ੍ਰਣਾਲੀ ਦੁਆਰਾ ਹੁੰਦੀ ਹੈ।

### 6.8.1 ਚੋਣ ਪ੍ਰਕਿਰਿਆ :

ਰਾਜ ਸਭਾ ਦੇ ਮੈਂਬਰ ਦੀ ਚੋਣ ਲੜਨ ਲਈ ਵਿਅਕਤੀ ਨੂੰ ਸੰਵਿਧਾਨ ਵਿਚ ਅੰਕਿਤ ਕਈ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਪਹਿਲੇ ਉਹ ਭਾਰਤ ਦਾ ਨਾਗਰਿਕ ਹੋਵੇ। ਦੂਜੇ ਉਸਦੀ ਉਮਰ 30 ਸਾਲ ਤੋਂ ਘੱਟ ਨਾ ਹੋਵੇ। ਤੀਜੇ, ਉਹ ਕੇਂਦਰੀ ਜਾਂ ਰਾਜ ਸਰਕਾਰ ਦੇ ਲਾਭਦਾਇਕ ਅਹੁਦੇ ਤੇ ਕੰਮ ਨਾ ਕਰਦਾ ਹੋਵੇ। ਚੌਥੇ, ਉਹ ਪਾਗਲ ਜਾਂ ਦਿਵਾਲੀਆ ਨਾ ਹੋਵੇ, ਅਤੇ ਪੰਜਵੇਂ ਉਹ ਸੰਸਦ ਦੁਆਰਾ ਇਸ ਸੰਬੰਧ ਵਿਚ ਨਿਸ਼ਚਿਤ ਕੀਤੀਆਂ ਗਈਆਂ ਬਾਕੀ ਯੋਗਤਾਵਾਂ ਰਖਦਾ ਹੋਵੇ।

ਰਾਜ ਸਭਾ ਇਕ ਸਥਾਈ ਸਦਨ ਹੈ, ਇਸ ਦੇ ਇਕ ਤਿਹਾਈ ਮੈਂਬਰ ਹਰ ਸਾਲ ਬਾਦ ਰਿਟਾਇਰ ਹੋ ਜਾਂਦੇ ਹਨ ਅਤੇ ਇਨ੍ਹਾਂ ਰਿਟਾਇਰ ਹੋਏ ਮੈਂਬਰਾਂ ਦੀ ਥਾਂ ਨਵੇਂ ਮੈਂਬਰ ਚੁਣ ਲਏ ਜਾਂਦੇ ਹਨ। ਇਸ ਤਰ੍ਹਾਂ ਹਰ ਰਾਜ ਸਭਾ ਦੇ ਮੈਂਬਰ ਦੀ ਮਿਆਦ 6 ਸਾਲ ਹੈ ਪ੍ਰੰਤੂ ਕੋਈ ਵੀ ਮੈਂਬਰ ਇਸ ਤੋਂ ਪਹਿਲਾਂ ਵੀ ਆਪਣੇ ਅਹੁਦੇ ਤੋਂ ਤਿਆਗ ਪੱਤਰ

ਦੇ ਸਕਦਾ ਹੈ।

**6.8.2 ਅਧਿਅਕਸ਼ :**

ਭਾਰਤ ਦਾ ਉਪ-ਰਾਸ਼ਟਰਪਤੀ ਰਾਜ ਸਭਾ ਦੇ ਪਦ ਵਜੋਂ (Ex-Officio) ਅਧਿਅਕਸ਼ ਹੁੰਦਾ ਹੈ। ਆਮ ਤੌਰ ਤੇ ਉਹ ਉਹੀ ਸਾਰੇ ਕਾਰਜ ਨਿਭਾਉਂਦਾ ਹੈ ਜੋ ਕਿ ਲੋਕ ਸਭਾ ਦਾ ਸਪੀਕਰ, ਭਾਵੇਂ ਉਸ ਦੀਆਂ ਸ਼ਕਤੀਆਂ ਸਪੀਕਰ ਤੋਂ ਕੁਝ ਘੱਟ ਹਨ। ਉਸ ਤੋਂ ਇਲਾਵਾ ਸਦਨ ਦੇ ਮੈਂਬਰ ਆਪਣੇ ਵਿਚੋਂ ਇਕ ਉਪ-ਅਧਿਅਕਸ਼ ਵੀ ਚੁਣਦੇ ਹਨ ਜੋ ਕਿ ਉਪ-ਰਾਸ਼ਟਰਪਤੀ (ਰਾਜ ਸਭਾ ਦੇ ਅਧਿਅਕਸ਼) ਦੀ ਗੈਰ-ਹਾਜ਼ਰੀ ਵਿਚ ਉਸ ਦੇ ਕਾਰਜ ਨਿਭਾਉਂਦਾ ਹੈ।

**6.9 ਰਾਜ ਸਭਾ ਦੀਆਂ ਸ਼ਕਤੀਆਂ (Powers of the Rajya Sabha)**

ਰਾਜ ਸਭਾ ਨੂੰ ਕਈ ਪ੍ਰਕਾਰ ਦੀਆਂ ਵਿਧਾਨਿਕ, ਕਾਰਜਕਾਰੀ, ਵਿੱਤੀ, ਨਿਆਂਇਕ ਅਤੇ ਚੋਣ ਸੰਬੰਧੀ ਸ਼ਕਤੀਆਂ ਪ੍ਰਾਪਤ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. **ਵਿਧਾਨਕ ਸ਼ਕਤੀਆਂ (Legislative Powers) :-** ਰਾਜ ਸਭਾ ਲੋਕ ਸਭਾ ਨਾਲ ਮਿਲਕੇ ਕਾਨੂੰਨ ਨਿਰਮਾਣ ਦਾ ਕੰਮ ਕਰਦੀ ਹੈ। ਕੋਈ ਬਿਲ ਉਦੋਂ ਤਕ ਕਾਨੂੰਨ ਨਹੀਂ ਬਣ ਸਕਦਾ ਜਦੋਂ ਤਕ ਸੰਸਦ ਦੇ ਦੋਵੇਂ ਸਦਨ ਉਸ ਨੂੰ ਪਾਸ ਨਾ ਕਰ ਦੇਣ। ਸਾਧਾਰਣ ਬਿਲਾਂ ਨੂੰ ਰਾਜ ਸਭਾ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ। ਜਿਥੋਂ ਤਕ ਇਸ ਦੀਆਂ ਸਾਧਾਰਣ ਬਿਲ ਨਾਲ ਸੰਬੰਧਿਤ ਸ਼ਕਤੀਆਂ ਦਾ ਪ੍ਰਬੰਧ ਹੈ ਜੇਕਰ ਕੋਈ ਗੈਰ ਵਿੱਤੀ ਬਿਲ ਲੋਕ ਸਭਾ ਵਲੋਂ ਪਾਸ ਕਰਕੇ ਇਸ ਕੋਲ ਭੇਜਿਆ ਜਾਂਦਾ ਹੈ ਤਾਂ ਉਹ ਬਿਲ ਇਸ ਨੂੰ 6 ਮਹੀਨੇ ਦੇ ਅੰਦਰ-ਅੰਦਰ ਵਾਪਿਸ ਕਰਨਾ ਪੈਂਦਾ ਹੈ। ਜੇਕਰ ਉਹ ਇਹ ਪਾਸ ਕੀਤੇ ਬਿਲ ਉੱਤੇ 6 ਮਹੀਨੇ ਤਕ ਕੋਈ ਕਾਰਵਾਈ ਨਹੀਂ ਕਰਦੀ ਤਾਂ ਇਸ ਮਿਆਦ ਤੋਂ ਬਾਅਦ ਇਸ ਨੂੰ ਪਾਸ ਹੋਇਆ ਸਮਝ ਕੇ ਲੋਕ ਸਭਾ ਵਲੋਂ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਜਾਂਦਾ ਹੈ।

ਜੇਕਰ ਲੋਕ ਸਭਾ ਦੁਆਰਾ ਪਾਸ ਕੀਤੇ ਬਿਲ ਉੱਤੇ ਰਾਜ ਸਭਾ ਅਜਿਹੇ ਇਤਰਾਜ ਲਗਾ ਕੇ ਵਾਪਿਸ ਕਰ ਦੇਵੇ ਜੋ ਕਿ ਉਸ ਨੂੰ ਮਨਜ਼ੂਰ ਨਹੀਂ ਹਨ ਦੋਵੇਂ ਸਦਨਾਂ ਦੇ ਮੱਤ-ਭੇਦ ਕਰਨ ਲਈ ਉਹ ਇਹ ਬਿਲ ਦੋਹਾਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਂਝੇ ਇਜਲਾਸ ਵਿਚ ਜਿੱਤ ਲੋਕ ਸਭਾ ਦੀ ਸੁਭਾਵਿਕ ਹੈ ਕਿਉਂਕਿ ਲੋਕ ਸਭਾ ਦੇ ਮੈਂਬਰਾਂ ਦੀ ਗਿਣਤੀ ਰਾਜ ਸਭਾ ਦੇ ਮੈਂਬਰਾਂ ਨਾਲੋਂ ਦੁਗਣੀ ਤੋਂ ਵੀ ਜ਼ਿਆਦਾ ਹੁੰਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸਾਧਾਰਨ ਬਿਲਾਂ ਦੇ ਸੰਬੰਧ ਵਿਚ ਲੋਕ ਸਭਾ ਕੇਵਲ 6 ਮਹੀਨੇ ਤੱਕ ਅਟਕਾ ਸਕਦੀ ਹੈ ਇਸ ਤੋਂ ਵੱਧ ਕੁਝ ਨਹੀਂ ਕਰ ਸਕਦੀ।

2. **ਕਾਰਜਕਾਰੀ ਸ਼ਕਤੀਆਂ (Executive Powers)** :- ਰਾਜ ਸਭਾ ਕੋਲ ਕੋਈ ਮਹੱਤਵਪੂਰਨ ਕਾਰਜਕਾਰੀ ਸ਼ਕਤੀਆਂ ਨਹੀਂ। ਇਹ ਠੀਕ ਹੈ ਕਿ ਰਾਜ ਸਭਾ ਦੇ ਮੈਂਬਰ ਪ੍ਰਸ਼ਨਾਂ ਰਾਹੀਂ ਮੰਤਰੀਆਂ ਪਾਸੋਂ ਉਨ੍ਹਾਂ ਦੇ ਵਿਭਾਗਾਂ ਸੰਬੰਧੀ ਸੂਚਨਾ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਸਥਗਨ ਅਤੇ (Adjourment Motion) ਅਤੇ ਧਿਆਨ ਦਿਵਾਉ ਮਤੇ (Call Attention Motion) ਦੁਆਰਾ ਰਾਜ ਸਭਾ ਦੇ ਮੈਂਬਰ ਸਰਕਾਰ ਦੀ ਆਲੋਚਨਾ ਕਰ ਸਕਦੇ ਹਨ। ਅਜਿਹੀ ਆਲੋਚਨਾ ਦਾ ਮੰਤਰੀ ਮੰਡਲ ਦੀ ਨੀਤੀ ਉੱਤੇ ਪ੍ਰਭਾਵ ਪੈ ਸਕਦਾ ਹੈ ਪ੍ਰੰਤੂ ਉਸ ਦੇ ਕਾਰਜਕਾਰ ਉਤੇ ਕੋਈ ਅਸਰ ਨਹੀਂ ਪੈਂਦਾ। ਇਸ ਦਾ ਅਰਥ ਇਹ ਹੋਇਆ ਕਿ ਰਾਜ ਸਭਾ ਲੋਕ ਸਭਾ ਦੀ ਤਰ੍ਹਾਂ ਮੰਤਰੀ ਪ੍ਰੀਸ਼ਦ ਦੇ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਉਸ ਦਾ ਅਹੁਦਾ ਛੱਡਣ ਲਈ ਮਜ਼ਬੂਰ ਨਹੀਂ ਕਰ ਸਕਦੀ।

3. **ਨਿਆਂਇਕ ਸ਼ਕਤੀਆਂ (Judicial Powers) :-** ਰਾਜ ਸਭਾ ਲੋਕ ਸਭਾ ਨਾਲ ਮਿਲਕੇ ਕੁਝ ਨਿਆਂਇਕ ਸ਼ਕਤੀਆਂ ਦੀ ਵਰਤੋਂ ਕਰਦੀ ਹੈ। ਇਹ ਸ਼ਕਤੀਆਂ ਨਿਮਨਲਿਖਤ ਹਨ:-

1 ਰਾਜ ਸਭਾ ਰਾਸ਼ਟਰਪਤੀ ਦੇ ਵਿਰੁੱਧ ਮਹਾਂਦੋਸ਼ ਦੇ ਮੁਕੱਦਮੇ ਵਿਚ ਹਿੱਸਾ ਲੈਂਦੀ ਹੈ। ਸੰਸਦ ਦੇ ਦੋਨਾਂ ਸਦਨਾਂ ਵਿਚੋਂ ਕੋਈ ਵੀ ਸਦਨ ਸੰਵਿਧਾਨ ਵਿਚ ਨਿਸ਼ਚਿਤ ਨਿਯਮਾਂ ਅਨੁਸਾਰ ਰਾਸ਼ਟਰਪਤੀ ਤੇ ਇਲਜ਼ਾਮ ਲਗਾ ਸਕਦਾ ਹੈ ਅਤੇ ਜੇਕਰ ਦੂਸਰਾ ਸਦਨ ਛਾਣਬੀਣ ਤੋਂ ਬਾਅਦ ਇਸ ਇਲਜ਼ਾਮ ਦੇ ਹੱਕ ਵਿਚ 2/3 ਬਹੁਮਤ ਨਾਲ ਮਤਾ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਨੂੰ ਆਪਣਾ ਅਹੁੱਦਾ ਤਿਆਗਣਾ ਪੈਂਦਾ ਹੈ।

2 ਉਪ-ਰਾਸ਼ਟਰਪਤੀ ਦੇ ਵਿਰੁੱਧ ਇਲਜ਼ਾਮ ਕੇਵਲ ਰਾਜ ਸਭਾ ਹੀ ਲਗਾ ਸਕਦੀ ਹੈ, ਪ੍ਰੰਤੂ ਉਸ ਨੂੰ ਪਦਵੀ ਤੋਂ ਉਸ ਸਮੇਂ ਤਕ ਨਹੀਂ ਹਟਾਇਆ ਜਾ ਸਕਦਾ ਜਦੋਂ ਤੱਕ ਲੋਕ ਸਭਾ ਇਨ੍ਹਾਂ ਇਲਜ਼ਾਮਾਂ ਦਾ ਅਨੁਮੋਦਨ ਨਾ ਕਰ ਦੇਵੇ।

3 ਰਾਜ ਸਭਾ ਲੋਕ ਸਭਾ ਨਾਲ ਮਿਲਕੇ ਸਰਬ-ਉੱਚ ਅਦਾਲਤ ਅਤੇ ਉੱਚ ਅਦਾਲਤ ਦੇ ਜੱਜਾਂ ਵਿਰੁੱਧ ਦੋਸ਼ ਮਤੇ ਪਾਸ ਕਰ ਸਕਦੀ ਹੈ। ਜੇਕਰ ਕਿਸੇ ਜੱਜ ਵਿਰੁੱਧ ਅਜਿਹਾ ਮੱਤਾ ਦੋਨੋਂ ਸਦਨ ਪਾਸ ਕਰ ਦੇਂਦੇ ਹਨ

ਤਾਂ ਉਸ ਨੂੰ ਆਪਣਾ ਅਹੁੱਦਾ ਤਿਆਗਣਾ ਪੈਂਦਾ ਹੈ।

4. **ਵਿੱਤੀ ਸ਼ਕਤੀਆਂ (Financial Powers) :-** ਰਾਜ ਸਭਾ ਦਾ ਰਾਸ਼ਟਰ ਦੇ ਵਿੱਤ ਤੇ ਕੋਈ ਨਿਯੰਤਰਣ ਨਹੀਂ। ਧੰਨ ਬਿਲ ਅਤੇ ਵਾਰਸ਼ਿਕ ਬਜਟ ਰਾਜ ਸਭਾ ਵਿਚ ਆਰੰਭ ਨਹੀਂ ਕੀਤੇ ਜਾ ਸਕਦੇ। ਵਾਰਸ਼ਿਕ ਬਜਟ ਲੋਕ ਸਭਾ ਵਿਚ ਪਾਸ ਹੋਣ ਮਗਰੋਂ ਰਾਜ ਸਭਾ ਕੋਲ ਸਿਰਫ ਸਲਾਹ ਜਾਂ ਸਿਫਾਰਸ਼ਾਂ ਲਈ ਭੇਜਿਆ ਜਾਂਦਾ ਹੈ। ਰਾਜ ਸਭਾ ਧੰਨ ਬਿਲ ਨੂੰ ਰੱਦ ਕਰ ਦੇਵੇ, ਜਾਂ ਉਸ ਵਿਚ ਕੋਈ ਤਰਮੀਮ ਦਾ ਸੁਝਾਅ ਦੇਵੇ ਜਾਂ 14 ਦਿਨ ਤੱਕ ਉਸ ਬਿਲ ਉਤੇ ਕੋਈ ਕਾਰਵਾਈ ਨਾ ਕਰੇ ਤਾਂ ਇਨ੍ਹਾਂ ਸਾਰੀਆਂ ਹਾਲਤਾਂ ਵਿਚ ਉਸ ਬਿਲ ਰਾਜ ਸਭਾ ਵਲੋਂ ਪਾਸ ਸਮਝਿਆ ਜਾਂਦਾ ਹੈ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਜਾਂਦਾ ਹੈ।

5. **ਚੋਣ ਸੰਬੰਧੀ ਸ਼ਕਤੀਆਂ (Electoral Powers) :-** ਰਾਜ ਸਭਾ ਨੂੰ ਕੁਝ ਚੋਣ ਸੰਬੰਧੀ ਸ਼ਕਤੀਆਂ ਵੀ ਪ੍ਰਾਪਤ ਹਨ। ਇਸ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਵਿਚ ਹਿੱਸਾ ਲੈਂਦੇ ਹਨ। ਉਪ ਰਾਸ਼ਟਰਪਤੀ ਦੀ ਚੋਣ ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰਾਂ (ਨਾਮਜ਼ਦ ਅਤੇ ਚੁਣੇ ਹੋਏ) ਦੁਆਰਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਰਾਜ ਸਭਾ ਆਪਣੇ ਵਿਚੋਂ ਇਕ ਮੈਂਬਰ ਨੂੰ ਉਪ ਅਧਿਅਕਸ਼ ਵੀ ਚੁਣਦੀ ਹੈ ਜੋ ਕਿ ਉਪ ਰਾਸ਼ਟਰਪਤੀ ਦੀ ਗੈਰ ਹਾਜ਼ਰੀ ਵਿਚ ਅਧਿਅਕਸ਼ ਦੇ ਤੌਰ ਤੇ ਕੰਮ ਕਰਦਾ ਹੈ।

6. **ਸੰਵਿਧਾਨਿਕ ਸ਼ਕਤੀਆਂ (Constituent Powers) :-** ਰਾਜ ਸਭਾ ਲੋਕ ਸਭਾ ਨਾਲ ਮਿਲਕੇ ਸੰਵਿਧਾਨ ਵਿਚ ਤਰਮੀਮ ਵੀ ਕਰ ਸਕਦੀ ਹੈ। ਤਰਮੀਮ ਸੰਬੰਧੀ ਬਿਲ ਸੰਸਦ ਦੇ ਦੋਹਾਂ ਸਦਨਾਂ ਵਿਚੋਂ ਕਿਸੇ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਤਰਮੀਮ ਬਿਲ ਨੂੰ ਤਰਮੀਮ ਐਕਟ ਬਣਨ ਲਈ ਦੋਹਾਂ ਸਦਨਾਂ ਵਿਚੋਂ ਨਿਯਮਾਂ ਅਨੁਸਾਰ ਨਿਸ਼ਚਿਤ ਬਹੁਮਤ ਅਨੁਸਾਰ ਹੋਣਾ ਜ਼ਰੂਰੀ ਹੈ। ਸੰਵਿਧਾਨਿਕ ਤਰਮੀਮ ਸੰਬੰਧੀ ਦੋਨੋਂ ਸਦਨਾਂ ਦੇ ਆਪਣੇ ਮਤਭੇਦ ਨੂੰ ਦੂਰ ਕਰਨ ਲਈ ਸੰਵਿਧਾਨ ਵਿਚ ਕੋਈ ਸਪੱਸ਼ਟ ਵਿਵਸਥਾ ਨਹੀਂ ਕੀਤੀ ਗਈ ਹੈ। ਅਨੁਛੇਦ 368 ਜਿਸ ਵਿਚ ਤਰਮੀਮ ਕਰਨ ਦੀ ਵਿਧੀ ਅੰਕਿਤ ਕੀਤੀ ਗਈ ਹੈ ਇਹ ਨਹੀਂ ਦੱਸਿਆ ਗਿਆ ਕਿ ਸੰਵਿਧਾਨਿਕ ਤਰਮੀਮ ਸੰਬੰਧੀ ਦੋਹਾਂ ਸਦਨਾਂ ਦੇ ਮਤਭੇਦ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇਗਾ। ਪਰੰਤੂ ਇਹ ਸਮਝਿਆ ਜਾਂਦਾ ਹੈ ਕਿ ਜੇ ਸੰਵਿਧਾਨਕ ਸੋਧ ਲੋਕ ਸਭਾ ਦੁਆਰਾ ਪਾਸ ਹੋ ਜਾਵੇ ਅਤੇ ਰਾਜ ਸਭਾ ਉਸ ਨੂੰ ਰੱਦ ਕਰ ਦੇਵੇ ਤਾਂ ਉਹ ਖਤਮ ਹੋ ਜਾਵੇਗੀ ਜਿਵੇਂ ਕਿ 1989 ਦੀ ਚੋਣਾਂ ਤੋਂ ਪਹਿਲਾਂ ਕਾਂਗਰਸ ਸਰਕਾਰ ਦੁਆਰਾ ਪੇਸ਼ ਕੀਤੀਆਂ ਦੋ ਸੋਧਾਂ (63rd ਅਤੇ 64th) ਲੋਕ ਸਭਾ ਨੇ ਤਾਂ ਪਾਸ ਕਰ ਦਿੱਤੀਆਂ ਸਨ ਪਰ ਰਾਜ ਸਭਾ ਨੇ ਰੱਦ ਕਰ ਦਿੱਤੀਆਂ। ਇਹ ਦੋਵੇਂ ਸੋਧ ਬਿਲ (ਪੰਚਾਇਤਾਂ ਬਾਰੇ ਨਗਰਪਾਲਿਕਾ ਬਾਰੇ) ਖਤਮ ਹੋ ਗਏ ਸਨ। ਇਥੇ ਇਹ ਨੋਟ ਕਰਨ ਯੋਗ ਹੈ ਕਿ ਪੰਚਾਇਤਾਂ ਅਤੇ ਨਗਰ-ਪਾਲਿਕਾ ਸੰਬੰਧੀ ਹੁਣ 73ਵੀਂ ਸੰਵਿਧਾਨਿਕ ਸੋਧ 1993 ਵਿਚ ਪਾਸ ਕੀਤੀ ਗਈ ਹੈ।

7. **ਵਿਸ਼ੇਸ਼ ਸ਼ਕਤੀਆਂ (Special Powers) :-** ਰਾਜ ਸਭਾ ਨੂੰ ਕੁਝ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ ਜੋ ਲੋਕ ਸਭਾ ਨੂੰ ਨਹੀਂ। ਪਹਿਲੇ ਰਾਜ ਸਭਾ ਹਾਜ਼ਰ ਅਤੇ ਵੋਟ ਦੇਣ ਵਾਲੀਆਂ ਮੈਂਬਰਾਂ ਦੀ ਦੋ ਤਿਹਾਈ ਬਹੁਮਤ ਨਾਲ ਮਤਾ ਪਾਸ ਕਰਕੇ ਨਵੀਂ ਹਿੰਦ ਸੇਵਾਵਾਂ ਨੂੰ ਸਥਾਪਿਤ ਕਰਨ ਦਾ ਅਧਿਕਾਰ ਸੰਸਦ ਨੂੰ ਦੇ ਸਕਦੀ ਹੈ। ਦੂਜੇ, ਜੇਕਰ ਰਾਜ ਸਭਾ 2/3 ਬਹੁਮਤ ਨਾਲ ਪਾਸ ਕਰ ਦੇਵੇ ਕਿ ਰਾਜ ਸੂਚੀ ਵਿਚ ਅੰਕਿਤ ਕਿਸੇ ਵਿਸ਼ੇ ਉਤੇ ਸੰਸਦ ਦੁਆਰਾ ਕਾਨੂੰਨ ਰਾਸ਼ਟਰਪਤੀ ਹਿੱਤਾਂ ਲਈ ਜ਼ਰੂਰੀ ਹੈ ਤਾਂ ਸੰਸਦ ਨੂੰ ਉਸ ਵਿਸ਼ੇ ਤੇ ਕਾਨੂੰਨ ਨਿਰਮਾਣ ਕਰਨ ਦੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ।

ਉਪਰ ਦਿੱਤੀਆਂ ਰਾਜ ਸਭਾ ਦੀਆਂ ਸ਼ਕਤੀਆਂ ਦੇ ਵਿਵਰਣ ਤੋਂ ਸਪੱਸ਼ਟ ਹੈ ਕਿ ਰਾਜ ਸਭਾ ਦੀ ਸਥਿਤੀ ਲੋਕ ਸਭਾ ਦੇ ਮੁਕਾਬਲੇ ਬੜੀ ਕਮਜ਼ੋਰ ਹੈ। ਵਿਧਾਨਿਕ ਖੇਤਰ ਵਿਚ ਲੋਕ ਸਭਾ ਦੇ ਮੁਕਾਬਲੇ ਵਿਚ ਇਸ ਦੀ ਸਥਿਤੀ ਬਹੁਤ ਪਤਲੀ ਹੈ। ਸਾਧਾਰਣ ਬਿਲ ਨੂੰ ਇਹ ਵੱਧ ਤੋਂ ਵੱਧ 6 ਮਹੀਨੇ ਅਤੇ ਧੰਨ ਬਿਲ ਨੂੰ 14 ਦਿਨ ਤੱਕ ਅਟਕਾ ਸਕਦੀ ਹੈ। ਕਾਰਜਪਾਲਿਕਾ ਉਤੇ ਕੰਟਰੋਲ ਸੰਬੰਧੀ ਇਸ ਸਦਨ ਕੋਲ ਕੋਈ ਸ਼ਕਤੀ ਨਹੀਂ ਹੈ। ਰਾਜ ਸਭਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪ੍ਰੀਸ਼ਦ ਨੂੰ ਤਿਆਗ ਪੱਤਰ ਦੇਣ ਲਈ ਮਜ਼ਬੂਰ ਨਹੀਂ ਕਰ ਸਕਦੀ। ਦਰਅਸਲ, ਸੰਵਿਧਾਨ ਵਿਚ ਬਹੁਤ ਸਾਰੀਆਂ, ਸੰਸਦ ਨੂੰ ਦਿੱਤੀਆਂ ਸ਼ਕਤੀਆਂ ਅਸਲ ਵਿਚ ਲੋਕ ਸਭਾ ਦੀਆਂ ਸ਼ਕਤੀਆਂ ਹਨ। ਪ੍ਰੰਤੂ ਇਸ ਦਾ ਇਹ ਅਰਥ ਨਹੀਂ ਕਿ ਰਾਜ ਸਭਾ ਦੀ ਹੋਂਦ ਬਿਲਕੁਲ ਵਿਅਰਥ ਹੈ। ਠੀਕ ਹੈ ਕਿ ਰਾਜ ਸਭਾ ਲੋਕ ਸਭਾ ਦੇ ਮੁਕਾਬਲੇ ਕਮਜ਼ੋਰ ਹੈ ਪਰ ਫਿਰ ਵੀ ਇਸ ਨੂੰ ਕੁਝ ਮਹੱਤਵਪੂਰਣ ਸ਼ਕਤੀਆਂ ਹਾਸਲ ਹਨ। ਉਦਾਹਰਣ ਵਜੋਂ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਵਿਚ ਅਤੇ ਉਨ੍ਹਾਂ ਵਿਰੁੱਧ ਮਹਾਂ ਦੋਸ਼ ਦਾ ਮੁਕੱਦਮਾ ਚਲਾਉਣ ਲਈ ਅਤੇ

ਸੰਵਿਧਾਨਿਕ ਸੋਧਾਂ ਨੂੰ ਪਾਸ ਕਰਨ ਲਈ ਰਾਜ ਸਭਾ ਲੋਕ ਸਭਾ ਤੋਂ ਘੱਟ ਸ਼ਕਤੀਸ਼ਾਲੀ ਨਹੀਂ ਸਗੋਂ ਉਪ ਰਾਸ਼ਟਰਪਤੀ ਵਿਰੁੱਧ ਪਹਿਲਾਂ ਰਾਜ ਸਭਾ ਹੀ ਮਹਾਂ ਅਭਿਯੋਗ ਦਾ ਪ੍ਰਸਤਾਵ ਪਾਸ ਕਰ ਸਕਦੀ ਹੈ, ਲੋਕ ਸਭਾ ਨਹੀਂ। ਇਸ ਤੋਂ ਇਲਾਵਾ ਰਾਜ ਸਭਾ ਕੋਲ ਕੁਝ ਅਜਿਹੀਆਂ ਵਿਸ਼ੇਸ਼ ਸ਼ਕਤੀਆਂ ਵੀ ਹਨ (ਜਿਨ੍ਹਾਂ ਦਾ ਜ਼ਿਕਰ ਉਪਰ ਕੀਤਾ ਜਾ ਚੁੱਕਾ ਹੈ) ਜੋ ਲੋਕ ਸਭਾ ਕੋਲ ਨਹੀਂ। ਇਨ੍ਹਾਂ ਸ਼ਕਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਸਦਨ ਵਿਅਰਥ ਨਹੀਂ ਸਗੋਂ ਇਹ ਦੇਸ਼ ਦੀ ਰਾਜਨੀਤੀ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

### ਸਵੈ-ਅਭਿਆਸ ਪ੍ਰਸ਼ਨਾਵਲੀ-।

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

1) ਰਾਜ ਸਭਾ ਦਾ ਅਧਿਅਕਸ਼ ਕੌਣ ਹੈ?

2) ਰਾਜ ਸਭਾ ਦੀਆਂ ਕੋਈ ਦੋ ਸ਼ਕਤੀਆਂ ਲਿਖੋ।

3) ਕੀ ਰਾਸ਼ਟਰਪਤੀ ਕਿਸੇ ਵੀ ਸਭਾ ਦਾ ਮੈਂਬਰ ਹੁੰਦਾ ਹੈ?

## 6.10 ਭਾਰਤੀ ਸੰਸਦ ਦੀ ਸਥਿਤੀ (Position of Indian Parliament)

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੰਸਦ ਭਾਰਤੀ ਰਾਜਨੀਤਿਕ ਪ੍ਰਣਾਲੀ ਦਾ ਇਕ ਮਹੱਤਵਪੂਰਣ ਅੰਗ ਹੈ। ਸੰਘੀ ਖੇਤਰ ਵਿਚ ਕਾਨੂੰਨ ਬਣਾਉਣ ਦੀ ਸਰਵ ਉੱਚ ਸ਼ਕਤੀ ਇਸ ਦੇ ਕੋਲ ਹੈ। ਇਹ ਸੰਘੀ ਕਾਰਜਪਾਲਿਕਾ ਤੇ ਪੂਰੇ ਨਿਯੰਤਰਣ ਰਖਦੀ ਹੈ ਅਤੇ ਜੇਕਰ ਉਹ ਲੋਕਾਂ ਦੀ ਇੱਛਾ ਦੇ ਅਨੁਸਾਰ ਕੰਮ ਨਹੀਂ ਕਰ ਰਹੀ ਤਾਂ ਉਸ ਦੇ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਉਸ ਨੂੰ ਅਹੁਦਾ ਛੱਡਣ ਲਈ ਮਜ਼ਬੂਰ ਕਰ ਸਕਦੀ ਹੈ। ਰਾਸ਼ਟਰ ਦੇ ਵਿੱਤ ਉਤੇ ਵੀ ਇਸ ਦਾ ਪੂਰਾ ਨਿਯੰਤਰਣ ਹੈ। ਇਸ ਦੀ ਮਨਜ਼ੂਰੀ ਤੋਂ ਬਿਨਾਂ ਰਾਸ਼ਟਰੀ ਧਨ ਦਾ ਇਕ ਪੈਸਾ ਵੀ ਖਰਚ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਇਸ ਕੋਲ ਅਨੇਕਾਂ ਚੋਣ ਸੰਬੰਧੀ ਅਤੇ ਅਹੁਦੇਦਾਰਾਂ ਨੂੰ ਹਟਾਉਣ ਸਬੰਧੀ ਸ਼ਕਤੀਆਂ ਹਨ। ਪ੍ਰੰਤੂ ਇਨ੍ਹਾਂ ਸ਼ਕਤੀਆਂ ਦੇ ਬਾਵਜੂਦ ਭਾਰਤੀ ਸੰਸਦ ਇੰਗਲੈਂਡ ਦੇ ਸੰਸਦ ਦੀ ਤਰ੍ਹਾਂ ਪ੍ਰਭੂਸੱਤਾ ਸਪੰਨ ਨਹੀਂ ਹੈ। ਇਸ ਦੀਆਂ ਸ਼ਕਤੀਆਂ ਉਤੇ ਅਨੇਕਾਂ ਕਾਨੂੰਨੀ ਬੰਦਸ਼ਾਂ ਹਨ ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ :-

1 ਸਾਧਾਰਨ ਸਥਿਤੀ ਵਿਚ ਇਹ ਰਾਜ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਕਾਨੂੰਨ ਦਾ ਨਿਰਮਾਣ ਨਹੀਂ ਕਰ ਸਕਦੀ। ਇਸ ਸੂਚੀ ਵਿਚ ਅੰਕਿਤ ਵਿਸ਼ਿਆਂ ਤੇ ਰਾਜ ਸਰਕਾਰਾਂ ਹੀ ਕਾਨੂੰਨ ਬਣਾ ਸਕਦੀਆਂ ਹਨ। ਇਸ ਦਾ ਭਾਵ ਇਹ ਹੋਇਆ ਕਿ ਭਾਰਤੀ ਸੰਸਦ ਦੀਆਂ ਸ਼ਕਤੀਆਂ ਨਿਸ਼ਚਿਤ ਹਨ ਅਤੇ ਇਹ ਇਸ ਨਿਸ਼ਚਿਤ ਖੇਤਰ ਦੇ ਅੰਦਰ ਹੀ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ।

2 ਭਾਰਤੀ ਸੰਸਦ ਕਿਸੇ ਅਜਿਹੇ ਕਾਨੂੰਨ ਦਾ ਨਿਰਮਾਣ ਨਹੀਂ ਕਰ ਸਕਦੀ ਹੈ ਜੋ ਕਿ ਸੰਵਿਧਾਨ ਦੇ ਤੀਜੇ ਅਧਿਆਏ ਵਿਚ ਦਿੱਤੇ ਗਏ ਮੌਲਿਕ ਅਧਿਕਾਰਾਂ ਨੂੰ ਸਮਾਪਤ ਜਾਂ ਸੀਮਤ ਕਰਦਾ ਹੈ। ਉਸ ਦੀ ਸ਼ਕਤੀ ਉੱਤੇ ਇਹ ਪਾਬੰਦੀ ਉਸ ਦੇ ਪ੍ਰਭੂ ਸਤਾਧਾਰੀ ਬਣਨ ਵਿਚ ਇਕ ਰੁਕਾਵਟ ਹੈ।

3 ਸੰਸਦ ਦੁਆਰਾ ਪਾਸ ਕੀਤਾ ਕੋਈ ਵੀ ਬਿਲ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਿਨਾਂ ਕਾਨੂੰਨ ਨਹੀਂ ਬਣ ਸਕਦਾ। ਰਾਸ਼ਟਰਪਤੀ ਆਪਣੀ ਪ੍ਰਵਾਨਗੀ ਦੇਣ ਤੋਂ ਇਕ ਵਾਰ ਇਨਕਾਰ ਕਰ ਸਕਦਾ ਹੈ, ਪ੍ਰੰਤੂ ਜੇਕਰ ਇਹ ਬਿਲ ਸੰਸਦ ਦੁਬਾਰਾ ਪਾਸ ਕਰਕੇ ਭੇਜ ਦੇਵੇ ਤਾਂ ਉਸ ਨੂੰ ਪ੍ਰਵਾਨਗੀ ਦੇਣੀ ਪੈਂਦੀ ਹੈ।

4 ਕੁਝ ਵਿਸ਼ਿਆਂ ਸੰਬੰਧੀ ਬਿਲਾਂ ਨੂੰ ਸੰਸਦ ਵਿਚ ਪੇਸ਼ ਕਰਨ ਲਈ ਰਾਸ਼ਟਰਪਤੀ ਦੀ ਅਗੇਤਰੀ ਸਿਫਾਰਸ਼ ਜ਼ਰੂਰੀ ਹੈ। ਰਾਸ਼ਟਰਪਤੀ ਦੀ ਇਹ ਸ਼ਕਤੀ ਸੰਸਦ ਦੀ ਪ੍ਰਭੂਸੱਤਾ ਉਤੇ ਇਕ ਰੋਕ ਹੈ।

5 ਸੰਸਦ ਰਾਹੀ ਬਣਾਏ ਕਾਨੂੰਨਾਂ ਦੀ ਸੰਵਿਧਾਨਿਕਤਾ ਨੂੰ ਕਿਸੇ ਵੀ ਵਿਅਕਤੀ ਦੁਆਰਾ ਨਿਆਂ-ਪਾਲਿਕਾ ਵਿਚ ਵੰਗਾਰਿਆ ਜਾ ਸਕਦਾ ਹੈ। ਜੇਕਰ ਅਦਾਲਤਾਂ ਇਹ ਅਨੁਭਵ ਕਰਨ ਕਿ ਸੰਸਦ ਦਾ ਬਣਾਇਆ ਕੋਈ ਕਾਨੂੰਨ ਸੰਵਿਧਾਨ ਦੀ ਕਿਸੇ ਧਾਰਾ ਦੇ ਅਨੁਛੇਦ ਦੀ ਉਲੰਘਣਾ ਕਰਦਾ ਹੈ ਤਾਂ ਉਹ ਇਸ ਕਾਨੂੰਨ ਨੂੰ ਰੱਦ ਕਰ ਸਕਦੀਆਂ ਹਨ।

6 ਸੰਵਿਧਾਨ ਵਿਚ ਸੋਧ ਕਰਨ ਦੀ ਸ਼ਕਤੀ ਵੀ ਅਸੀਮਤ ਨਹੀਂ। ਸੰਸਦ ਦੁਆਰਾ ਪਾਸ ਕੀਤੀ ਗਈ

ਸੋਧ ਨੂੰ ਵੀ ਕੋਰਟ ਵਿਚ ਵੰਗਾਰਿਆ ਜਾ ਸਕਦਾ ਹੈ ਅਤੇ ਸੁਪਰੀਮ ਕੋਰਟ ਅਤੇ ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਦਾ ਪ੍ਰਯੋਗ ਕਰਕੇ ਕਿਸੇ ਐਸੀ ਸੋਧ ਨੂੰ ਰੱਦ ਕਰ ਸਕਦਾ ਹੈ ਜੋ ਸੰਵਿਧਾਨ ਦੇ ਮੌਲਿਕ ਢਾਂਚੇ ਵਿਚ ਬਦਲਾਓ ਲਿਆਉਂਦੀ ਹੈ।

7 ਸੰਵਿਧਾਨ ਵਿਚ ਕਈ ਅਜਿਹੇ ਅਨੁਛੇਦ ਅਤੇ ਧਾਰਾਵਾਂ ਹਨ ਜਿਨ੍ਹਾਂ ਵਿਚ ਸੰਸਦ ਇਕਲਿਆਂ ਕਿਸੇ ਪ੍ਰਕਾਰ ਦੀ ਸੋਧ ਨਹੀਂ ਕਰ ਸਕਦੀ। ਅਜਿਹੇ ਅਨੁਛੇਦਾਂ ਵਿਚ ਸੋਧ ਕਰਨ ਲਈ ਸੰਸਦ ਦੇ ਨਾਲ ਨਾਲ ਰਾਜਾਂ ਦੀ ਸਵੀਕ੍ਰਿਤੀ ਵੀ ਜ਼ਰੂਰੀ ਹੈ।

ਉਪਰ ਦਿੱਤੀਆਂ ਗਈਆਂ ਸੰਸਦ ਦੀਆਂ ਸ਼ਕਤੀਆਂ ਤੇ ਬੰਦਸ਼ਾਂ ਨੂੰ ਧਿਆਨ ਵਿਚ ਰਖਦੇ ਹੋਏ ਬਿਨਾਂ ਕਿਸੇ ਸ਼ੱਕ ਤੋਂ ਇਹ ਗੱਲ ਕਹੀ ਜਾ ਸਕਦੀ ਹੈ ਕਿ ਭਾਰਤੀ ਸੰਸਦ ਪ੍ਰਭੂਸੱਤਾ ਸੰਪੰਨ ਸੰਸਥਾ ਨਹੀਂ ਹੈ। ਇਸ ਨੂੰ ਸੰਵਿਧਾਨ ਵਿਚ ਲਿਖੇ ਉਪਬੰਧਾਂ ਅਨੁਸਾਰ ਹੀ ਆਪਣੀ ਸ਼ਕਤੀ ਦਾ ਪ੍ਰਯੋਗ ਕਰਨਾ ਪੈਂਦਾ ਹੈ। ਇਸ ਦੇ ਬਣਾਏ ਕਾਨੂੰਨਾਂ ਨੂੰ ਰਾਸ਼ਟਰਪਤੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਸਕਦਾ ਹੈ ਅਤੇ ਇਸ ਦੁਆਰਾ ਪਾਸ ਕੀਤੇ ਕਾਨੂੰਨਾਂ ਨੂੰ ਅਦਾਲਤਾਂ ਅਸੰਵਿਧਾਨਿਕ ਘੋਸ਼ਿਤ ਕਰ ਸਕਦੀਆਂ ਹਨ।

## ਸਵੈ-ਅਭਿਆਸ ਪ੍ਰਸ਼ਨਾਵਲੀ-III

**ਨੋਟ** : ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਉ।

ਹੇਠ ਲਿਖੇ ਕਥਨ 'ਠੀਕ' ਹਨ ਜਾਂ 'ਗਲਤ'

1) ਸੰਘੀ ਸਿਧਾਂਤ ਨੂੰ ਧਿਆਨ ਵਿਚ ਰਖਦੇ ਹੋਏ ਭਾਰਤੀ ਸੰਸਦ ਦੇ ਉਪਰਲੇ ਸਦਨ (ਰਾਜ ਸਭਾ) ਵਿਚ ਰਾਜਾਂ ਨੂੰ ਸਾਮਾਨ ਪ੍ਰਤੀਨਿਧਤਵ ਦਿੱਤਾ ਗਿਆ ਹੈ।

2) ਸੰਸਦ ਦੁਆਰਾ ਪਾਸ ਕੀਤੀ ਕਿਸੇ ਵੀ ਸੰਵਿਧਾਨਿਕ ਸੋਧ ਨੂੰ ਕਿਸੇ ਕੋਰਟ ਵਿਚ ਵੰਗਾਰਿਆ ਨਹੀਂ ਜਾ ਸਕਦਾ।

3) ਰਾਜ ਸਭਾ ਦੀ ਅਵਧੀ ਖਤਮ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਉਸਨੂੰ ਭੰਗ ਕਰ ਸਕਦਾ ਹੈ।

## 6.11 ਸਾਰਾਂਸ਼ :

ਭਾਰਤੀ ਸੰਸਦ ਵਿੱਚ ਦੋ ਸਦਨ ਪਾਏ ਜਾਂਦੇ ਹਨ - ਲੋਕ ਸਭਾ ਅਤੇ ਰਾਜ ਸਭਾ। ਲੋਕ ਸਭਾ ਇਸਦਾ ਹੇਠਲਾ ਅਤੇ ਸ਼ਕਤੀਸ਼ਾਲੀ ਸਦਨ ਹੈ। ਇਸਦੇ ਮੈਂਬਰ ਸਿੱਧੇ ਤੌਰ 'ਤੇ ਲੋਕਾਂ ਵੱਲੋਂ ਚੁਣੇ ਜਾਂਦੇ ਹਨ। ਰਾਜ ਸਭਾ ਦੇ ਮੈਂਬਰ ਲੋਕਾਂ ਰਾਹੀਂ ਸਿੱਧੇ ਨਹੀਂ ਚੁਣੇ ਜਾਂਦੇ ਸਗੋਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਅਨੁਪਾਤਿਕ ਪ੍ਰਤੀਨਿਧਤਾ ਦੇ ਆਧਾਰ 'ਤੇ ਇਕਹਿਰੀ ਬਦਲਵੀਂ ਵੋਟ ਪ੍ਰਣਾਲੀ ਰਾਹੀਂ ਚੁਣੇ ਜਾਂਦੇ ਹਨ। ਇਸ ਪਾਠ ਵਿੱਚ ਤੁਸੀਂ ਦੋਹਾਂ ਸਦਨਾਂ ਦੀਆਂ ਸ਼ਕਤੀਆਂ ਅਤੇ ਕਾਰਜਾਂ ਬਾਰੇ ਵੀ ਜਾਣਕਾਰੀ ਹਾਸਿਲ ਕੀਤੀ ਹੈ। ਭਾਰਤੀ ਸੰਸਦ ਦੇ ਕਿਸੇ ਵੀ ਸਦਨ ਦਾ ਰਾਸ਼ਟਰਪਤੀ ਮੈਂਬਰ ਨਹੀਂ ਹੁੰਦਾ, ਪਰੰਤੂ ਸੰਸਦ ਦੀ ਬਣਤਰ ਵਿੱਚ ਉਸ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

## 6.12 ਸ਼ਬਦਾਵਲੀ :

ਭਾਰਤੀ ਸੰਸਦ - ਰਾਸ਼ਟਰਪਤੀ, ਲੋਕ ਸਭਾ ਅਤੇ ਰਾਜ ਸਭਾ ਦੇ ਸਾਰੇ ਮੈਂਬਰ ਮਿਲਕੇ ਸੰਸਦ ਕਹਾਉਂਦੇ ਹਨ।

ਲੋਕ ਸਭਾ - ਹੇਠਲਾ ਸਦਨ, ਜਿਸ ਨੂੰ House of People ਵੀ ਕਿਹਾ ਜਾਂਦਾ ਹੈ।

ਰਾਜ ਸਭਾ - ਉਪਰਲਾ ਸਦਨ, ਜਿਸ ਨੂੰ House of States ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਰਾਜ ਸਭਾ ਦਾ ਅਧਿਅਕਸ਼ - ਭਾਰਤ ਦਾ ਉਪ-ਰਾਸ਼ਟਰਪਤੀ ਰਾਜ ਸਭਾ ਦਾ (ਆਪਣੇ ਅਹੁਦੇ ਵਜੋਂ) ਅਧਿਅਕਸ਼ ਹੁੰਦਾ ਹੈ।

## 6.13 ਸੁਝਾਈਆਂ ਗਈਆਂ ਪੁਸਤਕਾਂ :

ਪੂਰੀ ਕੇ.ਕੇ. : ਭਾਰਤੀ ਪ੍ਰਸ਼ਾਸਨ

ਸਾਹਿਬ ਸਿੰਘ, ਸਵਿੰਦਰ ਸਿੰਘ : ਭਾਰਤੀ ਪ੍ਰਸ਼ਾਸਨ

ਹਰਬੀਰ ਸਿੰਘ : ਭਾਰਤੀ ਪ੍ਰਸ਼ਾਸਨ

ਘਈ ਯੂ.ਆਰ. : ਭਾਰਤੀ ਰਾਜਨੀਤਕ ਪ੍ਰਣਾਲੀ

ਨੰਦਾ ਐਸ.ਐਸ. : ਭਾਰਤੀ ਰਾਜਨੀਤਕ ਪ੍ਰਣਾਲੀ
ਮਹੇਸ਼ਵਰੀ : ਭਾਰਤੀ ਪ੍ਰਸ਼ਾਸਨ

## 6.14 ਸਵੈ-ਅਭਿਆਸ ਪ੍ਰਸ਼ਨਾਵਲੀ ਦੇ ਉੱਤਰ :

**ਪ੍ਰਸ਼ਨਾਵਲੀ-I**

1) ਲੋਕ ਸਭਾ ਦੇ ਮੈਂਬਰ ਪੰਜ ਸਾਲ ਲਈ ਚੁਣੇ ਜਾਂਦੇ ਹਨ।
2) ਕੋਈ ਵੀ ਵਿਅਕਤੀ, ਜੋ ਭਾਰਤ ਦਾ ਨਾਗਰਿਕ ਹੋਵੇ, ਉਸ ਦੀ ਉਮਰ ਘੱਟੋ-ਘੱਟ 25 ਸਾਲ ਹੋਵੇ, ਉਹ ਕੇਂਦਰੀ ਜਾਂ ਰਾਜ ਸਰਕਾਰ ਦੀ ਕਿਸੇ ਵੀ ਲਾਭਦਾਇਕ ਪਦਵੀ 'ਤੇ ਨਾ ਲੱਗਾ ਹੋਵੇ, ਉਹ ਪਾਗਲ ਜਾਂ ਦੀਵਾਲੀਆ ਨਾ ਹੋਵੇ, ਸੰਸਦ ਦੇ ਕਾਨੂੰਨਾਂ ਦੁਆਰਾ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਕਿਸੇ ਵੀ ਅਦਾਲਤ ਨੇ ਉਸ ਨੂੰ ਇਸ ਪਦਵੀ ਲਈ ਅਯੋਗ ਘੋਸ਼ਿਤ ਨਾ ਕੀਤਾ ਹੋਵੇ, ਲੋਕ ਸਭਾ ਦਾ ਮੈਂਬਰ ਬਣਨ ਲਈ ਚੋਣ ਲੜ ਸਕਦਾ ਹੈ।
3) ਪਾਠ ਸਮੱਗਰੀ ਵਿੱਚ 7.7 ਨੰਬਰ 'ਤੇ ਲੋਕ ਸਭਾ ਦੀਆਂ ਸ਼ਕਤੀਆਂ ਦਾ ਵਿਸਤ੍ਰਿਤ ਉਲੇਖ ਕੀਤਾ ਗਿਆ ਹੈ। ਇਨ੍ਹਾਂ ਦਾ ਧਿਆਨ-ਪੂਰਵਕ ਅਧਿਐਨ ਕਰਨ ਉਪਰੰਤ ਕੋਈ ਤਿੰਨ ਸ਼ਕਤੀਆਂ ਲਿਖੋ।

**ਪ੍ਰਸ਼ਨਾਵਲੀ-II**

1) ਰਾਜ ਸਭਾ ਦਾ ਅਧਿਅਕਸ਼ ਉਪ-ਰਾਸ਼ਟਰਪਤੀ ਹੁੰਦਾ ਹੈ।
2) ਪਾਠ ਵਿੱਚ 7.9 ਹੇਠ ਦਿੱਤੀਆਂ ਰਾਜ ਸਭਾ ਦੀਆਂ ਸ਼ਕਤੀਆਂ ਵਿੱਚੋਂ ਕੋਈ ਦੋ ਲਿਖੋ।
3) ਜੀ ਨਹੀਂ, ਰਾਸ਼ਟਰਪਤੀ ਲੋਕ ਸਭਾ ਜਾਂ ਰਾਜ ਸਭਾ ਦਾ ਮੈਂਬਰ ਨਹੀਂ ਹੁੰਦਾ, ਪਰੰਤੂ ਭਾਰਤੀ ਸੰਸਦ ਦਾ ਉਹ ਮਹੱਤਵਪੂਰਨ ਹਿੱਸਾ ਹੈ।

**ਪ੍ਰਸ਼ਨਾਵਲੀ-III**

1) ਗਲਤ 2) ਗਲਤ 3) ਗਲਤ

Type Setting :
Department of Distance Education, Punjabi University, Patiala.